# ਡਾਇਰੈਕਟੋਰੇਟ ਆਫ਼ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਨ
## Directorate of Distance & Online Education
# ਯੂਨੀਵਰਸਿਟੀ ਆਫ਼ ਜੰਮੂ, ਜੰਮੂ
University of Jammu, Jammu

# ਪਾਠ ਸਮੱਗਰੀ
**STUDY MATERIAL**

## M.A. SEMESTER I
## ਐਮ. ਏ. ਸੈਮੈਸਟਰ I

**SESSION : 2023 ONWARDS**

| | | |
|---|---|---|
| **Subject : Punjabi** | | **Lesson : 1-13** |
| ਵਿਸ਼ਾ : ਪੰਜਾਬੀ | **ਪੰਜਾਬੀ ਸਾਹਿਤ ਦਾ ਇਤਿਹਾਸ** | ਲੈਸਨ : 1-13 |
| **Course No. : Pbi104** | | **Unit : 1-4** |
| ਕੋਰਸ ਨੰਬਰ : ਪੀ ਬੀ ਆਈ104 | | ਯੂਨਿਟ : 1-4 |


**ਡਾ. ਰਾਜਬੀਰ ਸਿੰਘ ਸੋਢੀ**

**Dr. RAJBER SINGH SODHI**

**ਕੋਰਸ ਕੋਆਰਡੀਨੇਟਰ**

*Course Coordinator*



ਇਸ ਅਧਿਐਨ ਸਮੱਗਰੀ ਦਾ ਲੇਖਕ/ਕਾਪੀਰਾਈਟ ਡਿਸਟੈਂਸ ਐਜੂਕੇਸ਼ਨ ਡਾਇਰੈਕਟੋਰੇਟ ਹੈ,
ਜੰਮੂ ਯੂਨੀਵਰਸਿਟੀ, ਜੰਮੂ-180006 ਦੇ ਕੋਲ ਸੁਰੱਖਿਅਤ ਹੈ।



*http ://www.distanceeducationju.in*

*Printed and published on behalf of the Directorate of Distance & Online Education, University of Jammu, Jammu by the Director, DD&OE, University of Jammu, Jammu*

# PUNJABI SAHIT DA ITHAAS


- ***COURSE CONTRIBUTOR :***
  **Dr. Manjeet Singh**
  **Assistant Professor**
  **Kunjawani Jammu**

- ***CONTENT EDITING/FORMATE READING :***
  **Prof. Baljeet Kour**
  Convenor/H.O.D Punjabi
  P.G. Deptt. Punjabi
  **Dr. Rajber Singh Sodhi**
  Assistant Professor
  DD&OE
  University of Jammu



© Directorate of Distance & Online Education, University of Jammu, 2023.

- All rights reserved. No part of this work may be reproduced in any form, by mimeograph or any other means, without permission in writing from the DD&OE, University of Jammu.
- The script writer shall be responsible for the lesson/script submitted to the DD&OE and any plagiarism shall be his/her entire responsibility.



- ***Print by : Classic Printers / 2023 / 200***

# ਤਤਕਰਾ

**ਯੂਨਿਟ**-1

1. ਪੂਰਵ ਨਾਨਕ ਕਾਲ ਦਾ ਆਦਿ ਬਿੰਦੂ ਜਾ ਆਰੰਭ 3
2. ਨਾਥ ਜੋਗੀਆਂ ਦਾ ਕਾਵਿ 7
3. ਸੂਫ਼ੀ ਕਾਵਿ ਪਰੰਪਰਾ 14
4. ਭਗਤੀ ਕਾਵਿ ਪਰੰਪਰਾ 19

**ਯੂਨਿਟ**-2

1. ਵਾਰ 27

**ਯੂਨਿਟ**-3

1. ਗੁਰਮਤਿ ਕਾਵਿ 34
2. ਗੁਰੂ ਨਾਨਕ ਦੇਵ ਜੀ 41
3. ਗੁਰੂ ਅਰਜਨ ਦੇਵ ਜੀ 49
4. ਭਾਈ ਗੁਰਦਾਸ ਜੀ 55
5. ਗੁਰੂ ਗ੍ਰੰਥ ਸਾਹਿਬ ਜੀ ਦਾ ਸਭਿਆਚਾਰਕ ਅਤੇ ਇਤਿਹਾਸਕ ਮਹਤਵ 64
6. ਜਨਮਸਾਖੀ ਪਰੰਪਰਾ (1700 ਈ. ਤੋਂ 1800 ਈ. ਤੱਕ) 74

**ਯੂਨਿਟ**-4

1. ਵਾਰਿਸ਼ ਕਾਲ ਦਾ ਕਿੱਸਾ ਸਾਹਿਤ 80
2. ਵਾਰਿਸ਼ ਕਾਲ ਦਾ ਸੁਫੀ ਸਾਹਿਤ 97

# ਪੂਰਵ ਨਾਨਕ ਕਾਲ ਦਾ ਆਦਿ ਬਿੰਦੂ ਜਾ ਆਰੰਭ

**Structure :**

1.1 **Objective (ਉਦੇਸ਼)**

1.2 **Introduction (ਜਾਣ-ਪਛਾਣ)**

1.3 **Content Section (ਵਿਸ਼ਾ ਪੱਖ)**

1.4 **Summary (ਨਿਸ਼ਕਰਸ਼)**

1.5 **Glossary (ਔਖੇ ਸ਼ਬਦਾਂ ਦੇ ਅਰਥ)**

1.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

1.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

1.8 **Suggested Reading (ਸਹਾਇਕ ਪੁਸਤਕ ਸੂਚੀ)**

## 1.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪੂਰਵ ਨਾਨਕ ਕਾਲ ਦੇ ਆਦਿ ਬਿੰਦੂ ਬਾਰੇ ਦਸਿਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਦਾ ਮੁੱਢ ਕਿਥੋਂ ਬਝਦਾ ਹੈ ਇਸ ਬਾਰੇ ਵੱਖ-ਵੱਖ ਵਿਦਵਾਨਾਂ ਦੀ ਵੱਖ ਵੱਖ ਰਾਏ ਹੈ। ਇਸ ਲਈ ਜਦੋਂ ਅਸੀਂ ਪੰਜਾਬੀ ਸਾਹਿਤ ਦੇ ਆਦਿ ਬਿੰਦੂ ਵਾਰੇ ਚਰਚਾ ਕਰਦੇ ਹਾਂ ਤਾਂ ਸਾਨੂੰ ਇਨ੍ਹਾਂ ਸਾਰਿਆਂ ਵਿਦਵਾਨਾਂ ਦੇ ਵਿਚਾਰਾਂ ਨੂੰ ਨਾਲ ਲੈ ਕੇ ਇਸ ਦਾ ਅਧਿਐਨ ਕਰਦੇ ਹਾਂ। ਜਿਵੇਂ ਕਿ:-

## 1.2 Introduction (ਜਾਣ-ਪਛਾਣ)

ਪੂਰਵ ਨਾਨਕ ਕਾਲ ਦਾ ਆਦਿ ਬਿੰਦੂ ਬਾਰੇ ਵਿਦਵਾਨਾਂ ਵਿਚ ਇਸ ਗਲ ਉੱਤੇ ਮਤ-ਭੇਦ ਹੈ ਕਿ ਪੰਜਾਬੀ ਸਾਹਿਤ ਦਾ ਮੁੱਢ ਕਦੋ ਬੱਝਾ? ਅੱਜ ਤੋਂ ਅਸੀ ਸਾਲ ਪਹਿਲਾਂ ਤਕ ਏਹੀ ਵਿਚਾਰ ਪ੍ਰਚਿਲਤ ਸੀ ਕਿ ਪੰਜਾਬੀ ਸਾਹਿਤ ਅਸਲ ਵਿਚ ਗੁਰੁ ਨਾਨਕ ਦੇਵ ਜੀ ਦੀ ਬਾਣੀ ਤੋਂ ਹੀ ਸ਼ੁਰੂ ਹੁੰਦਾ ਹੈ। ਇਹ ਵਿਚਾਰ ਸ਼ਾਇਦ ਧਾਰਮਿਕ ਸੰਸਕਾਰਾਂ ਜਾਂ ਇਸ ਬੰਨੇ ਖੋਜ ਦੀ ਘਾਟ ਕਰ ਕੇ ਬਣੇ ਸਨ। ਕਈ ਹੋਰ ਵਿਦਵਾਨ ਜੋ ਸ਼੍ਰੀ ਗੁਰੁ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਫਰੀਦ ਸ਼ਕਰਗੰਜ ਦੀ ਹੀ ਮੰਨਦੇ ਹਨ ਉਹ ਇਹ ਕਹਿ ਦਿੰਦੇ ਸਨ ਕਿ ਪੰਜਾਬੀ ਸਾਹਿਤ ਦਾ ਮੁੱਢ ਮੁਸਲਮਾਨਾ ਦੇ ਆਉਣ ਨਾਲ ਬੱਝਦਾ ਹੈ। ਡਾ. ਮੋਹਨ ਸਿੰਘ ਅਨੁਸਾਰ ਪੰਜਾਬੀ ਸਾਹਿਤ ਅੱਠਵੀ-ਨੌਵੀਂ ਸਦੀ ਵਿਸ ਲਿਖਿਆ। ਇਸ ਰਾਏ ਦੇ ਹਾਮੀ ਭਾਵਾ ਬੁੱਧ ਸਿੰਘ, ਡਾ. ਲ਼ਾਜਵੰਤੀ ਤੇ ਭਾਈ ਕਾਨ੍ਹ ਸਿੰਘ ਹਨ। ਅਸਾਂ ਉਪਰੋਕਤ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਸਦੀ ਪੂਸ਼ਟੀ ਲਈ ਹੇਠ ਲਿਖੀਆਂ ਦਲੀਲਾ ਦਿੱਤੀਆਂ ਜਾ ਸਕਦੀਆ ਹਨ:-

## 1.3 Content Section (ਵਿਸ਼ਾ ਪੱਖ)

ਪ੍ਰਸਿਧ ਭਾਸ਼ਾ ਵਿਗਆਨੀ ਰਾਹਲ ਸੰਕਰਤਾਇਨ ਦਾ ਕਥਨ ਹੈ ਕਿ ਦੇਸੀ ਬੋਲੀਆਂ ਅਠਵੀ ਸਦੀ ਤਕ ਸਾਹਿਤ ਵਿਚ ਪ੍ਰਵੇਸ਼ ਕਰ ਚੁੱਕੀਆਂ ਸਨ। ਜੇ ਸਾਡੀ ਬੋਲੀ ਇਸ ਸਮੇਂ ਤਕ ਪੈਦਾ ਹੋ ਚੁਕੀ ਸੀ ਤਾਂ ਫਿਰ ਇਸ ਸਾਹਿਤ ਦੇ ਰਚੇ ਜਾਣ ਦੀ ਸੰਭਾਵਨਾ ਕਿਵੇਂ ਨਹੀ ਸੀ। ਜੇ ਡਾ. ਮੋਹਨ ਸਿੰਘ ਦੇ ਇਸ ਸਿਧਾਂਤ ਨੂੰ ਮਨ ਲਈਏ ਕਿ ਅਪਭ੍ਰੰਸ਼ ਨਾਂ ਹੀ ਦੇਸੀ ਬੋਲੀਆਂ ਦਾ ਸੀ ਤਾਂ ਪੰਜਾਬੀ ਸਾਹਿਤ ਦੀ ਉਤਪਤੀ ਦਾ ਸਮਾਂ ਇਸ ਤੋਂ ਵੀ ਪਹਿਮਾਂ ਲਿਜਾਇਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਅਠਵੀਂ ਨੌਵੀਂ ਸਦੀ ਵਿਚ ਇਕਦਮ ਪੈਦਾ ਨਹੀ ਸੀ ਹੋ ਗਈ। ਇਸ ਨੇ ਹੌਲੀਂ ਹੌਲੀਂ ਵਿਕਾਸ ਕੀਤਾ। ਅਤੇ ਕਈ ਪੜਾਵਾਂ ਵਿਚੋ ਦੀ ਲੰਘ ਕੇ ਏਸ ਦਸ਼ਾ ਤਕ ਪੁਜੀ। ਇਕ ਬੰਨੇ ਵੈਦਿਕ-ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅੱਪਭ੍ਰੰਸ਼ ਦਾ ਵਿਸ਼ਾਲ ਸਾਹਿਤ ਸੀ, ਜੋ ਰੂਪ ਦੇ ਪੱਖ ਤੋਂ ਬੜਾ ਨਿਪੁੰਨ, ਪਕੇਰਾ ਤੇ ਅਨੂਪ ਸੀ। ਇਸ ਸਾਹਿਤ ਦਾ ਵਸਤੂ ਦਾਰਸ਼ਨਿਕ ਅਧਿਆਤਮਕ ਤੇ ਕਾਲਪਨਿਕ ਪੱਖ ਤੋ ਬੜਾ ਵਿਸ਼ਾਲ, ਓਤਮ ਤੇ ਆਦਰਯੋਗ ਸੀ।ਰਾਮਾਇਣ ਤੇ ਮਹਾਂਭਾਰਤ ਜਿਹੇ ਮਹਾਂ ਕਾਵਿ, ਕਾਲੀਦਾਸ ਤੇ ਭਾਸ਼ ਜਿਹੇ ਉਤਮ ਨਾਟਕਕਾਰਾਂ ਦੀਆਂ ਰਚਨਾਵਾਂ, ਸਾਰੀਆਂ ਹੀ ਇਸ ਸਮੇਂ ਤੋਂ ਪਹਿਲਾਂ ਪੈਦਾ ਹੋ ਚੁਕੀਆ ਸਨ। ਦੂਜੇ ਪਾਸੇ ਅਰਬੀ, ਫਾਰਸੀ ਤੇ ਤੁਰਕੀ ਆਦਿ ਬੋਲੀਆਂ ਦਾ ਸਾਹਿਤ ਸੀ। ਰੂਪ ਤੇ ਵਿਸ਼ੇ ਦੇ ਪੱਖ ਤੋਂ ਬਹੁਤ ਕੁੱਝ ਅਸੀ ਇਨ੍ਹਾਂ ਕੋਲੋ ਵੀ ਵੀ ਲਿਆ ਹੈ। ਖਾਸ ਕਰਕੇ ਪੰਜਾਬੀ ਤੇ ਮੁਸਲਮਾਨਾਂ ਸਾਹਿਤਕਾਰਾਂ ਦੀਆਂ ਰਚਨਾਵਾਂ ਉਤੇ ਤਾਂ ਇਨ੍ਹਾਂ ਭਾਸ਼ਾਵਾਂ ਦਾ ਬਹੁਤ ਜ਼ਿਆਦਾ ਅਸਰ ਹੈ। ਭਾਵੇ ਇਹ ਅਸਰ ਸਾਹਿਤ ਦੇ ਪਰਾਰੰਭਕ ਕਾਲਾਂ ਵਿਚ ਏਨਾ ਨਹੀਂ ਪਿਆ, ਜਿੰਨਾਂ ਇਸ ਤੋਂ ਪਿਛਲੇ ਕਾਲਾਂ ਵਿਚ, ਪ੍ਰੰਤੂ ਇਹ ਮਨਣਾ ਹੀ ਪੈਂਦਾ ਹੈ ਕਿ ਇਹ ਵੀ

ਪੰਜਾਬੀ ਸਾਹਿਤ ਦੇ ਪਹਿਲੇ ਵਿਰਸਿਆਂ ਵਿਚੋ ਹੀ ਹਨ। ਸੋ ਇਹ ਗਲ ਸੁਸ਼ਟ ਹੈ ਕਿ ਬਹੁਤ ਸਮੇਂ ਤਕ ਪੰਜਾਬੀ ਸਾਹਿਤਕਾਰ ਪੁਰਾਣੇ ਵਿਸ਼ਿਆਂ ਦੇ ਆਧਾਰ ਤੇ ਪੰਜਾਬੀ ਵਿਚ ਰਚਨਾਵਾਂ ਰਚਦੇ ਰਹੇ ਜਾਂ ਫੇਰ ਉਨ੍ਹਾਂ ਹੀ ਕਾਵਿ ਰੂਪਾਂ ਵਿਚ ਨਵੇਂ ਵਿਸ਼ਿਆਂ ਨੂੰ ਢਾਲਦੇ ਰਹੇ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬਾਬਾ ਫ਼ਰੀਦ ਸ਼ਕਰਗੰਜ ਖਾਸ ਮਹਤੱਤਾ ਰਖਦੇ ਹਨ। ਉਨ੍ਹਾਂ ਦੇ ਰਚੇ ਸਾਹਿਤ ਨੂੰ ਵੇਖਕੇ ਇਕ ਪ੍ਰਕਾਰ ਦੀ ਹੈਰਾਨੀ ਹੁੰਦੀ ਹੈ ਕਿ ਕਿਵੇਂ ਪੰਜਾਬੀ ਸਾਹਿਤ ਦੀ ਉਤਪਤੀ ਦੇ ਪਹਿਲੇ ਦੌਰ ਵਿਚ ਹੀ ਸਾਡੀ ਕਵਿਤਾ ਬੋਧਿਕ ਤੇ ਰੂਪਕ ਪੱਖ ਤੋ ਇਤਨੀ ਪਕੇਰੀ ਤੇ ਨਿਪੁੰਨ ਬਣ ਚੁਕੀ ਸੀ। ਭਾਵੇ ਇਹ ਠੀਕ ਹੈ ਕਿ ਸੰਸਕ੍ਰਿਤ ਤੇ ਅਰਬੀ ਫਾਰਸੀ ਦੇ ਸਾਹਿਤਾਂ ਵਿਚ ਪਕੇਰਾਪਨ ਤੇ ਪ੍ਰਤਿਭਾਂ ਇਸ ਤੋਂ ਕਈ ਸਦੀਆਂ ਪਜਿਲੋਂ ਦ੍ਰਿਸ਼ਟੀਮਾਨ ਸੀ, ਪ੍ਰੰਤੂ ਕਿਸੇ ਨਵੀਂ ਭਾਸ਼ਾ ਦੇ ਇਤਿਹਾਸ ਵਿਚ ਇਹ ਗਲ ਵੇਖਕੇ ਹੀ ਨਿਸ਼ਚਾ ਹੁੰਦਾ ਹੈ ਕਿ ਹੋਰ ਲਿਖਾਰੀਆਂ ਤੇ ਸਾਹਿਤਕਾਰਾਂ ਦੇ ਹਥਾਂ ਦੀ ਛੂਹ ਤੇ ਘਾਂਲਣਾ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਇਸ ਪੱਧਰ ਤਕ ਅਪੜਾਇਆਂ। ਕਿਸੇ ਭਾਸ਼ਾ ਰਾਹੀਂ ਓਚੇਰੇ ਭਾਵ ਪ੍ਰਗਟਾਉਣ ਲਈ ਉਸ ਭਾਸ਼ਾ ਦੀ ਉਨਤੀ ਪ੍ਰਫੁਲਤ ਤੇ ਅਮੀ੍ ਦੇ ਉਚੇ ਪੱਧਰ ਦੀ ਲੋੜ ਹੁੰਦੀ ਹੈ ਅਤੇ ਇਹ ਚੀਜ਼ ਇਕਦਮ ਮੰਭਵ ਨਹੀ।

### 1.4 Summary (ਨਿਸ਼ਕਰਸ਼)

ਡਾ. ਮੋਹਨ ਸਿੰਘ ਤੇ ਹੋਰ ਲੇਖਕਾਂ ਨੇ ਇਸ ਪ੍ਰਮਾਣ ਨੂੰ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਤੋਂ ਪਹਿਲਾਂ ਦੇ ਸਾਹਿਤ ਉਤੇ ਘਟਾਇਆ ਹੈ। ਪਰ ਅਸੀ ਇਸ ਪ੍ਰਮਾਣ ਨੂੰ ਬਾਬਾ ਫ਼ਰੀਦ ਓ ਲਾਗੂ ਲਰਦੇ ਹਾਂ। ਕਾਰਨ ਇਸਦਾ ਇਹ ਹੈ ਕਿ ਡਾ. ਸਾਹਿਬ ਦੇ ਇਤਿਹਾਸ ਲਿਖਣ ਸਮੇਂ ਤਕ ਇਹ ਚਰਚਏ ਸੀ ਕਿ ਪੰਜਾਬੀ ਸਾਹਿਤ ਦਾ ਮੁੱਢ ਗੂਰੂ ਨਾਨਕ ਦੇਵ ਜੀ ਦੇ ਵੇਲੇ ਬੱਝਾ ਜਾਂ ਉਨ੍ਹਾਂ ਤੋਭ ਪਹਿਲਾਂ? ਪਰ ਅਜ ਜਦੋ ਇਹ ਸਿੱਧ ਹੋ ਗਿਆ ਹੈ ਕਿ ਸ਼੍ਰੀ ਗੁਰੁ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਬਾ ਫਰੀਦ ਤੋਂ ਪਹਿਲਾਂ ਵੀ ਪੰਜਾਬੀ ਵਿਚ ਸਾਹਿਤ ਮੌਜੂਦ ਸੀ। ਸੋ ਓਪਰੋਕਤ ਦਲੀਲਾ ਦੇ ਆਧਾਰ ਤੇ ਪੰਜਾਬੀ ਸਾਹਿਤ ਦਾ ਮੁੱਢ ਅਠਵੀਨ ਨੌਂਵੀਨ ਸਦੀ ਵਿਚ ਨਾਥ ਜੋਗੀਆਂ ਦੇ ਰਚੇ ਸਾਹਿਤ ਤੋਂ ਹੀ ਮੰਨਿਆ ਜਾ ਸਕਦਾ ਹੈ।

### 1.5 Glossary (ਔਖੇ ਸ਼ਬਦਾਂ ਦੇ ਅਰਥ)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

### 1.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਪੁਰਵ ਨਾਨਕ ਕਾਲ ਦਾ ਸਮਾਂ ਕਿਥੋਂ ਸੁਰੂ ਹੁੰਦਾ ਹੈ।
2. ਪੰਜਾਬੀ ਸਾਹਿਤ ਵਿਚ ਪਹਿਲਾ ਸੂਫੀ ਕੋਣ ਹੈ।

3. ਕਿਸ ਸੂਫੀ ਕਵੀ ਦੇ ਨਾਮ ਨਾਲ ਸ਼ਕਰਗੰਜ ਲਗਦਾ ਹੈ।

4. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋ ਹੋਇਆ।

5. ਪੰਜਾਬੀ ਸਾਹਿਤ ਦੇ ਦੋ ਮਹਾਂਕਾਵਿ ਦੇ ਨਾਮ ਦਸੋ।

## 1.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਪੰਜਾਬੀ ਸਾਹਿਤ ਦੇ ਅਰੰਭ ਬਾਰੇ ਚਰਚਾ ਕਰੋ।

________________________________________

________________________________________

________________________________________

________________________________________

2. ਬਾਬਾ ਫ਼ਰਦਿ ਜੀ ਦਾ ਪੰਜਾਬੀ ਸਾਹਿਤ ਵਿਚ ਯੋਗਦਾਣ ਦਸੋ।

________________________________________

________________________________________

________________________________________

________________________________________

## 1.8 Suggested Reading (ਸਹਾਇਕ ਪੁਸਤਕ ਸੂਚੀ)

1. ਪ੍ਰੋ. ਬ੍ਰਹਮਜਗਦੀਸ਼ ਸਿੰਘ, “ਪੰਜਾਬੀ ਸਾਹਿਤ ਦਾ ਇਤਿਹਾਸ”, ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007

2. ਡਾ. ਪਰਮਿੰਦਰ ਸਿੰਘ, “ਪੰਜਾਬੀ ਸਾਹਿਤ ਦਾ ਇਤਿਹਾਸ”,

3. ਡਾ. ਰਾਜਿੰਦਰ ਸਿੰਘ ਸੇਖੋਂ, “ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ” ਲਾਹੌਰ ਬੁੱਕ ਲੁਧਿਆਣਾ, 2007

# ਨਾਥ ਜੋਗੀਆਂ ਦਾ ਕਾਵਿ

**Structure :**

2.1 **Objective (ਉਦੇਸ਼)**

2.2 **Introduction (ਜਾਣ-ਪਛਾਣ)**

2.3 **Content Section (ਵਿਸ਼ਾ ਪੱਖ)**

2.4 **Summary (ਨਿਸ਼ਕਰਸ਼)**

2.5 **Glossary (ਔਖੇ ਸ਼ਬਦਾਂ ਦੇ ਅਰਥ)**

2.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

2.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

2.8 **Suggested Reading (ਸਹਾਇਕ ਪੁਸਤਕ ਸੂਚੀ)**

## 2.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਪੂਰਵ ਨਾਨਕ ਕਾਲ ਦੇ ਨਾਥ ਜੋਗੀਆਂ ਦੇ ਕਾਵਿ ਦੀ ਗਲ ਕੀਤੀ ਗਈ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾਥਾਂ ਜੋਗੀਆਂ ਦਾ ਮੁੱਢ ਕਿਥੋਂ ਬਝਦਾ ਹੈ ਅਤੇ ਇਨ੍ਹਾਂ ਦੀ ਪੰਹਾਬੀ ਸਾਹਿਤ ਦੇ ਇਤਿਹਾਸ ਵਿਚ ਕੀ ਯੋਗਦਾਨ ਹੈ। ਇਸ ਲਈ ਜਦੋਂ ਅਸੀਂ ਪੰਜਾਬੀ ਸਾਹਿਤ ਬਾਰੇ ਚਰਚਾ ਕਰਦੇ ਹਾਂ ਤਾਂ ਨਾਥ ਜੋਗੀਆਂ ਦਾ ਕਾਵਿ ਨਾਲ ਹੀ ਸਾਹਿਤ ਦਾ ਆਰੰਭ ਹੁੰਦਾ ਹੈ। ਜਿਵੇਂ ਕਿ:-

## 2.2 Introduction (ਜਾਣ-ਪਛਾਣ)

ਨਾਥ ਸੰਪਰਦਾਇ ਦਾ ਹਰ ਕੋਈ ਸਿੱਧ, ਜੋਗੀ ਸਾਧੂ, ਸੰਤ ਆਪਣੇ ਆਪ ਨੂੰ ਆਦਿ ਨਾਥ ਦੇ ਮੱਤ ਦਾ ਸਮਰਥਕ ਤੇ ਉਪਾਸਕ ਸਮਝਦੇ ਹਨ। ਡਾ. ਮੋਹਨ ਸਿੰਧ ਅਨੁਸਾਰ ਪੰਜਾਬੀ ਦਾ ਸਾਹਿਤ ਨਾਥਾਂ ਜੋਗੀਆਂ ਤੋਂ ਸੁਰੂ ਹੁੰਦਾ ਹੈ। ਸਿਹ ਸਿੱਧ ਜੋਗੀ ਤੇ ਨਾਥ 8ਵੀਂ ਸਦੀ ਵਿਚ ਉਤਰ-ਪੱਛਮੀ ਭਾਰਤ ਵਿਚ ਫੈਲੇ ਹੋਏ ਹਨ। ਨਾਥ ਮੱਤ ਨੂੰ ਇਲੋ ਮੰਨਦਿਆਂ ਹਜਾਰੀ ਪ੍ਰਸਾਦ ਦ੍ਵਿਵੇਸੀ ਨੇ ਨਾ ਦਾ ਅਰਥ ਅਨਾਦ ਰੂਪ ਅਤੇ ਥ ਦਾ ਅਰਥ ਸਤਾਪਤ ਹੋਣਾ ਦਿਸਆ ਹੈ ਇਸ ਤਰ੍ਹਾਂ ਨਾਥ ਮੱਤ ਦਾ ਸਪਸ਼ਟ ਅਰਥ, ਓਹ ਅਨਾਦ ਪਰਮ ਹੈ ਜੋ ਤ੍ਰਿਲੋਕੀ ਦੀ ਸਥਾਪਤੀ ਦਾ ਕਾਰਣ ਹੈ। ਜੋਗ ਮੱਤ ਦੇ ਆਰੰਭ ਬਾਰੇ ਵਿਧਵਾਨਾਂ ਵਿਚ ਕਾਫੀ ਮੱਤ-ਭੇਦ ਹੈ। ਜੋਗ ਦਾ ਅਰਥ ਹੈ ਜੁੜਨਾ। ਜੋਗ ਮਤ ਨੇ ਸਮਾਜਿਕ ਖੇਤਰ ਵਿਚ ਵੀ ਕਾਫੀ ਸੁਧਾਰ ਲਿਆਦੇ ਹਨ। ਉਨ੍ਹਾਂ ਨੇ ਮੇਲਿਆਂ ਤੇ ਲੰਗਰ ਦਾ ਰਿਵਾਜ ਚਲਾਇਆ ਤੇ ਰਾਜਿਆਂ ਵਿਚੋਂ ਆਯਾਸ਼ੀ ਦੂਰ ਕਰਕੇ ਉਨਹਾਂ ਨੂੰ ਆਪਣੇ ਸ਼ਿਸ਼ ਬਣਾਇਆ।

ਕੁਝ ਵਿਦਵਾਨਾ ਜੋਗੀਆਂ ਦੁਆਰਾ ਰਚੇ ਸਾਹਿਤ ਨੂੰ ਪੰਜਾਬੀ ਮਨਣ ਤੋਂ ਇਨਕਾਰ ਕਰਦੇ ਹਨ ਕਿਉਕਿ ਹਿੰਦੀ ਸਾਹਿਤ ਵਾਲੇ ਵੀ ਆਪਣੇ ਸਾਹਿਤ ਦਾ ਆਰੰਭ ਇਹਨਾਂ ਜੋਗੀਆਂ ਦੀਆਂ ਰਰਨਾਵਾਂ ਤੋਂ ਹੀ ਮੰਨਦੇ ਹਨ।

## 2.3 Content Section (ਵਿਸ਼ਾ ਪੱਖ)

ਪੰਜਾਬੀ ਸਾਹਿਤ ਦੇ ਪੂਰਵ ਨਾਨਕ ਕਾਲ ਵਿਚ ਨਾਥਾਂ ਸਿੱਧਾਂ ਦੀਆਂ ਰਚਨਾਵਾਂ ਦੀ ਚਰਚਾ, ਪਹਿਲੀ ਵਾਰ ਡਾ. ਮੋਹਨ ਸਿੰਘ ਦੀਵਾਨਾ ਰਾਹੀ ਆਰੰਭ ਹੁੰਦੀ ਹੈ। ਪ੍ਰੰਤੂ ਉਦੋਂ ਮੋਹਨ ਸਿੰਘ ਦੀਵਾਨਾ ਦੇ ਸੰਕੇਤ ਮਾਤਰ ਹਵਾਲੇ ਹੀ ਦਿੱਤੇ ਹਨ। ਇਹਨਾਂ ਸੰਕੇਤਾਂ ਨੂੰ ਸਨਮੁਖ ਰਖਦਿਆਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾਥਾਂ ਸਿੱਧਾਂ ਬਾਰੇ ਕਈ ਵਾਦ-ਵਿਵਾਦ ਓਤਪੁੰਨ ਹੋਏ। ਇਹਨਾਂ ਵਾਦ-ਵਾਦ-ਵਿਵਾਦ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਲਈ ਉਸਾਰੂ ਕੰਮ ਹੋਇਆ ਹੈ। ਡਾ. ਮੋਹਨ ਸਿੰਘ ਦਿਵਦਨਏ ਬਾਅਦ ਨਾਥਾਂ ਸਿੱਧਾਂ ਬਾਰੇ ਹੋਰ ਭਾਸ਼ਾਵਾਂ ਦੇ ਆਚਾਰੀਆਂ ਦੇ ਯਤਨ ਸਦਕਾ, ਕਈ ਨਵੀਨ ਉਪਲਬਧੀਆਂ ਦ੍ਰਿਸ਼ਟੀਗੋਚਰ ਹੋਇਆ ਸਨ। ਇਹਨਾਂ ਵਿਚੋਂ ਸੱਭ ਤੋਂ ਪਹਿਲੀ ਸੰਪਾਦਨਾ ਪੀਤਾਬਰ ਦੱਤ ਬੜਖਵਾਲ ਦੀ ਹੈ। ਇਸ ਦੇ ਸੰਪਾਦਿਕ ਗ੍ਰੰਥ ਵਿਚ ਕੇਵਲ ਗੋਰਖ ਬਾਣੀ ਦਰਜ਼ ਹੈ ਓਤੇ ਇਸ ਕਾਰਨ ਇਸ ਦਾ ਨਾਂ ਗੋਰਖ ਬਾਣੀ ਰਖਿਆਂ ਗਿਆ। ਡਾ. ਮੋਹਨ ਸਿੰਗ ਦੀਵਾਨਾ ਨੇ ਦਲੀਲਾ ਨਾਲ ਸਿੱਧ ਕੀਤਾ ਹੈ ਕਿ ਬਹੁਤ ਸਾਰੇ ਉੱਘੇ ਜੋਗੀਆਂ ਦੀਆਂ ਰਚਨਾਵਾਂ ਪੰਜਾਬੀ ਵਿਚ ਹਨ। ਇਹਨਾਂ ਨਾਥਾਂ ਦੀ ਬਾਣੀ ਪੰਜਾਬੀ ਦੇ ਨੇੜੇ ਸੀ। ਇਹ ਪੰਜਾਬੀ ਦੇ ਹੀ ਹਨ। ਇਹਨਾਂ ਦੀ ਭਾਸ਼ਾ ਨੂੰ ਅਸੀ ਪੁਰਤਾਨ ਪੰਜਾਬੀ ਦੇ ਨੇੜੇ ਸੀ। ਇਹ ਪੰਜਾਬੀ ਦੇ ਹੀ

ਹਨ। ਇਹਨਾਂ ਦੀ ਭਾਸ਼ਾ ਨੂੰ ਓਸੋਂ ਪੁਰਾਤਨ ਪੰਜਾਬੀ ਮੰਨਦੇ ਹਾਂ। ਇਹਨਾਂ ਵਿਚੋ ਗੋਰਖ, ਚਰਪਟ, ਚੋਰੰਗੀ ਤੇ ਰਤਨ ਨਾਥ ਆਦਿ ਵਿਸ਼ੇਸ਼ ਕਰਕੇ ਵਰਨਣਯੋਗ ਹਨ।

**ਗੋਰਖ ਨਾਥ:** ਪੰਜਾਬੀ ਸਾਹਿਤ ਦੇ ਪੂਰਵ ਨਾਨਕ ਕਾਲ ਵਿਚ ਗੋਰਖ ਨਾਥ ਦਾ ਨਾਮ ਬਹੁਤ ਮਹੱਤਾ ਰਖਦਾ ਹੈ। ਉਸਦੀ ਜਨਮ ਭੂਮੀ ਵੀ ਪੰਜਾਬ ਹੀ ਹੈ। ਜਿਥੇ ਗੋਰਖ ਨਾਥ, ਨਾਥ ਸਿੱਧ ਸੰਪ੍ਰਦਾ ਨੂੰ ਵਿਗਿਆਨਕ ਸੇਧ ਦੇ ਕੇ ਇਸਦੀ ਲੋਕ-ਪ੍ਰੀਅਤਾ, ਵਧਾਉਦਾ ਹੈ, ਉਥੇ ਪੰਜਾਬੀ ਸਾਹਿਤ ਦਾ ਪ੍ਰਥਮ ਸਾਹਿਤਕਾਰ ਵੀ ਨਿਸ਼ਚਿਤ ਹੁੰਦਾ ਹੈ। ਪਰੰਪਰਾ ਵਿਚ ਦਸਿਆਗਿਆ ਹੈ ਕਿ ਗੋਰਖ ਨਾਥ ਨੇ ਆਪਣੇ ਗੁਰੂ ਮਛੰਦਰ ਨੂੰ ਇਸ ਸੁੰਦਰੀ ਦੇ ਭਰਮਜਾਲ ਵਿਚੋਂ ਕੱਢਿਆ ਸੀ। ਨਾਥ-ਸਿਧ ਸੰਪ੍ਰਦਾ ਵਿਚ ਗੋਰਖਨਾਥ ਦੀ ਲੋਕ-ਪ੍ਰਿਅਤਾ ਅਤੇ ਪ੍ਰਸਿਧੀ ਦਾ ਵਡਾ ਪ੍ਰਮਾਨ, ਚੋਰਾਸੀ ਸਿਧਾਂ ਦੀਆਂ ਸੱਭ ਸੂਚੀਆਂ ਵਿਚ ਇਸ ਦੇ ਨਾਮ ਦੀ ਪ੍ਰਾਪਤੀ ਹੈ। ਇਸ ਤੋਂ ਬਿਨਾ ਬਹੁਤ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਅਤੇ ਨੈਪਾਲੀ ਭਾਸ਼ਾ ਵਿਚ ਵੀ ਗੋਰਖ ਨਾਥ ਸੰਬੰਧੀ ਲੋਕ ਕਥਾਵਾਂ ਪ੍ਰਚਲਿਤ ਹਨ।

ਡਾ. ਮੋਹਨ ਸਿੰਘ ਦੀਵਨਾ, ਗੋਰਖ ਨਾਥ ਨੂੰ ਪਿੰਡ 'ਗੋਰਖਪੁਰ' ਤਹਿਸੀਲ ਗੁਜਰਖਾਨ ਜਿਲਾ ਰਾਵਲਪਿੰਡੀ ਵਿਖੇ ਇਕ ਨੀਵੀਂ ਜਾਤ ਵਿਚ ਪੈਦਾ ਹੋਇਆ ਮੰਨਦਾ ਹੈ। ਪ੍ਰੰਤੂ ਹਜਾਰੀ ਪ੍ਰਸ਼ਾਦ ਦ੍ਵਿਵੇਦੀ ਉਸਨੂੰ ਪੰਜਾਬ ਦਾ ਹੀ ਮੰਨਦਾ ਹੋਇਆ ਬ੍ਰਾਹਮਣ ਕੁਲ ਵਿਚੋ ਦਸਦਾ ਹੈ। ਗੋਰਖ ਨਾਥ ਦੀ ਕਾਲ ਸੀਮਾਂ ਨਿਸ਼ਇਤ ਕਰਨੀ ਇੰਨੀ ਸੌਖੀ ਨਹੀ। ਇਸ ਬਾਰੇ ਵਿਦਵਾਨਾਂ ਵਿਚ ਬਹੁਤ ਮੱਤ-ਭੇਦ ਪ੍ਰਚਿਲਤ ਹਨ। ਡਾ. ਮੋਹਨ ਸਿੰਘ ਦੀਵਾਨਾ, ਗੋਰਖ ਨਾਥ ਨੂੰ ਦਸਵੀਂ ਦਸੀ ਵਿਚ ਹੋਇਆ ਮੰਨਦਾ ਹੈ ਅਤੇ ਇਸਦਾ ਸਮਾਂ 940-1040 ਈ. ਮਿਥਦਾ ਹੈ।

ਲਗਭਗ ਇਹ ਮੱਤ ਸਥਾਪਤ ਹੈ ਕਿ ਗੋਰਖ ਨਾਥ ਮਛੰਦਰ ਨਾਥ ਦਾ ਚੇਲਾ ਸੀ। ਜੋ ਵਿਦਵਾਨ ਗੋਰਖ ਨਾਥ ਨੂੰ ਮਛੰਦਰ ਨਾਥ ਦਾ ਚੇਲਾ ਨਹੀਂ ਮੰਨਦੈ ਉਹ ਮਛੰਦਰ ਨਾਥ ਗੁਰ ਭਾਈ ਸਵੀਕਾਰ ਕਰਦੇ ਹਨ। ਗੋਰਖ ਨਾਥ ਨੇ ਘੋਰ ਤੱਪ ਕੀਤਾਅਤੇ ਯੋਗ ਪੰਥ ਨੂੰ ਸ਼ਿਖਰ ਤੇ ਪਹੁੰਚਾਇਆ। ਗੋਰਖ ਨਾਥ ਨੇ ਲੰਗਰ ਦਾ ਪ੍ਰਵਾਹ ਚਲਾਇਆ। ਗੋਰਖ ਨਾਥ ਨੇ ਵਰਨ-ਭੇਦ ਵੀ ਵਿਰੋਧ ਕੀਤਾ। "ਖਾਟੇ ਝਰੇ ਸਲੂਣੇ ਖਰੇ, ਮੀਠੇ ਉਪਜੇ ਰੋਗ ਕਹੋ ਗੋਰਖ ਸੁਣੇਹ ਸਿੱਧੇ ਅੰਨ ਪਾਣੀ ਜੋਗ"। ਗੋਰਖ ਨੇ ਆਪਣੈ ਰਚਨਾ ਵਿਚ ਇਸਤ੍ਰੀ ਜਾਤੀ ਨੂੰ ਅਨਾਸ਼ੀ ਦਾ ਮੂਲ ਕਾਨ ਸਮਝਿਆ ਹੈ। ਜਿਸ ਕਾਰਨ ਉਹ ਲੋਕਾਂ ਨੂੰ ਇਸਦੀ ਸੰਗਤ ਤੋਂ ਵਰਜਦਾ ਹੈ:-

"ਕਾਮਿ ਕਾਢ ਬਾਘਿਨ ਲੈ ਆਇਆ
ਮਾਉ ਕਹੇ ਮੇਰਾ ਪੁਤ ਵਿਆਹਿਆ
ਗੀਲੀ ਲਖੜੀ ਕੋ ਘੁਣ ਲਾਇਆ
ਤਿੰਨ ਡਾਲ ਮੂਲ ਚੁਣ ਖਾਇਆ"

ਗੋਰਖ ਨਾਥ ਦੀ ਜੋ ਬਾਣੀ ਮਿਲਦੀ ਹੈ ਉਹ ਤਿੰਨ ਤਰ੍ਹਾਂ ਦੀ ਹੈ। ਪਹਿਲੀ ਪ੍ਰਕਾਰ ਦੀ ਸ਼ਲੋਕਾਂ ਜਾ ਸਾਖੀਆਂ ਵਿਚ। ਦੂਜੀ ਪ੍ਰਕਾਰ ਦੀ ਸ਼ਬਦਾਂ ਵਿਚ ਤੇ ਤੀਜੀ ਪ੍ਰਕਾਰ ਦੀ ਉਹਨਾਂ ਨਾਲ ਸੰਬੰਧਤ ਕੁਝ ਰੂਪਾਂ ਵਿਚ ਜਿਵੇ ਸਪਾਵਤਰ, ਤਿੱਖਾਂ ਆਦਿ। ਗੋਰਖ ਦੀ ਬਾਣੀ ਵਿਚ ਕਿਤੇ ਕਿਤੇ ਤਾਂ ਭਾਸ਼ਾ ਵਧੇਰੇ ਪੁਰਾਤਣ ਰੂਪ ਵਾਲੀ ਹੈ ਤੇ ਕਿਓ-ਕਿਓ ਪਿਯਲੇਰੇ ਰੂਪ ਵਾਲੀ ਹੈ ਜਿਵੇਂ-

"ਘੋ ਘਰ ਤਿਆਗ ਕਹਾਵੇ ਜੋਗੀ,
ਘਰ ਵਾਲੀ ਕੋ ਕਹੇ ਜੋ ਜੋਗੀ,
ਅੰਤਰ ਭਾਡ ਨਾ ਪਰਖੇ ਜੋਈ
ਗੋਰਖ ਬੋਲੇ ਮੂਰਖ ਸੋਈ"

**ਚਰਪਟ ਨਾਥ**: ਗੋਰਖ ਨਾਥ ਦੀ ਪ੍ਰਭਾਵਸ਼ਾਲੀ ਸਾਧਨਾ ਨੂੰ ਅਗੇ ਤੋਰਨ ਵਾਲਾ ਚਰਪਟ ਨਾਥ ਹੈ। ਕੁਝ ਗ੍ਰੰਥਾਂ ਵਿਚ ਇਸਦਾ ਨਾਮ ਚਰਪਟੀ ਨਾਥ ਵੀ ਮਿਲਦਾ ਹੈ। ਚਰਪਟ ਨਾਥ ਦੇ ਸਮੇਂ ਤਕ ਨਾਥ-ਸਿੱਧ ਸੰਪ੍ਰਦਾ ਦੀ ਲੋਕ ਪ੍ਰਿਆਤਾ ਇੰਨੀ ਹੋ ਗਈ ਸੀ ਕਿ ਸ਼ਾਸਕੀ ਪੱਧਰ ਉਤੇ, ਇਸਨੂਮ ਸਨਮਾਨ ਦਿਤਾ ਜਾਣ ਲਗ ਪਿਆ ਸੀ। ਇਸਦਾ ਇਤਿਹਾਸਕ ਪ੍ਰਮਾਣ ਚੰਬਾ ਰਿਆਸਤ ਦੇ ਰਾਜੇ ਦਾ ਚਰਪਟ ਨਾਥ ਨੂੰ ਗੁਰੁ ਧਾਰਨ ਕਰਨਾ ਹੈ। ਇਹ ਬੜਾ ਪਕਾ ਜਤੀ-ਸਤੀ ਸੀ। ਇਸਨੇ ਨਿਝਕ ਹੋ ਕੇ ਖਰੀਆਂ-ਖਰੀਆਂ ਸੁਣਾਇਆ ਹਨ। ਭੇਖੀ ਜੋਗੀਆਂ ਦੀ ਨਿੰਦਿਆ ਕੀਓੀ ਹੈ ਅਤੇ ਆਤਮਾ ਜੋਗ ਨੂੰ ਚਲਾਇਆ। ਚਰਪਟ ਨੂੰ ਕਈ ਵਿਦਵਾਨ ਗੋਰਖ ਦਾ ਗੁਰਭਾਰੀ ਤੇ ਕਈ ਗੋਰਖ ਦਾ ਸ਼ਿਸ਼ ਮੰਨਦੇ ਹਨ। ਚਰਪਟ ਵਹਿਮ, ਭਰਮ ਪਾਖੰਡ ਤੇ ਵਿਖਾਵੇ ਦੇ ਵਿਰੁਧ ਸੀ। ਗੋਰਖ ਨਾਲੋ ਚਰਪਟ ਦੀ ਬਾਣੀ ਪੰਜਾਬੀ ਦੇ ਵਧੇਰੇ ਨੇੜੇ ਹੈ। ਉਹ ਭੇਖ ਦਾ ਜੋਗੀ ਨਹੀਨ ਸੀ, ਉਹ ਆਤਮਾ ਦਾ ਜੋਗੀ ਸੀ।

"ਭੇਖ ਜਾ ਜੋਗੀ ਮੈਂ ਨਾ ਕਹਾਓ
ਆਤਮਾ ਦਾ ਜੋਗੀ ਚਰਪਟ ਨਾਉ"।

ਇਹ ਮੰਨਿਆ ਜਾਂਦਾ ਹੈ ਕਿ ਚੰਬੇ ਦੇ ਰਾਜੇ ਸਾਹਿਲ ਵਰਮਾ ਨੇ 980-1080 ਈ. ਦੇ ਲਗਭਗ ਚੰਬਾ ਸ਼ਹਿਰ ਵਸਾਇਓਂ ਅਥੈ 40 ਸਾਲ ਦੇ ਕਰੀਬ ਰਾਜ ਕੀਤਾ। ਇਸ ਉਪਰੰਤ ਉਸਨੇ ਆਪਣੇ ਪੁਤਰ ਯੋਗਾਕਾਰ ਵਝਮਾ ਨੂੰ ਰਾਜ ਸੌਂਪ ਕੇ ਚਰਪਟ ਦਾ ਚੇਲਾ ਬਣ ਗਿਆ। ਇਸ ਤਰ੍ਹਾਂ ਚਰਪਟ ਦਾ ਸਮਾਂ 11ਵੀਂ ਸਦੀ ਦਾ ਸਵੀਕਾਰ ਕੀਤਾ ਜਾਂਦਾ ਹੈ। ਚਰਪਟ ਦੀਆਂ ਤਿੰਨ ਰਚਨਾਵਾਂ ਹਨ-

1) ਸੋਲਾਂ ਸਲੋਕ

2) ਸ਼ਬਦ ਅਤੇ ਸ਼ਲੋਕ

3) ਅਨੰਤਵਾਕਯ

ਅਸੀ ਚਰਪਟ ਨਾਥ ਨੂੰ ਹਾਸ ਰਸ ਦਾ ਮੋਢੀ ਵੀ ਕਹਿੰਦੇ ਹਨ। ਕਟਾਖਸ ਤਿਖਾ ਪਰ ਵਾਸਤਵਿਕ ਹੈ। ਇਸਨੇ ਜੋਗ ਮਤ ਵਿਚ ਫੈਲੀਆਂ ਕੁਰੀਤੀਆਂ ਦਾ ਵਿਰੋਧ ਕੀਤਾ। ਇਸਨੇ ਨਵੇਂ ਸ਼ਬਦ ਸਿਰਜੇ ਹਨ। ਇਸਦੀ ਬਾਣੀ ਵਿਚ ਵੇਗ ਤੇ ਬਹਾਉ ਹੈ। ਇਸਨੇ ਅਰਬੀ-ਫਾਰਸੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ।

**ਚੌਰੰਗੀ ਨਾਥ:** ਪੰਜਾਬੀ ਪਰੰਪਰਾ ਅਨੁਸਾਰ ਚੌਰੰਗੀ ਨਾਥ ਨੂੰ ਪੂਰਨ ਭਗਤ ਹੀ ਮੰਨਿਆ ਜਾਂਦਾ ਹੈ। ਪੂਰਨ ਭਗਤ ਦੀ ਪ੍ਰਸਿਧ ਗਾਥਾ ਨੂੰ ਕਿਸਾਕਾਰ ਕਾਦਰਯਾਰ ਨੇ 19ਵੀ ਸਦੀ ਦੇ ਪਹਿਲੇ ਅੱਧ ਵਿਚ ਪੰਜਾਬੀ ਵਿਚ ਬਿਆਨਿਆ ਅਤੇ ਪੂਰਨ ਭਗਤ ਨੂੰ ਗੋਰਖ ਨਾਥ ਕੋਲੋ ਜੋਗ ਦਵਾਇਆ ਦੱਸਿਆ ਹੈ। 'ਪ੍ਰਾਣ ਸੰਗਲੀ' ਦੇ ਆਧਾਰ ਤੇ ਪਤਾ ਲਗਦਾ ਹੈ ਕਿ ਚੌਰੰਗੀ ਨਾਥ ਸਿਆਲਕੋਟ ਦੇ ਰਾਜੇ ਸਲਵਾਨ ਦਾ ਪੁਤਰ ਸੀ ਅਤੇ ਗੋਰਖਨਾਥ ਦਾ ਗੁਰਭਾਈ ਤੇ ਮਛੰਦਰ ਦਾ ਚੇਲਾ ਸੀ। ਇਸਦਾ ਸਮਾਂ 1000 ਤੋਂ 1200 ਦੇ ਵਿਚਕਾਰ ਹੈ। ਇਹਨਾਂ ਦੀ ਤਿੰਨ ਰਚਨਾਵਾਂ ਹਨ।

1) ਪ੍ਰਾਣ ਸੰਗਲੀ

2) ਸ਼ਬਦ

3) ਸ਼ਲੋਕ

ਚੌਰੰਗੀ ਨਾਥ ਦੀ ਭਾਸ਼ਾ ਉਪਰ ਅਪਭ੍ਰੰਸ਼ ਦਾ ਵਦੇਰੇ ਪ੍ਰਭਾਂਵ ਦਿਸਦਾ ਹੈ ਜਿਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸਦਾ ਕਾਲ 1000 ਈ. ਤੋਂ ਪਹਿਲਾਂ ਦਾ ਹੈ। ਰਾਜਾ ਰਸਾਲੂ ਨੂੰ ਪੂਰਨ ਭਗਤ ਦਾ ਮਤਰੇਇਆ ਭਰਾ ਸਮਝ ਕੇ, ਇਸਦਾ ਸਮਾਂ 11ਵੀ ਸਦੀ ਦਾ ਦੂਜਾ ਅੱਧ ਹੀ ਮਨਣਾ ਵਧੇਰੇ ਉਚਿਤ ਹੈ।

ਰਤਨ ਨਾਥ: ਰਾਨ ਨਾਥ ਨੂਮ ਬਾਬਾ ਰਤਨ, ਹਾਜੀ ਰਤਨ, ਬਾਬਾ ਪੀਰ ਰਤਨ ਵੀ ਕਹਿੰਦੇ ਹਨ। ਉਸੁਦਾ ਜਨਮ ਬਠਿੰਡੇ ਹੋਇਆ ਦਸਿਆ ਜਾਂ ਦਾ ਹੈ ਕਈ ਇਸਨੂੰ ਨੇਪਾਲ ਦਾ ਖਤਰੀ ਰਾਜਕੁਮਾਰ ਕਹਿੰਦੇ ਹਨ। ਰਾਨ ਨਾਥ ਨੇ ਵਦੇਰੇ ਕਰਕੇ ਉਾਰ ਪਛਮੀ ਭਾਰਤ ਤੇ ਉਸ ਤੋਂ ਪਾਰਲੇ ਇਲਾਕੇ ਵਿਚ ਪ੍ਰਦਾਰ ਕੀਤਾ। 'ਪੋਥੀ ਰਤਨ ਗਿਆਨ" ਹਾਜੀ ਰਤਨ ਦੇ ਸ਼ਿਸ਼ ਬ੍ਰਹਮਦਾਸ ਦੀ ਰਚਨਾ ਹੈ। ਇਸ ਲਿਖਤ ਅਨੁਸਾਰ ਰਤਨ ਨਾਥ ਖੁਰਾਮਾਨ, ਕਾਬਲ, ਕੰਧਾਰ, ਗਜ਼ਨੀ ਦਾ ਭਰਮਣ

ਕਰਦੇ ਰਹੇ ਤੇ ਜੋਗ ਮੱਤ ਦਾ ਪ੍ਰਚਾਰ ਕਰਦੇ ਰਹੇ। ਰਾਨ ਨਾਥ ਦੀਆਂ ਰਚਨਾਵਾਂ 'ਕਾਫਰਬੋਧ' ਤੇ 'ਅਵਿਲ ਸਲੂਕ' ਮਿਲਦੀਆਂ ਹਨ। ਉਹਨਾਂ ਦੀਆਂ ਰਚਨਾਵਾਂ ਵਿਚ ਫਾਰਸੀ ਸ਼ਬਦਾਵਲੀ ਕਾਫੀ ਮਾਤਰਾ ਵਿਚ ਮਿਲਦੀ ਹੈ। ਕਹਿੰਦੇ ਹਨ ਕਿ ਰਤਨ ਨਾਥ ਨੇ ਨੌ ਵਾਰ ਹੱਜ ਕੀਤਾ। ਇਸਦੀ ਓਹਿ ਹਾਜੀ ਰਤਨ ਨਾਥ ਵੀ ਪ੍ਰਸਿਧ ਹੋਏ। 'ਗੋਰਖ ਬਾਣੀ' ਵਿਚ ਗੋਰਖ ਨਾਮ ਹੇਠ ਦਿੱਤੀ ਇਕ ਸ਼ਬਦੀ ਰਤਨ ਨਾਤ ਦੀ ਜਾਪਦੀ ਹੈ-

"ਰੂਪਾਂ ਮੁਹਮੰਦ ਸੋਨਾ ਖੁਦਾਈ
ਕੁਹੂੰ ਵਿਦ ਦੁਨਿਆਂ ਗੋਤਾ ਖਾਈ
ਹਮ ਤੋ ਨਿਰਾਲੰਭ ਬੇਠ ਦੇਖਤ ਰਹੇ
ਐਸਾ ਏਕ ਸੁਖਨ ਬਾਬਾ ਰਤਨ ਹਾਜੀ ਕਹੈ"

## 2.4 Summary (ਨਿਸ਼ਕਰਸ਼)

ਨਾਥ-ਸਿੱਧ ਸੰਪ੍ਰਦਾ ਵਿਚ ਗੋਰਖ-ਨਾਥ ਹੀ ਐਸੇ ਨਾਥ ਹੋਏ ਹਨ। ਜਿਹਨਾਂ ਨੇ ਇਸ ਸੰਪ੍ਰਦਾ ਦਾ ਪੁਨਰਗਠਨ ਕੀਤਾ ਅਤੇ ਐਸਾ ਕਰਦੇ ਹੋਏ ਉਹਨਾ ਪੂਰਵਵਰਤੀ ਸਾਧਨਾਵਾਂ ਦਾ ਆਸਰਾ ਲਿਆ। ਇਸ ਸੰਦਰਭ ਵਿਚ ਸ਼ਵੈ ਤੇ ਬੁਦ ਸੰਪ੍ਰਦਾਵਾਂ ਦਾ ਵਿਸ਼ੇਸ਼ ਹੱਥ ਹੈ। ਇਹਨਾਂ ਸਾਦਨਾਵਾਂ ਨੂੰ ਨਾਥ-ਸਿਦ ਸੰਪੈਦਾ ਵਿਚ ਇੰਝ ਅੰਤਰ-ਭੁਕਤ ਕੀਤਾ ਕਿ ਬਾਅਦ ਵਿਚ ਇਹ ਗੋਰਖ-ਨਾਥੀ ਹੀ ਮੰਨਿਆ ਜਾਣ ਲਗਿਆ। ਜਿਉ-ਜਿਊ ਨਾਥ-ਸਿੱਧ ਸੰਪ੍ਰਦਾ ਦਾ ਵਿਸਤਾਰ ਹੁੰਦਾ ਗਿਆ ਤਾਂ ਵੱਖ-ਵੱਖ ਇਲਾਕਿਆ ਦੇ ਆਧਾਰ ਤੇ ਇਸ ਸੰਪ੍ਰਦਾ ਦੇ ਅਨੁਆਇਆਂ ਵਿਚ ਕੁੱਝ ਫਰਕ ਆਉਂਦਾ ਗਿਆ।

## 2.5 Glossary (ਔਖੇ ਸ਼ਬਦਾਂ ਦੇ ਅਰਥ)

ਸਮਰਥਕ-ਸਾਥ ਦੇਣ ਵਾਲੇ, ਆਰੰਭ-ਸੁਰੂ, ਪੁਰਾਤਨ-ਪੁਰਾਨਾ ਸਮਾਂ, ਵਾਪਰਦਾ-ਘਟਦਾ, ਵਿਸਤਾਰ-ਵਡਾ ਹੋਣਾ, ਪ੍ਰਸਿਧ-ਮਛਹੂਰ ਹੋਣਾ.

## 2.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਨਾਥ ਸਿੱਧ ਸੰਪ੍ਰਦਈ ਦਾ ਮੋਢੀ ਕੌਣ ਸੀ?
2. ਡਾ. ਮੋਹਨ ਸਿੰਘ ਅਨੁਸਾਰ ਚੌਰੰਗੀ ਨਾਥ ਦਾ ਸਮਾਂ ਦਸੋ?
3. ਚੰਬੇ ਨਾਲ ਕਿਸ ਨਾਥ ਨੂੰ ਜੋੜਿਆ ਜਾਦਾ ਹੈ।

4. ਚਰਪਟ ਨਾਥ ਕੌਣ ਸੀ?

5. ਰਤਨ ਨਾਥ ਦੇ ਹੋਰਨ ਨਾਮ ਦਸੋ?

## 2.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਨਾਥ ਜੋਗੀਆਂ ਦੇ ਬਾਰੇ ਚਰਚਾ ਕਰੋ।

______________________________________________

______________________________________________

______________________________________________

______________________________________________

2. ਗੋਰਖ ਨਾਥ ਦਾ ਪੰਜਾਬੀ ਸਾਹਿਤ ਵਿਚ ਯੋਗਦਾਣ ਦਸੋ।

______________________________________________

______________________________________________

______________________________________________

______________________________________________

## 2.8 Suggested Reading (ਸਹਾਇਕ ਪੁਸਤਕ ਸੂਚੀ)


1. ਪ੍ਰੋ. ਬ੍ਰਹਮਜਗਦੀਸ਼ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ", ਵਾਰਿਸ਼ ਸ਼ਾਹ ਫ਼ਾਊਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ",
3. ਡਾ. ਰਾਜਿੰਦਰ ਸਿੰਘ ਸੇਖੋਂ, "ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ" ਲਾਹੌਰ ਬੁੱਕ ਲੁਧਿਆਣਾ, 2007

# ਸੂਫੀ ਕਾਵਿ ਪਰੰਪਰਾ

**Structure :**

3.1 **Objective (ਉਦੇਸ਼)**

3.2 **Introduction (ਜਾਣ-ਪਛਾਣ)**

3.3 **Content Section (ਵਿਸ਼ਾ ਪੱਖ)**

3.4 **Summary (ਨਿਸ਼ਕਰਸ਼)**

3.5 **Glossary (ਔਖੇ ਸ਼ਬਦਾਂ ਦੇ ਅਰਥ)**

3.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

3.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

3.8 **Suggested Reading (ਸਹਾਇਕ ਪੁਸਤਕ ਸੂਚੀ)**

## 3.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਪੂਰਵ ਨਾਨਕ ਕਾਲ ਦੇ ਸੂਫ਼ੀ ਕਾਵਿ ਦੀ ਗਲ ਕੀਤੀ ਗਈ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸੂਫ਼ੀ ਕਾਵਿ ਦਾ ਮੁੱਢ ਕਿਥੋਂ ਬਝਦਾ ਹੈ ਅਤੇ ਇਨ੍ਹਾਂ ਦੀ ਪੰਹਾਬੀ ਸਾਹਿਤ ਦੇ ਇਤਿਹਾਸ ਵਿਚ ਕੀ ਯੋਗਦਾਨ ਹੈ। ਇਸ

ਲਈ ਜਦੋਂ ਅਸੀਂ ਪੰਜਾਬੀ ਸਾਹਿਤ ਦੇ ਸੂਫ਼ੀ ਕਾਵਿ ਦਾ ਅਧੀਐਨ ਕਰਦੇ ਹੋਏ ਇਹ ਸਿੱਧ ਹੁੰਦਾ ਹੈ ਕਿ ਸੂਫ਼ੀ ਕਾਵਿ ਦਾ ਆਰੰਭ ਬਾਬਾ ਫ਼ਰੀਦ ਤੋਂ ਹੂੰਦਾ ਹੈ। ਜਿਵੇਂ ਕਿ:-

### 3.2 **Introduction (ਜਾਣ-ਪਛਾਣ)**

ਸੂਫ਼ੀ ਕਾਵਿ ਦਾ ਇਤਿਹਾਸ ਡਾ. ਗੁਰਦੇਵ ਸਿੰਘ ਨੇ ਪੰਜਾਬੀ ਅਕਾਦਮੀ ਦਿੱਲੀ ਦੇ ਪ੍ਰਾਜੈਕਟ ਅਧੀਨ 2005 ਵਿੱਚ ਲਿਖਿਆ। ਸੂਫ਼ੀ ਕਾਵਿ ਵਿੱਚ ਰਹੱਸ ਨੂੰ ਜਾਣਨ ਅਤੇ ਪਛਾਣਨ ਦਾ ਵਡਮੁੱਲਾ ਜਿਹਾ ਯਤਨ ਜ਼ਰੂਰ ਕੀਤਾ ਗਿਆ ਹੈ ਤਾਂ ਜੋ ਇਹ ਕਾਵਿ ਇੱਕ ਨਿਰੰਤਰ ਲੜੀ ਦੇ ਰੂਪ ਵਿੱਚ ਅੰਕਿਤ ਜਾਂ ਪਰੋਇਆ ਦਿਸੇ। ਪੁਰਾਤਨ ਸੂਫ਼ੀ ਸੋਮਿਆਂ ਤੋਂ ਪਤਾ ਚੱਲਦਾ ਹੈ ਕਿ ਬਾਬਾ ਫ਼ਰੀਦ ਤੋਂ ਪਹਿਲਾਂ ਵੀ ਸੂਫ਼ੀ ਕਾਵਿ ਦੇ ਵਜੂਦ ਹੋਣ ਬਾਰੇ ਜਾਣਕਾਰੀ ਮਿਲਦੀ ਹੈ। ਮੁੱਢਲੇ ਸੂਫ਼ੀ ਸਿਲਸਿਲੇ ਜੀਵਨ-ਜਾਚ ਵਿਚੋਂ ਨਿਕਲੇ ਅਤੇ ਵਿਕਸਿਤ ਹੋਏ।

1. ਹਜ਼ਰਤ ਖ਼੍ਵਾਜਾ ਅਬਦੁਲ ਵਾਹਿਦ ਬਿਨ ਜ਼ੈਦ ਦੁਆਰਾ ਪ੍ਰਚੱਲਿਤ 'ਜ਼ੈਦੀ ਸਿਲਸਿਲੇ'
2. ਫੁਜ਼ੈਲ ਬਿਨ ਅਯਾਜ਼ ਦਾ 'ਅਯਾਜ਼ੀ ਸਿਲਸਿਲਾ'
3. ਇਬ੍ਰਾਹਿਮ ਅਦ੍ਹਮ ਦਾ 'ਅਦ੍ਹਮੀ ਸਿਲਸਿਲਾ'
4. ਅਬੁ ਇਸਹਾਕ ਸਾਮੀ ਚਿਸ਼ਤੀ ਦਾ 'ਚਿਸ਼ਤੀ ਸਿਲਸਿਲਾ'

### 3.3 **Content Section (ਵਿਸ਼ਾ ਪੱਖ)**

ਭਾਰਤ ਵਿੱਚ ਜਿਹਨਾਂ ਸੂਫ਼ੀ ਸਿਲਸਿਲਿਆਂ ਦਾ ਪ੍ਰਵੇਸ਼ ਹੋਇਆ ਉਹਨਾਂ ਵਿਚੋਂ ਕੁੱਝ ਦੇ ਨਾਂ ਹਨ:

**ਚਿਸ਼ਤੀ ਸਿਲਸਿਲਾ।**

ਚਿਸ਼ਤੀ ਸਿਲਸਿਲਾ ਪੰਜਾਬ ਵਿੱਚ ਸਭ ਤੋਂ ਵਧੇਰੇ ਵਿਕਸਿਤ ਤੇ ਲੋਕਪ੍ਰਿਆ ਹੋਇਆ। ਹਜ਼ਰਤ ਮੁਈਨੁੱਦੀਨ ਨੂੰ ਚਿਸ਼ਤੀ ਇਸ ਲਈ ਆਖਦੇ ਹਨ ਕਿਉਂਕਿ ਇਹ ਪਿੱਛੋਂ ਚਿਸ਼ਤੀ ਸ਼ਹਿਰ ਦੇ ਸਨ ਭਾਵ ਇਨ੍ਹਾਂ ਦਾ ਪਿੱਛਾ ਅਭਾਰਤੀ ਸੀ।" ਚਿਸ਼ਤੀ ਸਿਲਸਿਲੇ ਦੀਆਂ ਅੱਗੇ ਦੋ ਹੋਰ ਸ਼ਾਖ਼ਾਂ ਸਨ ਨਿਜ਼ਾਮੀ ਅਤੇ ਸਾਬਰੀ ਸਿਲਸਿਲਾ। ਚਿਸ਼ਤੀ ਸਿਲਸਿਲੇ ਦੇ ਪ੍ਰਸਿੱਧ ਪੰਜਾਬੀ ਸੂਫ਼ੀ ਕਵੀ:

1. ਹਜ਼ਰਤ ਸ਼ੇਖ਼ ਫ਼ਰੀਦੁੱਦੀਨ ਮਸਊਦ ਗੰਜਿ ਸ਼ਕਰ (1173-1266 ਈ.)

2. ਸ਼ਾਹ ਮੀਰਾ ਜੀ ਚਿਸ਼ਤੀ ਬੀਜਾਪੁਰੀ

3. ਫ਼ਰੀਦ ਸਾਨੀ ਜਾਂ ਸ਼ੇਖ਼ ਫ਼ਰੀਦੁੱਦੀਨ ਇਬ੍ਰਾਹਿਮ (1450-1575 ਈ.)

4. ਸ਼ਾਹ ਬੁਰਹਾਨੁਦੀਨ ਜਾਨਮ (1582 ਈ.)

**ਕਾਦਿਰੀਯਹ ਜਾਂ ਗੋਸ਼ੀਯਹ ਸਿਲਸਿਲਾ।**

ਕਾਦਿਰੀਯਹ ਜਾਂ ਗੋਸ਼ੀਯਹ ਸਿਲਸਿਲਾ ਦੇ ਬਾਨੀ ਹਜ਼ਰਤ ਹਜ਼ਰਤ ਗੌਸ਼-ਅਲ ਆਜ਼ਮ ਮੁਹੀਉੱਦੀਨ ਅਬਦੁਲ ਕਾਦਿਰ ਜੀਲਾਨੀ ਸਨ। ਇਨ੍ਹਾਂ ਦਾ ਜਨਮ 1077 ਈ. ਵਿੱਚ ਤੇ ਦੇਹਾਂਤ 1166 ਈ. ਵਿੱਚ ਹੋਇਆ। ਅਬੂਬਕਰ ਸ਼ਿਬਲੀ, ਜੁਬੈਦ ਬਗ਼ਦਾਦੀ ਆਦਿ ਸੂਫ਼ੀ ਏਸੇ ਸਿਲਸਿਲੇ ਵਿਚੋਂ ਹਨ।" ਕਾਦਿਰੀਆ ਸਿਲਸਿਲੇ ਨਾਲ ਸੰਬੰਧਿਤ ਬਹੁਤ ਸਾਰੇ ਪੰਜਾਬੀ ਸੂਫ਼ੀ-ਕਵੀਆਂ ਦਾ ਕਲਾਮ ਉਪਲਬਧ ਹੈ ਜਿਹਨਾਂ ਵਿਚੋਂ ਪ੍ਰਸਿੱਧ

1. ਸ਼ਾਹ ਹੁਸੈਨ (1539-1599 ਈ.) ਕਾਦਰੀ ਮਲਾਮਤੀ

2. ਸੁਲਤਾਨ ਬਾਹੂ (1629-1691 ਈ.) ਸਰਵਰੀ ਕਾਦਰੀ

3. ਸ਼ਾਹ ਸ਼ਰਫ਼ ਬਟਾਲਵੀ (1640-1724 ਈ.)

4. ਬੁੱਲ੍ਹੇ ਸ਼ਾਹ (1680-1746 ਈ.)

**ਸੁਹਰਾਵਰਦੀ ਤੇ ਮਲਾਮਤੀ ਸਿਲਸਿਲੇ।**

"ਸੁਹਰਾਵਰਦੀ-ਸੁਹਰਾਵਰਦੀ ਸਿਲਸਿਲੇ ਦੇ ਬਾਨੀ ਹਜ਼ਰਤ ਸ਼ਿਹਾਬੁੱਦੀਨ ਸੁਹਰਾਵਰਦੀ ਬਗ਼ਦਾਦੀ ਸਨ। ਆਪ ਦੇ ਅਨੇਕ ਮੁਰੀਦ ਖ਼੍ਵਾਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਦੇ ਸਮਕਾਲੀ ਤੇ ਉਹਨਾਂ ਤੋਂ ਬੇਹੱਦ ਪ੍ਰਭਾਵਿਤ ਸਨ।" ਮਲਾਮਤੀ-"'ਮਲਾਮ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲਬ ਹੈ ਫਿਟਕਾਰਨਾ, ਲਾਅਣ ਤਾਅਣ ਕਰਨਾ, ਡਾਂਟਣਾ, ਝਿੜਕਣਾ ਆਦਿ। 'ਮਲਾਮਤ' ਇਸ ਦਾ ਨਾਂਵ ਰੂਪ ਹੈ। ਮਲਾਮਤੀ ਉਹ ਹੈ ਜਿਸ ਨੂੰ ਫਿਟਕਾਰ ਪਾਵੇ ਜਾਂ ਲਾਅਣ ਤਾਅਣ ਕੀਤੀ ਜਾਵੇ।" ਇਸ ਸਿਲਸਿਲੇ ਨਾਲ ਸੰਬੰਧਿਤ ਸੂਫ਼ੀ ਹਨ:

1. ਹਾਫ਼ਿਜ਼ ਜਮਾਲ ਅੱਲਾਹ ਮਜ਼ਹਰ (1761-1811 ਈ.)

**ਨਕਸ਼ਬੰਦੀ ਸਿਲਸਿਲਾ।**

"ਨਕਸ਼ਬੰਦੀ ਸਿਲਸਿਲੇ ਦੇ ਬਾਨੀ ਹਜ਼ਰਤ ਬਹਾਉੱਦੀਨ ਨਕਸ਼ਬੰਦ (1318-1389 ਈ.)

ਸਨ। ਆਪ ਗ਼ਲੀਚੇ ਛਾਪਣ ਦਾ ਕੰਮ ਕਰਦੇ ਸਨ,ਜਿਸ ਕਰਕੇ ਨਕਸ਼ਬੰਦ ਅਖਵਾਏ। ਹਜ਼ਰਤ ਬਹਾਉੱਦੀਨ ਨਕਸ਼ਬੰਦ ਕੋਲ ਜੋ ਸੱਚ ਦਾ ਢੂੰਡਾਊ ਆਉਂਦਾ ਉਹ ਖ਼ਾਲੀ ਕਦੇ ਨਾ ਮੁੜਦਾ ਬਲਕਿ ਉਸ ਦੇ ਅੰਦਰਲੇ ਤੇ ਬਾਹਰਲੇ ਦੋਹਾਂ ਜਗਤਾਂ ਨੂੰ ਬਖ਼ਸ਼ ਕੇ ਮਾਲਾਮਾਲ ਕਰ ਦਿੰਦੇ। ਸ਼ੇਖ਼ ਅਹਿਮਦ ਫਾਰੂਕੀ ਸਰਹੰਦੀ (1563-1623 ਈ.) ਏਸੇ ਸਿਲਸਿਲੇ ਵਿਚੋਂ ਸਨ।"

ਕੁੱਝ ਹੋਰ ਸਿਲਸਿਲੇਃ-

**ਸ਼ੱਤਾਰੀ ਸਿਲਸਿਲਾ।**

"ਸ਼ੱਤਾਰੀ ਸਿਲਸਿਲਾ ਭਾਰਤ ਵਿੱਚ ਹਜ਼ਰਤ ਅਬਦੁੱਲਾਹ ਸ਼ੱਤਾਰੀ ਦੁਆਰਾ ਸ਼ੁਰੂ ਕੀਤਾ ਗਿਆ। ਸ਼ੱਤਾਰੀ ਦਾ ਮਤਲਬ ਹੈ ਅੰਦਰਲੇ ਆਪੇ ਦੀ ਢੂੰਡ ਵਿੱਚ ਰੁੱਝੇ ਰਹਿਣਾ।"

**ਕਲੰਦਰੀਯਹ ਸਿਲਸਿਲਾ।**

"ਕਲੰਦਰੀਯਹ ਸਿਲਸਿਲੇ ਵਿੱਚ ਅਨੇਕ ਸਿਲਸਿਲਿਆਂ ਦੇ ਦਰਵੇਸ਼ ਸੂਫ਼ੀ ਅਤੇ ਹੋਰ ਸਾਧਕ ਆ ਜਾਂਦੇ ਹਨ। ਕਲੰਦਰ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲਬ ਹੈ ਬੇਪ੍ਰਵਾਹ, ਨਿਡਰ, ਬੇਬਾਕ ਅਤੇ ਸਪਸ਼ਟ ਦਰਵੇਸ਼, ਜਹਾਲਤ ਤੋਂ ਨਿਕਲ ਕੇ ਗਿਆਨ ਦੇ ਸੰਸਾਰ ਵਿੱਚ ਪ੍ਰਵੇਸ਼ ਕਰ ਚੁੱਕਿਆ। ਸਾਧਕ, ਮਜ਼੍ਹਬੀ ਸੰਕੀਰਨਤਾ ਤੋਂ ਪਾਕ ਵਿਅਕਤੀ ਤੇ ਪ੍ਰੇਮੀ।"

## 3.4 Summary (ਨਿਸ਼ਕਰਸ਼)

ਚਿਸ਼ਤੀ ਸਿਲਸਿਲਾ ਪੰਜਾਬ ਵਿੱਚ ਸਭ ਤੋਂ ਵਧੇਰੇ ਵਿਕਸਿਤ ਤੇ ਲੋਕਪ੍ਰਿਆ ਹੋਇਆ। ਕਾਦਿਰੀਯਹ ਜਾਂ ਗੌਸ਼ੀਯਹ ਸਿਲਸਿਲਾ ਦੇ ਬਾਨੀ ਹਜ਼ਰਤ ਹਜ਼ਰਤ ਗੌਸ਼-ਅਲ ਆਜ਼ਮ ਮੁਹੀਉੱਦੀਨ ਅਬਦੁਲ ਕਾਦਿਰ ਜੀਲਾਨੀ ਸਨ।

## 3.5 Glossary (ਔਖੇ ਸ਼ਬਦਾਂ ਦੇ ਅਰਥ)

ਸਮਰਥਕ-ਸਾਥ ਦੇਣ ਵਾਲੇ, ਆਰੰਭ-ਸੁਰੂ, ਪੁਰਾਤਨ-ਪੁਰਾਨਾ ਸਮਾਂ, ਵਾਪਰਦਾ-ਘਟਦਾ, ਵਿਸਤਾਰ-ਵਡਾ ਹੋਣਾ, ਪ੍ਰਸਿਧ-ਮਛਹੂਰ ਹੋਣਾ।

## 3.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਨਾਥ ਸਿੱਧ ਸੰਪ੍ਰਦਈ ਦਾ ਮੋਢੀ ਕੌਣ ਸੀ?
2. ਡਾ. ਮੋਹਨ ਸਿੰਘ ਅਨੁਸਾਰ ਚੌਰੰਗੀ ਨਾਥ ਦਾ ਸਮਾਂ ਦਸੋ?
3. ਚੰਬੇ ਨਾਲ ਕਿਸ ਨਾਥ ਨੂੰ ਜੋੜਿਆ ਜਾਦਾ ਹੈ।

4. ਚਰਪਟ ਨਾਥ ਕੌਣ ਸੀ?

5. ਰਤਨ ਨਾਥ ਦੇ ਹੋਰਨ ਨਾਮ ਦਸੋ?

## 3.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਸੂਫ਼ੀ ਕਾਵਿ ਦੇ ਇਤਿਹਾਸ ਬਾਰੇ ਚਰਚਾ ਕਰੋ।

________________________________________

________________________________________

________________________________________

________________________________________

2. ਸੂਫ਼ੀ ਕਾਵਿ ਦੇ ਚਿਸ਼ਤੀ ਸਿਲਸਿਲੇ ਬਾਰੇ ਚਰਚਾ ਕਰੋ।

________________________________________

________________________________________

________________________________________

________________________________________

## 3.8 Suggested Reading (ਸਹਾਇਕ ਪੁਸਤਕ ਸੂਚੀ)

1. ਪ੍ਰੋ. ਬ੍ਰਹਮਜਗਦੀਸ਼ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ", ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007

2. ਡਾ. ਪਰਮਿੰਦਰ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ",

3. ਡਾ. ਰਾਜਿੰਦਰ ਸਿੰਘ ਸੇਖੋਂ, "ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ" ਲਾਹੌਰ ਬੁੱਕ ਲੁਧਿਆਣਾ, 2007

✥

# ਭਗਤੀ ਕਾਵਿ ਪਰੰਪਰਾ

**Structure :**

4.1 **Objective (ਉਦੇਸ਼)**

4.2 **Introduction (ਜਾਣ-ਪਛਾਣ)**

4.3 **Content Section (ਵਿਸ਼ਾ ਪੱਖ)**

4.4 **Summary (ਨਿਸ਼ਕਰਸ਼)**

4.5 **Glossary (ਔਖੇ ਸ਼ਬਦਾਂ ਦੇ ਅਰਥ)**

4.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

4.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

4.8 **Suggested Reading (ਸਹਾਇਕ ਪੁਸਤਕ ਸੂਚੀ)**

## 4.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਪੂਰਵ ਨਾਨਕ ਕਾਲ ਦੇ ਭਗਤੀ ਕਾਵਿ ਦੀ ਗਲ ਕੀਤੀ ਗਈ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਭਗਤੀ ਕਾਵਿ ਦਾ ਮੁੱਢ ਬਾਬਾ ਫ਼ਰੀਦ ਜੀ ਤੋਂ ਬਝਦਾ ਹੈ ਅਤੇ ਇਨ੍ਹਾਂ ਦੀ ਪੰਹਾਬੀ ਸਾਹਿਤ ਦੇ ਇਤਿਹਾਸ ਵਿਚ ਕੀ ਯੋਗਦਾਨ ਹੈ। ਇਸ ਲਈ ਜਦੋਂ ਅਸੀਂ ਪੰਜਾਬੀ ਸਾਹਿਤ ਦੇ ਭਗਤੀ ਕਾਵਿ ਦਾ ਅਧੀਐਨ ਕਰਦੇ ਹੋਏ ਇਹ ਸਿੱਧ ਹੁੰਦਾ ਹੈ ਕਿ ਭਗਤੀ ਕਾਵਿ ਦਾ ਆਰੰਭ ਬਾਬਾ ਫ਼ਰੀਦ ਤੋਂ ਹੂੰਦਾ ਹੈ ਅਤੇ ਇਨ੍ਹਾਂ

ਦਾ ਪੰਜਾਬੀ ਸਾਹਿਤ ਵਿਚ ਬਹੁਤ ਵਡਾ ਯੋਗਦਾਣ ਹੈ।

### 4.2 Introduction (ਜਾਣ-ਪਛਾਣ)

ਬਾਬਾ ਫ਼ਰੀਦ (ਸ਼ੇਖ ਫਰੀਦੁੱਦੀਨ ਮਸਊਦ ਗੰਜਿ-ਸ਼ੰਕਰ) ਦਾ ਜਨਮ ਜ਼ਿਲ੍ਹਾ ਮੁਲਤਾਨ ਦੇ ਪਿੰਡ ਖੋਤਵਾਲ ਵਿੱਚ 1173 ਈ: ਨੂੰ ਰਮਜ਼ਾਨ ਮਹੀਨੇ ਦੀ ਪਹਿਲੀ ਤਾਰੀਖ ਨੂੰ ਜਮਾਲੁਦੀਨ ਸੁਲੇਮਾਨ ਤੇ ਬੀਬੀ ਕ਼ੁਸੂਮ ਦੇ ਘਰ ਹੋਇਆ। ਪਿਤਾ ਵੱਲੋਂ ਆਪ ਗ਼ਜਨੀ ਦੇ ਸ਼ਾਹੀ ਖਾਨਦਾਨ ਨਾਲ ਸੰਬੰਧਿਤ ਸਨ ਅਤੇ ਮਾਤਾ ਵੱਲੋਂ ਹਜ਼ਰਤ ਅਬਾਸ ਅਤੇ ਹਜ਼ਰਤ ਅਲੀ ਦੇ ਪਵਿੱਤਰ ਘਰਾਣੇ ਨਾਲ।

### 4.3 Content Section (ਵਿਸ਼ਾ ਪੱਖ)

ਫ਼ਰੀਦ ਜੀ ਦੀ ਸਮੁੱਚੀ ਸ਼ਖਸ਼ੀਅਤ ਨੂੰ ਉਸਾਰਨ ਵਿੱਚ ਆਪ ਜੀ ਦੀ ਮਾਤਾ ਜੀ ਦਾ ਬਹੁਤ ਵੱਡਾ ਹੱਥ ਸੀ। ਆਪਣੀ ਮਾਤਾ ਜੀ ਦੀ ਪਵਿੱਤਰ ਤੇ ਬੰਦਗੀ ਵਾਲੀ ਸ਼ਖਸ਼ੀਅਤ ਦੇ ਪ੍ਰਭਾਵ ਥੱਲੇ ਫ਼ਰੀਦ ਜੀ ਬਚਪਨ ਵਿੱਚ ਹੀ ਪੱਕੇ ਨਮਾਜ਼ੀ ਬਣ ਗਏ ਸੀ ਅਤੇ ਪ੍ਰਭੂ ਭਗਤੀ ਵਿੱਚ ਲਿਵਲੀਨ ਹੋ ਗਏ ਸੀ। ਪਿੰਡ ਵਿੱਚ ਆਪ ਨੂੰ 'ਕਾਜ਼ੀ ਬੱਚਾ ਦੀਵਾਨਾ▾ ਕਿਹਾ ਜਾਂਦਾ ਸੀ। ਫ਼ਰੀਦ ਜੀ ਦੀ ਮੁੱਢਲੀ ਵਿੱਦਿਆ ਪਿੰਡ ਦੇ ਹੀ ਮਦਰੱਸੇ ਵਿੱਚ ਮੌਲਾਨਾ ਮਿਨਹਾਜ਼-ਉਦ-ਦੀਨ ਤੋਂ ਸ਼ੁਰੂ ਹੋਈ। ਪਰ ਅਗਲੇਰੀ ਧਾਰਮਿਕ ਵਿੱਦਿਆ ਮੁਲਤਾਨ ਦੇ ਇੱਕ ਮਦਰੱਸੇ ਵਿੱਚ ਹੋਈ ਜਿਥੇ ਆਪ ਖ਼ਵਾਜਾ ਕੁੱਤਬੱਦੀਨ ਬਖਤਿਆਰ ਕਾਕੀ ਦੇ ਸੰਪਰਕ ਵਿੱਚ ਆਏ ਅਤੇ ਆਪ ਬਖ਼ਤਿਆਰ ਕਾਕੀ ਦੇ ਮੁਰੀਦ ਬਣ ਗਏ। ਇਸ ਤੋਂ ਬਾਅਦ ਆਪ ਨੇ ਰੂਹਾਨੀ ਸਫ਼ਰ ਦੀ ਯਾਤਰਾ ਸ਼ੁਰੂ ਕੀਤੀ। ਆਪਣੇ ਮੁਰਸ਼ਦ ਦੇ ਦੇਹਾਂਤ ਤੋਂ ਬਾਅਦ ਆਪ ਚਿਸ਼ਤੀ ਸਿਲਸਿਲੇ ਦੇ ਖ਼ਲੀਫਾ ਬਣੇ। ਆਪ ਜੀ ਦਾ ਸਾਰਾ ਜੀਵਨ ਫ਼ਕੀਰੀ, ਬੰਦਗੀ, ਸਾਦਗੀ, ਸੰਜਮ, ਸਬਰ, ਸ਼ੁਕਰ ਦੀ ਸਖਸ਼ੀਅਤ ਵਾਲਾ ਸੀ। ਬਾਬਾ ਫ਼ਰੀਦ ਜੀ ਦੀ ਮੌਤ 93 ਸਾਲ ਦੀ ਉਮਰ ਵਿੱਚ 1266 ਈ: ਵਿੱਚ ਹੋਈ। ਆਪ ਚਿਸ਼ਤੀ ਸੂਫ਼ੀ ਸਿਲਸਿਲੇ ਦੀ ਪਹਿਚਾਣ ਅਤੇ ਰੂਹਾਨੀ ਮਹਾਨਤਾ ਵਾਲੇ ਫ਼ਕੀਰ ਸਨ। ਜਿਸ ਕਾਰਨ ਅੱਜ ਵੀ ਲੱਖਾਂ ਲੋਕ ਸ਼ੇਖ ਫਰੀਦੁੱਦੀਨ ਮਸਊਦ ਦੀ ਜਨਮ ਤੇ ਮੰਥਨ-ਭੂਮੀ ਨੂੰ 'ਬਹਿਸ਼ਤੀ ਦਰਵਾਜਾ▾ ਆਖ ਕੇ ਪਾਕਪਟਨ ਵਿੱਚ ਆਪ ਜੀ ਦੀ ਮਜ਼ਾਰ ਉੱਤੇ ਮੱਥੇ ਟੇਕਦੇ ਤੇ ਦੁਆਵਾਂ ਮੰਗਦੇ ਹਨ।

ਬਾਬਾ ਫ਼ਰੀਦ ਜੀ ਮਹਾਨ ਸੂਫ਼ੀ ਕਵੀ ਸਨ।

ਆਪ ਜੀ ਦੇ 112 ਸਲੋਕ ਅਤੇ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ [

➢✪ ਸ਼ਬਦ ਰਾਗ ਆਸਾ ਵਿੱਚ ਹਨ ਅਤੇ ਦੋ ਸ਼ਬਦ ਰਾਗ ਸੂਹੀ ਵਿੱਚ ਹਨ।

ਆਪ ਜੀ ਦੀ ਬਾਣੀ ਦੇ ਮੁੱਖ ਵਿਸ਼ੇ ਸਰੀਰ ਦੀ ਨਾਸ਼ਮਾਨਤਾ, ਮੁਰਸ਼ਦ ਦੀ ਲੋੜ, ਆਪੇ ਦੀ

ਪਛਾਣ, ਸਹਿਣਸ਼ੀਲਤਾ, ਨਿਮਰਤਾ, ਪਰਮਾਤਮਾ ਪ੍ਰੇਮ, ਭਾਣਾ ਮੰਨਣ ਉੱਤੇ ਜ਼ੋਰ, ਸਾਦਾ ਜੀਵਨ ਜਿਉਣ ਵਾਲੇ ਹਨ।

ਫਰੀਦਾ ਕਾਲੇ ਮੈਡੇ ਕੱਪੜੇ ਕਾਲਾ ਮੈਡਾ ਵੇਸੁ

ਗੁਨਹੀ ਭਰਿਆ ਮੈ ਫਿਰਾ ਲੋਕ ਕਹੈ ਦਰਵੇਸੂ

ਫਰੀਦਾ ਚਾਰਿ ਗਵਾਟਿਾ ਹੰਢਿ ਕੇ ਚਾਰਿ ਗਵਾਇਆ ਸੰਮਿ

ਲੇਖਾ ਰਬ ਮੰਗੇਸੀਆ ਤੂੰ ਆਹੋ ਕੇਰੇ ਕੰਮਿ

### 4.3.a Content Section (ਵਿਸ਼ਾ ਪੱਖ) ਭਗਤ ਕਬੀਰ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਮਹੱਤਵ

ਹਿੰਦੁਸਤਾਨ ਦੀ ਭਗਤੀ ਕਾਵਿ ਪਰੰਪਰਾ ਵਿਚ ਭਗਤ ਕਬੀਰ ਜੀ ਇਕ ਅਤਿਅੰਤ ਗੌਰਵਮਈ ਤੇ ਮਹਤੱਵਪੂਰਨ ਸਥਾਨ ਰੱਖਦੇ ਹਨ। ਕਬੀਰ ਜੀ ਦਾ ਜਨਮ 1398 ਈ. ਨੂੰ ਬਨਾਰਸ ਵਿਚ ਹੋਇਆ। ਆਪ ਜੀ ਨੇ ਇਕ ਵਿਧਵਾ ਇਸਤਈ ਦੀ ਕੁਖੋ ਚੋਂ ਜਨਮ ਲਿਆ ਸੀ। ਜਿਸਨੂੰ ਅਲੀ ਨਾਮ ਦੇ ਜੁਲਾਹੇ ਨੇ ਆਪਣੇ ਘਰ ਲੈ ਆਂਦਾ ਅਤੇ ਉਸਦੀ ਪਤਨੀ ਨੀਮਾ ਨੇ ਉਨਾਂ ਨੂੰ ਪੁਤਰ ਮੰਨਕੇ ਪਾਲਿਆ। ਕਬੀਰ ਜੀ ਨੂੰ ਭਗਤੀ ਕਾਵਿ ਧਾਰਾ ਦੇ ਸ਼੍ਰੋਮਣੀ ਵੀ ਕਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤਾਂ ਵਿਚ ਕਬੀਰ ਜੀ ਦੀ ਬਾਣੀ ਸੱਭ ਤੋਂ ਵੱਧ ਹੈ ਜੋ ਸ਼ਬਦਾਂ ਓਤੇ ਮਲੋਕਾਂ ਦੇ ਰੂਪ ਵਿਚ ਹੈ।

**ਬਾਣੀ/ ਰਚਨਾਵਾਂ:**

ਕਬੀਰ ਜੀ ਦੀ ਬਾਣੀ ਨਾਲ ਸੰਬੰਧਿਤ ਸੋਮਿਆਂ ਅਤੇ ਆਧਾਰ ਗ੍ਰੰਥਾਂ ਦਾ ਕੋਈ ਹਿਸਾਬ ਕਿਤਾਬ ਨਹੀਂ। ਕਬੀਰ ਪੰਥੀ ਲੋਕਾਂ ਦਾ ਵਿਸ਼ਵਾਦ ਹੈ ਕਿ ਸਤਿਗੁਰੂ ਦੀ ਬਾਣੀ ਅਨੰਤ ਹੈ। ਕਬੀਰ ਜੀ ਦੀਆਂ ਜੋ ਰਚਨਾਵਾਂ ਅੱਜ ਸਾਨੂੰ ਉਪਲਬਧ ਹਨ ਇਹ ਸਭ ਵਿਭਿੰਨ ਸੰਗ੍ਰਿਹਾਂ ਦੇ ਰੂਪ ਵਿਚ ਹਨ। ਇਹਨਾਂ ਵਿਚੋਂ ਬਹੁਤੀਆਂ ਪਦ, ਸਾਖਿਆਂ ਜਾਂ ਰਮੈਣਾਂ ਦੇ ਰੂਪ ਵਿਚ ਹਨ। ਕਬੀਰ-ਬਾਣੀ ਦੇ ਅਨੇਕ ਸੰਗ੍ਰਹਿ ਵੱਖ-ਵੱਖ ਪੁਸਤਕਾਲਿਆਂ, ਸੰਗ੍ਰਹਾਲਿਆਂ ਵਿਚ ਮਿਲਦੇ ਹਨ। ਪ੍ਰਕਾਸ਼ਿਤ ਸੰਕਲਨਾਂ ਵਿਚ ਕਬੀਰ ਬਾਣੀ ਦਾ ਅਧਾਰ ਵਿਚ ਤਿੰਨ ਸੋਮੇ ਹਨ-

1) ਬਜਿਕ

2) ਕਬੀਰ ਗ੍ਰੰਥਾਵਲੀ

3) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**ਬਜਿਕ:**

ਕਬੀਰ ਗ੍ਰੰਥ ਵਿਚ ਬੀਜਕ ਨੂੰ ਕਬੀਰ ਜੀ ਦੀ ਸੱਭ ਤੋਂ ਵੱਧ ਸਨਮਾਨ ਯੋਗ ਰਚਨਾਂ ਮੰਨਿਆ ਜਾਂਦਾ ਹੈ। ਇਸ ਗ੍ਰੰਥ ਦੀ ਰਚਨਾਂ ਸੰਬੰਧੀ ਕਬੀਰ-ਪੰਥੀਆਂ ਵਿਚ ਇਕ ਮਨੌਤ ਹੈ ਕਿ ਧਰਮਦਾਸ ਨੇ ਕਬੀਰ ਜੀ ਦੇ ਜੀਵਨ ਕਾਲ ਵਿਚ ਹੀ ਸੰਮਤ 1521 ਵਿਚ ਇਸਦਾ ਸੰਕਲਨ ਤਿਆਰ ਕਰ ਲਿਆ ਸੀ।

ਕਬੀਰ-ਪੰਥਿਆਂ ਨੇ ਬਜੀਕ ਦੇ ਜੋ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ। ਉਹਨਾਂ ਵਿਚ 'ਬਜਿਕ' ਦੀ ਛੰਦ ਗਿਣਤੀ ਵਿਚ ਕੋਈ ਬਹੁਤ ਅੰਤਰ ਨਹੀਂ ਹੈ। 'ਬੀਜਕ' ਬਾਣੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਵਿਸ਼ਿਆਂ ਨੂੰ ਵੀ ਸਰਲ ਭਾਸ਼ਾਂ ਵਿਚ ਅਭਿਵਿਅਕਤ ਕਰਕੇ ਲੋਕਮਨ ਤਕ ਪਹੁੰਚਾਇਆ ਗਿਆ ਹੈ।

**ਕਬੀਰ-ਗ੍ਰੰਥਾਵਲੀ:**

ਕਬੀਰ ਗ੍ਰੰਥਾਵਲੀ ਵਿਚ ਜਿਸ ਪ੍ਰਤਿ ਦੇ ਆਧਾਰ ਤੇ ਕਬੀਰ ਜੀ ਦੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਉਸਦਾ ਨਾਮ 'ਸ੍ਰੀ ਕਬੀਰ ਜੀ ਦੀ ਬਾਣੀ' ਪ੍ਰਤੀਤ ਹੁੰਦਾ ਹੈ। ਉਸਦੇ ਸੰਪਾਦਕ ਨੇ ਇਸ ਬਾਣੀ ਦੇ ਨਾਲ ਨਾਲ 'ਆਦਿ ਗ੍ਰੰਥ' ਵਿਚ ਵਿਚ ਸੰਗ੍ਰਜਿਤ ਕਬੀਰ ਬਾਣੀ ਨੂੰ ਵੀ ਪਰਿਸ਼ਿਸਟ ਵਿਚ ਦਰਜ ਕਰ ਦਿੱਤਾ ਹੈ। ਬੀਜਕ ਪਰੰਪਰਾ ਵਿਚ ਉਹ ਸਾਰੇ ਗ੍ਰੰਥ ਆ ਜਾਂਦੇ ਹਨ ਜੋ ਕਬੀਰ ਪੰਥੀਆਂ ਦੁਆਰਾ ਉਹਨਾਂ ਦੇ ਮਨਾਂ ਵਿਚ ਪ੍ਰਤਿਸ਼ਠਿਤ ਹਨ। ਇਸ ਯੋਜਨਾਂ ਦੇ ਅਧੀਨ ਬਾਬੂ ਸਯਾਮ ਸੁੰਦਰ ਦਾਸ ਨੇ ਕਬੀਰ ਬਾਣੀ ਦੀਆਂ ਦੋ ਹੱਥ ਲਿਖਤਾਂ ਨੂੰ ਆਧਾਰ ਬਣਾ ਕੇ ਇਸ ਗ੍ਰੰਥਾਵਲੀ ਦੀ ਸੰਪਾਦਨਾ ਕੀਤੀ।

**ਗੁਰੂ ਗ੍ਰੰਥ ਸਾਹਿਬ:**

ਕਬੀਰ ਜੀ ਦੀ ਬਾਣੀ ਦਾ ਸੱਭ ਤੋਂ ਵੱਧ ਪ੍ਰਮਾਣਿਕ ਅਤੇ ਮਹੱਵਪੂਰਨ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਗੁਰੁ ਗ੍ਰੰਥ ਸਾਹਿਬ ਦਾ ਸੰਪਤਧਨ ਗੁਰੁ ਅਰਜਨ ਦੇਵ ਜੀ ਨੇ 1604 ਈ. ਸੰਸ1 1661 ਵਿਚ ਕੀਤਾ ਸੀ। ਇਸ ਪਵਿਤਰ ਗ੍ਰੰਥ ਵਿਚ ਗੁਰੁ ਨਾਨਕ ਦੇਵ ਜੀ, ਗੁਰੁ ਅੰਗਦ ਦੇਵ ਜੀ, ਗੁਰੁ ਅਮਰਦਾਸ ਜੀ ਗੁਰੁ ਰਾਮਦਾਸ ਜੀ, ਗੁਰੁ ਅਰਜਨ ਦੇਵ ਜੀ ਅਤੇ ਗੁਰੁ ਤੇਗ ਬਹਾਦਰ ਜੀ ਦੀ ਬਾਣੀ ਤੋਂ ਬਿਨਾਂ ਸ਼ੇਖ ਫ਼ਰੀਦ ਜੀ, ਜੈਦੇਵ ਜੀ ਤ੍ਰਿਲੋਚਨ ਜੀ, ਨਾਮਦੇਵ ਜੀ, ਕਬੀਰ ਜੀ ਰਵਿਦਾਸ ਜੀ, ਸਧਨਾ ਜੀ ਪੀਪਾ ਜੀ ਸੈਣ ਜੀ, ਧੰਨਾ ਜੀ, ਭੀਖਨ ਜੀ, ਪਰਮਾਨੰਦ ਜੀ ਤੇ ਸੂਰਦਾਸ ਜੀ ਵਰਗੇ ਪ੍ਰਸਿਧ ਸੰਤਾਂ ਅਤੇ ਭਗਤਾਂ ਦੀ ਬਾਣੀ ਵੀ ਸੰਕਲਿਤ ਹੈ। ਗੁਰੁ ਗ੍ਰੰਥ ਸਾਹਿਬ

ਜੀ ਵਿਚ ਸੰਕਲਿਤ ਬਾਣੀ ਦੀ ਤਰਤੀਬ ਰਾਗਾਂ ਅਨੁਸਾਰ ਹੈ ਅਤੇ ਭਗਤ ਕਬੀਰ ਜੀ ਦੀ ਬਾਣੀ ਇਸ ਪ੍ਰਕਾਰ ਹੈ:-

| | | | |
|---|---|---|---|
| 1) | ਸਿਰੀ ਰਾਗ | - | 2 ਸ਼ਬਦ |
| 2) | ਰਾਗ ਗਉੜੀ | - | 74 ਸ਼ਬਦ, 1 ਬਾਵਨ ਅਖਰੀ, 1 ਥਿਤੀ ਅਤੇ 1 ਸਤਵਾਰਾ |
| 3) | ਰਾਗ ਆਸਾ | - | 37 ਸ਼ਬਦ |
| 4) | ਰਾਗ ਗੁਜਰੀ | - | 2 ਸ਼ਬਦ |
| 5) | ਰਾਗ ਸੋਰਠਿ | - | 11 ਸ਼ਬਦ |
| 6) | ਰਾਗ ਧਨਾਸਰੀ | - | 5 ਸ਼ਬਦ |
| 7) | ਰਾਗ ਤਿਲੰਗ | - | 1 ਸ਼ਬਦ |
| 8) | ਰਾਗ ਸੂਹੀ | - | 5 ਸ਼ਬਦ |
| 9) | ਰਾਗ ਬਿਲਾਵਲ | - | 12 ਸ਼ਬਦ |
| 10) | ਰਾਗ ਗੋਂਡ | - | 11 ਸ਼ਬਦ |
| 11) | ਰਾਗ ਰਾਮਕਲੀ | - | 12 ਸ਼ਬਦ |
| 12) | ਰਾਗ ਮਾਰੂ | - | 12 ਸ਼ਬਦ |
| 13) | ਰਾਗ ਕੇਦਾਰਾ | - | 6 ਸ਼ਬਦ |
| 14) | ਰਾਗ ਭੈਰਓ | - | 20 ਸ਼ਬਦ |
| 15) | ਰਾਗ ਬਸੰਤ | - | 7 ਸ਼ਬਦ |
| 16) | ਰਾਗ ਸਾਰੰਗ | - | 3 ਸ਼ਬਦ |
| 17) | ਰਾਗ ਪ੍ਰਭਾਤੀ | - | 5 ਸ਼ਬਦ |

ਕੁੱਲ 225 ਸ਼ਬਦ, 1 ਬਾਵਨ ਅਖਰੀ, 1 ਥਿਤੀ ਅਤੇ 1 ਸਤਵਾਰਾ।

ਕਬੀਰ ਜੀ ਦੀ ਬਾਣੀ ਦਾ ਵਿਸ਼ੇ ਵਿਸ਼ਲੇਸ਼ਣ :

1) **ਵਿਚਾਰਧਾਰਾ:** ਕਬੀਰ ਜੀ ਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਕਰਨ ਸਮੇਂ ਜਿਹੜਾ ਤੱਥ ਸਭ ਤੋਂ ਉਜਾਗਰ ਰੂਪ ਵਿਚ ਸਾਹਮਣੇ ਆਉਂਦਾ ਹੈ ਉਹ ਹੈ ਕਿ ਕਬੀਰ ਜੀ ਕਿਸ ਧਰਮ ਜਾਂ ਸੰਪ੍ਰਧਾਇ ਵਿਸ਼ੇਸ਼ ਦੇ ਮੂਲਾਂ ਅਥਵਾ ਕਦਰਾਂ-ਕੀਮਤਾਂ ਨੂੰ ਲੈ ਕੇ ਨਹੀਂ ਚਲਦੇ। ਹਿੰਦੂ ਧਰਮ ਦੇ ਰੀਤੀ-ਰਿਵਾਜਾਂ ਨੂਮ ਸਿਰੋਮਣੀ ਦਰਸਾਉਣ ਵਾਲੇ ਬ੍ਰਾਹਮਣਾਂ ਦੇ ਕਿਰਦਾਰ ਦੀ ਆਲੋਚਨਾ ਕਰਦੇ

ਹੋਏ ਆਪ ਫਰਮਾਉਂਦੇ ਹਨ ਕਿ ਇਹਨਾਂ ਲੋਕਾਂ ਨੇ ਸਾਢੇ ਤਿੰਨ-ਤਿੰਨ ਗਜ ਦੀਆਂ ਧੋਤੀਆਂ ਪਹਿਨੀਆਂ ਹੋਇਆ ਹਨ। ਤੀਹਰੇ-ਤਿਹਰੇ ਜੇਨਊ ਪਹਿਨੇ ਹੋਏ ਹਨ। ਗਲਾਂ ਵਿਚ ਜਪਮਾਲੀਆਂ ਅਤੇ ਹੱਥਾਂ ਵਿਚ ਲੋਟੇ ਪਕੜੇ ਹੋਏ ਹਨ। ਇਹੋ ਜਿਹੇ ਦਿਖਾਵੇ ਦੇ ਭੇਖਿਆਂ ਨੂੰ ਹਰੀ ਦੇ ਸੰਤ ਨਹੀਂ ਕਹਿਣਾ ਚਾਹੀਦਾ ਬਲਕਿ ਬਨਾਰਸ ਦੇ ਠੱਗ ਕਹਿਣਾ ਚਾਹਿਦਾ ਹੈ। ਕਬੀਰ ਜੀ ਅਨੁਸਾਰ :

> "ਗਜ ਸਾਢੇ ਤ੍ਰੈ ਧੋਤੀਆਂ ਤਿਹਰੇ ਪਾਇਨਿ ਤਗ<br>
> ਗਲੀ ਜਿਨਾ ਜਪਮਾਲੀਆਂ ਲੋਟੇ ਹਥਿ ਨਿਬਗ<br>
> ਓਇ ਬਰਾਰਸ ਕੇ ਸੰਤ ਨ ਆਖੀਅਹਿ ਬਨਾਰਿਸ ਦੇ ਠੱਗ"

2) **ਕਰਮ-ਕਾਂਡ ਦਾ ਵਿਰੋਧ:** ਆਪ ਨਾ ਕੇਵਲ ਹਿੰਦੂ ਧਰਮ ਵਿਚਲੇ ਕਰਮ-ਕਾਡ ਦਾ ਵਿਰੋਧ ਕਰਦੇ ਹਨ ਬਲਕਿ ਮੁਸਲਮਾਨ ਦੇ ਬਾਹਰਲੇ ਆਚਾਰ ਨੂੰ ਵੀ ਆਪਣੀ ਆਲੋਚਨਾ ਦਾ ਵਿਸ਼ਾ ਬਣਾਉਂਦੇ ਹਨ। ਆਪ ਲਿਖਦੇ ਹਨ ਕਿ ਸੁੰਨਤ ਕਰਨ ਨਾਲ ਰੱਬ ਦਾ ਕੋਈ ਲਾਗਾ-ਦੇਗਾ ਨਹੀਂ ਹੈ। ਜੋ ਸੁੰਨਤ ਕਰਨੀ ਹੀ ਚੰਗੇ ਇਨਸਾਨ ਦੀ ਪਹਿਚਾਨ ਹੁੰਦੀ ਤਾਂ ਪਰਮਾਤਮਾ ਨੇ ਆਪ ਹੀ ਮੇਰੀ ਸੁੰਨਤ ਕਰ ਦੇਣਾ ਸੀ।

> "ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ<br>
> ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਚੋਜਕ ਕਿਨ ਪਾਈ"

3) **ਵਿਕਾਰਾਂ ਤੋਂ ਮੁਕਤੀ:** ਕਬੀਰ ਜੀ ਆਪਣੀ ਬਾਣੀ ਵਿਚ ਥਾਂ-ਥਾਂ ਇਹ ਉਪਦੇਸ਼ ਦਿੰਦੇ ਹਨ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਛੱਡੇ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਜਿਵੇ ਦੀਵੇ ਵਿਚੋਂ ਤੇਲ ਖਤਮ ਹੋ ਜਾਂਦਾ ਹੈ ਤਾਂ ਬਤੀ ਬੁੱਝ ਜਾਂਦੀ ਹੈ ਇਸੇ ਤਰਹਾਂ ਮਨ ਵਿਚੋ ਵਾਸਨਾਵਾਂ ਦਾ ਤੇਲ ਮੁਕ ਜਾਣ ਤੇ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ।

> "ਬਾਕੀ ਸੁਕੀ ਤੇਲ ਨਿਖੂਟਾ<br>
> ਮੰਦਲਨ ਬਾਜੈ ਨਟੂ ਪੈ ਸੂਤਾ<br>
> ਬੁਝਿ ਗਈ ਅਗਨਿ ਨ ਨਿਕਸਿਅ ਧੁਆ<br>
> ਰਵਿ ਰਹਿਆ ਏਕ ਅਵਰੁ ਨਹੀਂ ਦੂਆ"

4) **ਮੂਰਤੀ ਪੂਜਾ:** ਕਬੀਰ ਜੀ ਦੀ ਬਾਣੀ ਦਾ ਇਕ ਹੋਰ ਵਿਚਾਰਧਾਰਾਈ ਆਧਾਰ ਮੂਰਤੀ ਪੂਜਾ ਵਰਗੇ ਮਿਥਿਆ ਰੀਤੀ-ਰਿਵਾਜਾਂ ਦੇ ਖੰਡਣ ਨਾਲ ਜੁੜਿਆ ਹੋਇਆ ਹੈ। ਕਬੀਰ ਜੀ ਆਪਣੇ ਵੱਖ ਸ਼ਬਦਾਂ ਵਿਚ ਸਪਸ਼ਟ ਤੌਰ ਤੇ ਇਹ ਐਲਾਨ ਕਰਦੇ ਹਨ ਕਿ ਜਿਹੜੇ ਲੋਕ ਪੱਥਰ ਦੀਆਂ ਮੂਰਤੀਆਂ

ਨੂੰ ਭਗਵਾਨ ਸਮਝ ਕੇ ਪੂਜਦੇ ਹਨ, ਉਹਨਾਂ ਦੀ ਸਾਰੀ ਪੂਜਾ-ਅਰਚਨਾ ਵਿਅਰਥ ਹੈ। ਪੱਥਰ ਦੇ ਇਹ ਦੇਵਤਾ ਪਰਮਾਤਮਾ ਨਹੀਂ ਹੁੰਦੇ।

"ਜੋ ਪਥਰ ਕਉ ਕਹਤੇ ਦੇਵ
ਥਾ ਕੀ ਬਿਰਥੀ ਹੋਵੇ ਸੇਵ
ਝੋ ਪਾਥਰ ਕੀ ਪਾਈ ਪਾਇ
ਤਿਸ ਕੀ ਘਾਲ ਅੰਜਾਈ ਜਾਇ"

## 4.4 Summary (ਨਿਸ਼ਕਰਸ਼)

ਬਾਬਾ ਫ਼ਰੀਦ ਜੀ ਦੀ ਬਾਣੀ ਦੇ ਮੁੱਖ ਵਿਸ਼ੇ ਸਰੀਰ ਦੀ ਨਾਸ਼ਮਾਨਤਾ, ਮੁਰਸ਼ਦ ਦੀ ਲੋੜ, ਆਪੇ ਦੀ ਪਛਾਣ, ਸਹਿਣਸ਼ੀਲਤਾ, ਨਿਮਰਤਾ, ਪਰਮਾਤਮਾ ਪ੍ਰੇਮ, ਭਾਣਾ ਮੰਨਣ ਉੱਤੇ ਜ਼ੋਰ, ਸਾਦਾ ਜੀਵਨ ਜਿਉਣ ਵਾਲੇ ਹਨ। ਕਬੀਰ ਜੀ ਦੀਆਂ ਜੋ ਰਚਨਾਵਾਂ ਜੋ ਅੱਜ ਸਾਨੂੰ ਉਪਲਬਧ ਹਨ ਇਹ ਸਭ ਵਿਭਿੰਨ ਸੰਗ੍ਰਿਹਾਂ ਦੇ ਰੂਪ ਵਿਚ ਹਨ। ਇਹਨਾਂ ਵਿਚੋਂ ਬਹੁਤੀਆਂ ਪਦ, ਸਾਖਿਆਂ ਜਾਂ ਰਮੈਣਾਂ ਦੇ ਰੂਪ ਵਿਚ ਹਨ। ਕਬੀਰ-ਬਾਣੀ ਦੇ ਅਨੇਕ ਸੰਗ੍ਰਹਿ ਵੱਖ-ਵੱਖ ਪੁਸਤਕਾਲਿਆਂ, ਸੰਗ੍ਰਹਾਲਿਆਂ ਵਿਚ ਮਿਲਦੇ ਹਨ।

## 4.5 Glossary (ਔਖੇ ਸ਼ਬਦਾਂ ਦੇ ਅਰਥ)

ਬੰਦਗੀ-ਭਗਤੀ, ਸਾਦਗੀ-ਸਾਦਾ ਜੀਵਨ, ਸ਼੍ਰੋਮਣੀ-ਸਿਰ ਮੌਰ, ਲੋੜ-ਜ਼ਰੂਰਤ, ਮੁਰਸ਼ਦ-ਚੇਲਾ, ਵਿਭਿੰਨ-ਅਲਗ-ਅਲਗ.

## 4.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਭਗਤੀ ਸਾਹਿਤ ਦਾ ਮੋਢੀ ਕੌਣ ਸੀ?
2. ਬਾਬਾ ਫ਼ਰੀਦ ਜੀ ਦਾ ਸਮਾਂ ਦਸੋ?
3. ਭਗਤ ਕਬੀਰ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ।
4. ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਜੀ ਦੇ ਕਿਨੇ ਸ਼ਬਦ ਹਨ।
5. ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੀ ਬਾਣੀ ਕਿੰਨੇ ਰਾਗਾ ਵਿਚ ਹੈ?

## 4.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਬਾਬਾ ਫ਼ਰੀਦ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਚਰਚਾ ਕਰੋ।

2. ਭਗਤ ਕਬੀਰ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਚਰਚਾ ਕਰੋ।

## 4.8 Suggested Reading (ਸਹਾਇਕ ਪੁਸਤਕ ਸੂਚੀ)


1. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ , ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ,
3. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ ਲਾਹੋਰ ਬੁੱਕ ਲੁਧਿਆਣਾ, 2007

# ਵਾਰ

**Structure :**

**1.1 Objective (ਉਦੇਸ਼)**

**1.2 Introduction (ਜਾਣ-ਪਛਾਣ)**

**1.3 Content Section (ਵਿਸ਼ਾ ਪੱਖ)**

**1.4 Summary (ਨਿਸ਼ਕਰਸ਼)**

**1.5 Glossary (ਔਖੇ ਸ਼ਬਦਾਂ ਦੇ ਅਰਥ)**

**1.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

**1.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

**1.8 Suggested Reading (ਸਹਾਇਕ ਪੁਸਤਕ ਸੂਚੀ)**

## 1.1 Objectives (ਉਦੇਸ਼)

ਪੰਜਾਬੀ ਵਾਰ ਕਾਵਿ ਦੀ ਇੱਕ ਵਿਧਾ ਹੈ। ਵਾਰ ਸ਼ਬਦ ਦੀ ਉਤਪਤੀ ਬਾਰੇ ਵੱਖ-ਵੱਖ ਵਿਦਵਾਨਾ ਦੇ ਆਪਣੇ-ਆਪਣੇ ਮਤ ਹਨ। ਵਾਰ ਦੇ ਕਾਵਿ ਸ਼ਾਸਤਰ ਨੂੰ ਵਿਚਾਰਨ ਲੱਗਿਆ ਸਭ ਤੋਂ ਪਹਿਲਾ ਇਸ ਦੇ ਸ਼ਬਦ ਦੀ ਉਤਪਤੀ ਤੋਂ ਸ਼ੁਰੂ ਹੁੰਦੀ ਹੈ। ਜਿਵੇਂ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਇਸ ਬਾਰੇ ਲਿਖਿਆ ਹੈ-ਯੁੱਧ ਸੰਬੰਧੀ ਕਾਵਯ ਉਹ ਰਚਨਾ ਜਿਸ ਵਿੱਚ ਸੁਰ-ਵੀਰਤਾ ਦਾ ਵਰਣਨ ਹੋਵੇ। ਵਾਰ ਸ਼ਬਦ ਦਾ ਅਰਥ ਪਉੜੀ ਛੰਦ ਭੀ ਹੋਇਆ ਹੈ, ਕਿਉਂ ਕਿ

ਯੋਧਿਆਂ ਦੀ ਸੁਰਵੀਰਤਾ ਦਾ ਜੱਸ ਪੰਜਾਬੀ ਕਵੀਆ ਨੇ ਬਹੁਤ ਕਰਕੇ ਇਸੇ ਛੰਦ ਵਿੱਚ ਲਿਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਾਉੜੀ ਛੰਦਾ ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ, ਵਾਰ ਨਾਮ ਤੋਂ ਪ੍ਰਸਿੱਧ ਹੈ।

## 1.2 Introduction (ਜਾਣ-ਪਛਾਣ)

ਲੋਕ ਕਾਵਿ ਵਿਚੋਂ ਵਿਸ਼ਸ਼ਿਟ ਵਿੱਚ ਰੂਪਾਂਤਰਿਤ ਹੋਇਆ ਪਹਿਲਾ ਕਾਵਿ ਰੂਪ ਵਾਰ ਹੈ। ਪੰਜਾਬੀ ਸਾਹਿਤ ਵਿੱਚ ਵਾਰਾਂ ਦੀ ਪਰੰਪਰਾ ਨਾ ਕੇਵਲ ਬਹੁਤ ਪੁਰਾਣੀ ਹੈ ਸਗੋਂ ਇਹਨਾਂ ਦੀ ਰਚਨਾ ਅੱਜ ਵੀ ਹੋ ਰਹੀ ਹੈ। ਪੰਜਾਬ ਦੀ ਭੂਗੋਲਿਕ ਰਾਜਨੀਤਿਕ ਅਤੇ ਇਤਿਹਾਸਿਕ ਸਥਿਤੀ ਇਹਨਾਂ ਦੇ ਉਪਜਣ ਲਈ ਬਹੁਤ ਅਨੁਕੂਲ ਰਹੀ ਹੈ। ਇਥੋਂ ਦੇ ਵਸਨੀਕਾ ਨੂੰ ਆਦਿ ਕਾਲ ਤੋਂ ਹੀ ਬਾਹਰਲੇ ਹਮਲਾਵਰਾਂ ਨਾਲ ਲੋਹਾ ਲੈਣਾ ਪੈਂਦਾ ਰਿਹਾ ਹੈ, ਜਿਸ ਕਰਕੇ ਪੰਜਾਬ ਜੰਗ ਦਾ ਮੈਦਾਨ ਬਣਿਆ ਰਿਹਾ ਹੈ ਵੀਰ ਪੁਰਸ਼ ਜੰਗਾਂ ਦੇ ਨਾਇਕ ਹੁੰਦੇ ਹਨ, ਇਸ ਲਈ ਵਾਰ ਕਿਸੇ ਯੁੱਧ ਕਥਾਨਕ ਅਤੇ ਉਤਸ਼ਾਹੀ ਕਾਰਨਾਮੇ ਨੂੰ ਕੇਂਦਰ ਵਿੱਚ ਰੱਖ ਕੇ ਉਸਦਾ ਜੱਸ ਗਾਇਨ ਕਰਦੀ ਹੈ। ਵਾਰਾ ਰਚਣ ਅਤੇ ਗਾਉਣ ਦਾ ਕੰਮ ਡੂੰਮ, ਮਿਰਾਸੀ, ਭੰਡ ਜਾਂ ਢਾਡੀ ਕਰਿਆ ਕਰਦੇ ਸਨ ਜਿਸ ਦੇ ਇਵਜ਼ ਵਿੱਚ ਉਹਨਾਂ ਨੂੰ ਸਾਮੰਤ, ਜਗੀਰ ਦਾਰ ਅਤੇ ਰਜਵਾੜ੍ਹਿਆ ਵੱਲੋਂ ਨਕਦ ਇਨਾਮ ਤੋਹਫਿਆਂ ਅਤੇ ਹੋਰ ਕਈਆਂ ਰੂਪਾਂ ਵਿੱਚ ਆਰਥਿਕ ਸਹਾਇਤਾ ਪ੍ਰਾਪਤ ਹੁੰਦੀ ਸੀ। ਵਾਰਾ ਦਾ ਰੂਪ ਜ਼ਿਆਦਾਤਰ ਪੰਜਾਬ ਅਤੇ ਰਾਜਸਥਾਨ ਵਿੱਚ ਹੋਈਆ ਸੀ।

ਇਸੇ ਤਰ੍ਹਾਂ ਹੀ ਰਤਨ ਸਿੰਘ ਜੱਗੀ ਨੇ ਸਾਹਿਤ ਕੋਸ਼ ਵਿੱਚ ਵਾਰ ਬਾਰੇ ਲਿਖਿਆਂ ਹੈ-ਵਾਰ ਸ਼ਬਦ ਸੰਸਕ੍ਰਿਤ ਦੇ ਵਾਰਣ ਸ਼ਬਦ ਤੋਂ ਵਿਉਤਪਤ ਪ੍ਰਤੀਤ ਹੁੰਦਾ ਹੈ ਕਿਉਂਕਿ ਇਸ ਵਿੱਚ ਵਰਣਿਤ ਵਿਸ਼ੈ ਦਾ ਉਚਿਤ ਪ੍ਰਭਵ ਪਾਉਣ ਲਈ ਘਟਨਾਵਾਂ ਦਾ ਵਾਰ-2 ਉਲੇਖ ਹੁੰਦਾ ਹੈ ਕਈ ਵਿਦਵਾਨਾ ਦਾ ਮਤ ਹੈ ਕਿ ਢਾਡੀ ਆਪਣੇ ਆਸਰਾ ਦਾਤਿਆ ਦੇ ਬਾਰਾ (ਦਰਵਾਜ਼ਿਆਂ) 'ਤੇ ਜਾ ਕੇ ਉਹਨਾਂ ਦੀ ਅਤੇ ਉਹਨਾਂ ਦੀ ਕੁੱਲ ਪਰੰਪਰਾ ਦੀ ਸਿਫ਼ਤ ਕਰਦੇ ਨੂੰ ਸਮੋਏ ਅਤੇ ਸਿਫ਼ਤ ਨਾਇਕ ਦੇ ਵੀਰ ਪੱਖ ਨਾਲ ਸਬੰਧ ਰੱਖਦੀ ਹੋਵੇ ਵਾਰ ਆਖਿਆ ਜਾਣ ਲੱਗਾ। ਵਾਰ ਸ਼ਬਦ ਦੀ ਉੱਤਪਤੀ ਸੰਸਕ੍ਰਿਤ ਦੀ (ਬਿ) ਧਾਤੂ ਤੋਂ ਮੰਨੀ ਜਾਂਦੀ ਹੈ ਜਿਸ ਦਾ ਪ੍ਰਮੁੱਖ ਅਰਥ ਵਾਰ ਕਰਨ ਜਾਂ ਵਾਰ ਰੋਕਣਾ। ਰਾਜਸਥਾਨੀ ਭਾਸ਼ਾ ਵਿੱਚ ਇਸ ਦਾ ਅਰਥ ਸਹਾਇਤਾ ਲਈ ਪੁਕਾਰਨਾ ਵੀ ਹੈ। ਇਸ ਕਾਵਿ ਰੂਪ ਵਿੱਚ ਜੋਸ਼ ਨਿਰਡਤਾ ਨੂੰ ਉਜਾਗਰ ਕਰਨ ਦੀ ਸਮੱਰਥਾ ਹੁੰਦੀ ਹੈ। ਇਸ ਸ਼ਬਦ ਦੀ ਵਿਉਂਤ ਨੂੰ ਜ਼ਿਆਦਾਤਰ੍ਹ ਵਾਰ ਦੀ ਧਾਤੂ ਤੋਂ ਹੀ ਮੰਨੀ ਜਾਂਦੀ ਹੈ। ਵਾਰ ਵਿੱਚ ਪਾਉੜੀ ਛੰਦ ਦੀ ਵਰਤੋਂ ਕੀਤੀ ਗਈ ਹੈ ਪਾਉੜੀ ਦੇ ਦੋ ਭੇਦ ਹਨ ਸਿਰਖੀਡੀ ਅਤੇ ਨਿਸ਼ਾਨੀ। ਵਾਰ ਡੂੰਮਾ ਮਰਾਸੀਆਂ ਰਾਹੀਂ ਲੋਕਾਂ

ਦੇਦ ਸਮੂਹ ਨੂੰ ਸੰਬੋਧਨ ਕਰਕੇ ਸੁਣਾਈ ਜਾਂਦੀ ਸੀ। ਇਸ ਲਈ ਵਾਰ ਵਿੱਚ ਸੰਬੋਧਨੀ ਪ੍ਰਕਿਰਿਆਂ ਵੀ ਪਾਈ ਜਾਂਦੀ ਸੀ। ਇਸ ਕਰਕੇ ਵਾਰ ਦਾ ਰੂਪ ਬਹੁਤ ਲੌਕਿਕ ਹੁੰਦਾ ਸੀ। ਵਾਰ ਪੰਜਾਬੀਆਂ ਦੇ ਸਾਹਿਤ ਅਤੇ ਸਭਿਆਚਾਰ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਪੂਰਵ ਨਾਨਕ ਕਾਲ ਦੀਆਂ ਵਾਰਾਂ ਜਿਨ੍ਹਾਂ ਨੂੰ ਲੋਕ ਵਾਰਾ ਦਾ ਨਾਮ ਦਿੱਤਾ ਗਿਆ ਉਹ ਕਿਉਂਕਿ ਇਹਨਾਂ ਵਾਰਾ ਦੀ ਪ੍ਰਾਪਤੀ ਸਾਨੂੰ ਮੌਖਿਕ ਅਤੇ ਮਰਾਸੀਆਂ ਢਾਡੀਆਂ ਦੇ ਮੂੰਹੋਂ ਸੁਣ ਕੇ ਇਹਨਾਂ ਦੀ ਮੌਜੂਦਗੀ ਦਾ ਪਤਾ ਚਲਦਾ ਹੈ। ਇਹਨਾਂ ਲੋਕ ਵਾਰਾਂ ਨੇ ਪੰਜਾਬੀ ਵਾਰ ਦੀ ਨੀਂਹ ਪਕੇਰੀ ਕੀਤੀ। ਇਹ ਨਾਂ ਵਾਰਾ ਦਾ ਸਬੰਧ ਲੋਕ-ਧਾਰਾ ਨਾਲ ਸਬੰਧ ਹੋਣ ਕਰਕੇ ਲੋਕਵਾਰਾ ਦਾ ਸਰੂਪ ਲੋਕ ਕਾਵਿ ਵਾਲਾ ਬਣਿਆ। ਠੇਠ ਪੰਜਾਬੀ ਵਿੱਚ ਪਰ ਮੌਖਿਕ ਰੂਪ ਵਿੱਚ ਭੱਟਾਂ ਰਾਹੀ ਸਾਡੇ ਤੱਕ ਪਹੁੰਚੀਆਂ ਇਹਨਾਂ ਵਾਰਾਂ ਦੇ ਸੰਖੇਪ 'ਤੇ ਅਧੂਰੇ ਕਥਾਨਕ ਵੇਰਵੇ ਹੀ ਲੱਭਦੇ ਹਨ। ਅਗਿਆਤ ਕਵੀਆਂ ਵੱਲੋਂ ਰਚੀਆਂ ਗਈਆਂ ਇਹਨਾਂ ਲੋਕ ਵਾਰਾਂ ਦੀ ਪਹਿਚਾਣ ਸਭ ਤੋਂ ਪਹਿਲਾਂ ਨਿਰਮਲਾ ਪੰਥੀ ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰਮਤਿ ਨਿਰਵੈ ਸਾਰਗ' (1819 ਈ.) ਨਾਮ ਦੀ ਆਪਣੀ ਪੁਸਤਕ ਵਿੱਚ ਕਰਵਾਈ। ਪੰਡਿਤ ਨਰੋਤਮ ਨੇ ਉਹ ਇਤਿਹਾਸਕ ਘਟਨਾਵਾਂ ਵੀ ਬਿਆਨ ਕੀਤੀਆ ਜਿਨ੍ਹਾਂ ਦੇ ਆਧਾਰ ਉੱਤੇ ਧੁਨੀਆਂ ਵਾਲੀਆਂ ਵਾਰਾ ਲਿਖੀਆ ਗਈਆਂ। ਇਹ ਵਾਰਾ ਰਾਜਸਥਾਨਨ ਦੇ ਰਾਜਪੂਤ ਦੀ ਆਪਸੀ ਨਿੱਕੀਆਂ ਵੱਡੀਆਂ ਭੇੜਾਂ ਬਾਰੇ ਹਨ ਜਿਨ੍ਹਾਂ ਵਿਚੋਂ ਕੁਝ ਮੁਸਲਮਾਨ ਬਣ ਚੁੱਕੇ ਸਨ। ਆਦਿ ਗ੍ਰੰਥ ਵਿੱਚ ਜਿਨ੍ਹਾਂ ਨੌਂ ਵਾਰਾ ਦੀਆਂ ਲੋਕ ਧੁਨੀਆਂ ਦਾ ਪਾਲਣ ਕਰਨ ਦੀ ਸਲਾਹ ਦਿੱਤੀ ਗਈ ਹੈ ਉਹ ਹੇਠ ਲਿਖੇ ਅਨੁਸਾਰ ਹੈ।

### 1.3 Content Section (ਵਿਸ਼ਾ ਪੱਖ)

ਆਦਿ ਗ੍ਰੰਥ ਵਿੱਚ ਦਰਜ਼ ਵਾਰਾ 6 ਲੋਕ ਵਾਰਾ

1. ਰਾਇ ਕਮਾਲ ਦੀ ਮਉਜ਼ ਕੀ ਵਾਰ
2. ਟੁੰਡੇ ਅਸਰਾਜੈ ਕੀ ਵਾਰ
3. ਲਲਾ ਬਹਲੀਮ ਕੀ ਵਾਰ
4. ਹਸਨੇ ਮਹਮੇ ਕੀ ਵਾਰ
5. ਮੂਸੇ ਕੀ ਵਾਰ
6. ਸਿੰਕਦਰ ਇਬਰਾਹਮ ਕੀ ਵਾਰ

### 1. ਰਾਇ ਕਮਾਲ ਮਉਜ਼ ਕੀ ਵਾਰ

ਇਸ ਵਾਰ ਦੀ ਧੁਨੀ ’ਤੇ ਗੁਰੂ ਅਰਜਨ ਦੇਵ ਜੀ ਦੀ ਗਉੜੀ ਕੀ ਵਾਰ ਗਾਈ ਜਾਂਦੀ ਹੈ। ਬਾਰ ਦੇ ਇਲਾਕੇ ਵਿੱਚ ਦੋ ਭਰਾ ਰਹਿੰਦੇ ਸਨ। ਦੋਵਾਂ ਭਰਾਵਾਂ ਵਿੱਚ ਪਰਿਵਾਰਕ ਝਗੜਾ ਹੋਣ ਕਰਕੇ ਛੋਟੇ ਭਰਾ ਕਮਾਲੁਦੀਨ ਨੇ ਵੱਡੇ ਭਰਾ ਸਾਰੰਗ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਸਾਰੰਗ ਦਾ ਪੁੱਤਰ ਮਉਜ਼ ਜੋ ਆਪਣੀ ਵਿਧਵਾ ਮਾਂ ਨਾਲ ਨਾਨਕੇ ਰਹਿੰਦਾ ਹੈ ਜਵਾਨ ਹੋਣ ’ਤੇ ਆਪਣੇ ਚਾਚੇ ਕਮਾਲੁਦੀਨ ’ਤੇ ਹਮਲਾ ਕਰਦਾ ’ਤੇ ਜਿੱਤ ਪ੍ਰਾਪਤ ਕਰਦਾ ਹੈ ਇਸਨੂੰ ਵੀ ਢਾਡੀਆਂ ਨੇ ਦੂਸਰੀਆਂ ਵਾਰਾ ਦੀ ਸੈਲੀ ਵਿੱਚ ਪੇਸ਼ ਕੀਤਾ ਰਾਣਾ ਰਾਇ ਕਮਾਲ ਦੀ ਰਣ ਭਾਰੀ ਬਾਹੀ। ਮੌਜ਼ ਦੀ ਤਲਵੰਡੀਓ ਚੜ੍ਹਿਆਂ ਸਾਬਾਹੀ। ਢਾਲੀ ਅੰਬਰ ਛਾਇਆ ਫੁੱਲੇ ਅਦ ਕਾਹੀ ਜੁੱਟੇ ਆਮ੍ਹੋ ਸਾਹਮਣੇ ਨੇੜ੍ਹੇ ਝਲਕਾਹੀ। ਮੌਜੇ ਘਰ ਵਧਾਈਆਂ ਘਰ ਚਾਚੇ ਧਾਹੀ।

### 2. ਟੁੰਡੇ ਅਸਰਾਜੇ ਕੀ ਵਾਰ

ਇਸ ਵਾਰ ਵਿੱਚ ਅਸਰਾਜੇ ਦੀ ਕਥਾ ਨੂੰ ਬਿਆਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਨੇ ਆਸਾ ਰਾਗ ਦੀ ਵਾਰ ਨੂੰ ਇਸ ਧਾਰਨਾ ਉਤੇ ਗਾਉਣ ਲਈ ਸੰਕੇਤ ਕੀਤਾ ਹੈ। ਇਸ ਵਾਰ ਵਿੱਚ ਅਸਰਾਜੇ ਰਾਜੇ ਸਾਰੰਗ ਦਾ ਪੁੱਤਰ ਹੈ ’ਤੇ ਉਸਦੀ ਮਤਰੇਈ ਮਾਂ ਦੇ ਵਿਵਹਾਰ ਕਰਕੇ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਮਰਦੂਰ ਰਾਏ ’ਤੇ ਸੁਲਤਾਨ ਅਸਰਾਜੇ ਦੇ ਮਤਰੇਏ ਭਰਾ ਹਨ। ਅਸਰਾਜੇ ਨੂੰ ਮਾਰਨ ਦੀ ਥਾਂ ਖੂਹ ਵਿੱਚ ਸੁੱਟ ਦਿੱਤਾ ਜਾਂਦਾ ਉਸ ਖੂਹ ਕੋਲੋ ਵਪਾਰੀਆਂ ਦਾ ਕਾਫਲਾ ਲੰਘਦਾ ਜੋ ਉਸ ਦੀ ਅਵਾਜ਼ ਸੁਣ ਕੇ ਉਸਨੂੰ ਬਾਹਰ ਕੱਢ ਲੈਂਦੇ ਹਨ ਅਤੇ ਜਿਸ ਨਗਰ ਉਹ ਕਾਫਲਾ ਜਾਂਦਾ ਹੈ ਉਥੋਂ ਦੇ ਰਾਜੇ ਦੀ ਮੌਤ ਹੋ ਜਾਂਦੀ ਹੈ। ਉਸ ਰਾਜੇ ਦੀ ਸੰਤਾਨ ਨ ਹੋਣ ਕਾਰਨ ਰਸਮ ਵਜੋਂ ਅਸਰਾਜੇ ਨੂੰ ਰਾਜਾ ਬਣਾ ਦਿੱਤਾ ਜਾਂਦਾ ਹੈ। ਕਈ ਮੰਨਦੇ ਹਨ ਕਿ ਉਸ ਦੀ ਬਾਂਹ ਵੱਡ ਦਿੱਤੀ ’ਤੇ ਖੂਹ ਵਿੱਚ ਸੁੱਟਣ ਦੀ ਬਜਾਏ ਜੰਗਲ ਵਿੱਚ ਸੁੱਟ ਦਿੱਤਾ ਜਿਸ ਕਰਕੇ ਉਸਨੂੰ ਟੁੰਡਾ ਰਾਜਾ ਕਹਿੰਦੇ ਸਨ ਆਪਣੇ ਮਤਰੇਏ ਭਰਾਵਾਂ ਨਾਲ ਯੁੱਧ ਕੀਤਾ ’ਤੇ ਜਿੱਤ ਪ੍ਰਾਪਤ ਕਰਦਾ ਹੈ ਉਸ ਸਮੇਂ ਢਾਡੀਆਂ ਨੇ ਟੁੰਡੇ ਅਸਰਾਜੇ ਦੀ ਵਾਰ ਲਿਖੀ ਭਬਕਿਓ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ, ਖਾਨ ਸੁਲਤਾਨ ਬਡ ਸੂਰਮੇ ਵਿੱਚ ਰਣ ਦੇ ਗੱਜੇ ਪਤ ਲਿਖੇ ਟੁੰਡੇ ਅਸਰਾਜ ਨੂੰ ਪਤਾਸ਼ਾਹੀ ਅੱਜੇ ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ ਫਤਹ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ ਪਰੰਪਰਾ ਵਿੱਚ ਹੋਰ ਕਥਾ ਵੀ ਪ੍ਰਚੱਲਤ ਹੈ ਕਿ ਸਾਰੰਗ ਰਾਜੇ ਨੇ ਆਪਣੀ ਪਹਿਲੀ ਪਤਨੀ ਦੀ ਮੌਤ ਤੋਂ ਬਾਅਦ ਦੂਸਰਾ ਵਿਆਹ ਕਰਵਾਉਂਦਾ ਹੈ ਅਸਰਾਜੇ ਦੀ ਮਤਰੇਈ ਮਾਂ ਉਸਤੇ ਮੋਹਿਤ ਹੋ ਜਾਂਦੀ ਹੈ ਪਰ ਅਸਰਾਜੇ ਦੇ ਇਨਕਾਰ ਕਰਨ ’ਤੇ ਉਹ ਝੂਠਾ ਦੋਸ਼ ਲਗਾ ਕੇ ਉਸਨੂੰ ਸਜਾ ਕਰਵਾਉਂਦੀ ਹੈ। ਮੌਤ

ਤੋਂ ਬਚ ਕੇ ਹੋਰ ਨਗਰ ਦਾ ਰਾਜਾ ਬਣਦਾ ਹੈ ਅਤੇ ਆਪਣੇ ਪਿਤਾ ਦੇ ਰਾਜ ਵਿੱਚ ਪਏ ਕਾਲ ਸਮੇਂ ਮੱਦਦ ਕਰਦਾ ਹੈ ਤਾਂ ਸਾਰੰਗ ਉਸ ਤੋਂ ਮਾਫੀ ਮੰਗਦਾ ’ਤੇ ਰਾਜਗੱਦੀ ਪ੍ਰਦਾਨ ਕਰਦਾ ਹੈ ਇਹ ਕਥਾ ਪੂਰਨ ਭਗਤ ਦੀ ਕਥਾ ਵਾਲੀ ਹੈ।

### 3. ਲੱਲਾ ਬਹਿਲੀਮਾ ਕੀ ਵਾਰ

‘ਟੁੰਡੇ ਅਸਰਾਜੇ ਦੀ ਵਾਰ’ ਵਾਂਗ ਹੀ ਇਹ ਵਾਰ ਮਸ਼ਹੂਰ ਹੈ। ਇਹ ਕਥਾ ਪ੍ਰਚੱਲਿਤ ਹੈ ਕਿ ਲੱਲਾ ’ਤੇ ਬਹਿਲੀਮਾ ਦੋ ਜਗੀਰਦਾਰ ਕਾਂਗੜ੍ਹੇ ਦੇ ਇਲਾਕੇ ਦੇ ਵਸਨੀਕ ਸਨ। ਪਹਿਲਾ ਦੋਵੇਂ ਮਿੱਤਰ ਪਰ ਬਾਅਦ ਵਿੱਚ ਦੁਸ਼ਮਣ ਬਣ ਜਾਂਦੇ ਹਨ। ਲੱਲਾ ਦੇ ਇਲਾਕੇ ਵਿੱਚ ਪਾਣੀ ਦੀਆਂ ਕੂਲਾਂ ਸਨ। ਲੱਲੇ ਨੇ ਆਪਣੇ ਮਿੱਤਰ ਬਹਲੀਮਾ ਨੂੰ ਸਹਾਇਤਾ ਦੀ ਅਪੀਲ ਕੀਤੀ ਅਤੇ ਸਮਝੌਤਾ ਹੋਇਆ ਕਿ ਫਸਲ ਪੱਕਣ ’ਤੇ ਲੱਲਾ ਬਹਿਲੀਮਾ ਨੂੰ ਫਸਲ ਦਾ ਛੇਵਾਂ ਹਿੱਸਾ ਦੇਵੇਗਾ ਪਰ ਬਾਅਦ ਵਿੱਚ ਬਹਿਲੀਮਾ ਮੁਕਰ ਜਾਂਦਾ ਹੈ ’ਤੇ ਦੋਵਾਂ ਵਿਚਕਾਰ ਯੁੱਧ ਹੁੰਦਾ ਹੈ ਜਿਸ ਵਿੱਚ ਲੱਲਾ ਮਾਰਿਆ ਜਾਂਦਾ ਹੈ। ਇਹ ਵਾਰ ਵੀ ਬੀਰ ਰਸੀ ਰੂਪ ਵਿੱਚ ਲਿਖੀ ਗਈ। ਕਾਲ ਲੱਲਾ ਦੇ ਦੇਸ਼ ਦਾ ਖੋਹਿਆਂ ਬਹਿਲਮਾ ਹਿੱਸਾ ਛੋਟਾ ਮਨਾਇੱਕੈ, ਜਲ ਨਹਿਰੋਂ ਦੀਨਾ ਟਿਰਾਹੁਨ ਹੋਣੇ ਲੱਲਾ ਨੇ ਰਣ ਮੰਡਿਅ ਧੀਨਾ। ਭੇੜ ਦੋਹਾਂ ਵਿੱਚ ਸੌਚਿਆ ਸੱਟ ਪਈ ਅਜੀਮਾਂ, ਸਿਰ ਪੜ੍ਹ ਡਿੱਗੇ ਖੇਤ ਵਿੱਚ ਜਿਉਂ ਵਾਹਣ ਢੀਮਾਂ। ਮਸਾਰੇ ਲੱਲਾ ਬਹਿਲੀਮਾ ਨੇ ਰਣ ਮੇ ਧਰ ਸੀਮਾ।

### 4. ਹਸਨੇ ਮਹਿਮੇ ਕੀ ਵਾਰ

ਹਸਨਾ ’ਤੇ ਮਹਿਮਾ ਦੋਵੇ ਭੱਟੀ ਰਾਜਪੂਤ ਸਨ ਹਸਨੇ ਨੇ ਮਹਿਮੇ ਦੀ ਅਕਬਰ ਬਾਦਸ਼ਾਹ ਕੋਲ ਸਿਕਾਇਤ ਕੀਤੀ ’ਤੇ ਮਹਿਮੇ ਨੂੰ ਕੈਦ ਕਰ ਲਿਆਂ। ਬਾਅਦ ਵਿੱਚ ਮਹਿਮੇ ਨੇ ਬਾਦਸ਼ਾਹ ਤੋਂ ਹਸਨੇ ਨੂੰ ਕੁਚਲਣ ਦੀ ਆਗਿਆ ਲਈ ਕਿਉਂਕਿ ਉਹ ਬਾਗੀ ਹੋ ਰਿਹਾ ਸੀ। ਮਹਿਮੇ ’ਤੇ ਹਸਨੇ ਦਾ ਯੁੱਧ ਹੁੰਦਾ ਹੈ ਜਿਸ ਵਿੱਚ ਹਸਨਾ ਹਾਰ ਜਾਂਦਾ ਹੈ। ਬਾਅਦ ਵਿੱਚ ਹਸਨੇ ਨੇ ਮਾਫੀ ਮੰਗ ਲਈ ’ਤੇ ਮਹਿਮੇ ਨੇ ਉਸਨੂੰ ਮਾਫ ਕਰ ਦਿੱਤਾ। ਇਸ ਵਾਰ ਵਿੱਚ ਜੋ ਸਤਰਾਂ ਚਰਚਿਤ ਹਨ ਉਹਨਾਂ ਵਿੱਚ ਉਸ ਢਾਡੀ ਦਾ ਨਾਮ ਆਉਂਦਾ ਹੈ ਜਿਸ ਨੇ ਇਹ ਲਿਖੀ 1. ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਖੱਟੀ, ਭੇੜ੍ਹ ਦੁਹਾਂ ਦਾ ਮੌਚਿਆ ਮਰ ਵਗੇ ਸਫੱਟੀ ਮਹਿਮੇ ਪਾਈ ਘਤੇ ਰਨ ਗਲ ਹਸਨੇ ਘੱਟੀ ਬੰਨ ਹਸਨੇ ਨੂੰ ਛੌਡਿਆ ਜ਼ਸ ਮਹਿਮੇ ਖੱਟੀ 2. ਹਸਨੇ ਰਾਣਿਆਂ ਦੋਹਾਂ ਉਠਾਈ ਦਲ। ਮਹਿਮਾ ਹਸਨਾ ਮਰਿਆ, ਦੁੱਧ ਤੋਂ ਮੱਖੀ ਗਈ ਟਲ ਬਹੁਤੇ ਰੰਗ ਵਿਗਤਿਆ, ਅਥਰਬਣ ਬੇਦ ਪਾਇਆ ਟੁਟ ਗਲ। ਆਖੀ ਮਾਖੇ ਢਾਡੀਆਂ, ਦੋ ਸੀਂਹ ਨ ਟੁਰਦੇ ਰਲਾ। ਇਸ ਵਿੱਚ ਬਾਦਸ਼ਾਹ ਅਕਬਰ ਦਾ ਸੰਕੇਤ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਇਹ ਪੂਰਵ ਨਾਨਕ ਕਾਲ ਦੀ ਨਹੀਂ ਸਗੋਂ ਉਸ ਤੋਂ ਬਾਅਦ ਵੀ ਹੈ।

### 5. ਮੂਸੇ ਦੀ ਵਾਰ

ਮੂਸਾ ਇੱਕ ਜਗੀਰਦਾਰ ਸੀ ਉਸ ਦੀ ਮੰਗਣੀ ਜਿਸ ਮੁਟਿਆਰ ਨਾਲ ਹੋਈ, ਕਿਸੇ ਕਾਰਨ ਉਸਦਾ ਵਿਆਹ ਹੋਰ ਨਾਲ ਹੁੰਦਾ ਹੈ। ਮੂਸਾ ਉਸ ਜਗੀਰਦਾਰ 'ਤੇ ਹਮਲਾ ਕਰਦਾ 'ਤੇ ਉਸਨੂੰ ਹਰਾ ਕੇ ਗੁਲਾਮ ਬਣਾ ਲੈਂਦਾ ਹੈ। ਮੂਸਾ ਆਪਣੀ ਮੰਗ ਤੋਂ ਪੁੱਛਦਾ ਹੈ ਕਿ ਉਹ ਕਿਸ ਨਾਲ ਰਹਿਣਾ ਚਾਹੁੰਦੀ ਹੈ। ਮੁਟਿਆਰ ਕਹਿੰਦੀ ਹੈ ਜੋ ਉਸ ਦਾ ਪਤੀ ਹੈ। ਮੂਸਾ ਮੁਟਿਆਰ ਦੀ ਦ੍ਰਿੜਤਾ 'ਤੇ ਸਦਾਚਾਰਕ ਦੇਖ ਕੇ ਖੁਸ ਹੁੰਦਾ ਹੈ 'ਤੇ ਉਹਨਾਂ ਦੋਵਾਂ ਨੂੰ ਰਿਹਾ ਕਰਦਾ ਹੈ। ਮੁੱਸੇ ਦੀ ਇਸ ਖੁੱਲੀ ਦਿਲੀ 'ਤੇ ਬਹਾਦਰੀ ਨੂੰ ਢਾਡੀਆਂ ਨੇ ਵਾਰ ਵਿੱਚ ਪੇਸ਼ ਕੀਤਾ ਤ੍ਰੈ ਸੈ ਸਠ ਮਰਾਤਬ ਇਕਿ ਘੁਰਿਐ ਡਗੇ। ਚੜ੍ਹਿਆ ਮੂਸਾ ਪਾਤਸਾਹ ਸਭ ਸੁਣਿਆ ਜਗੇ। ਦੰਦ ਚਿੱਟੇ ਬੜ ਹਾਥੀਆਂ ਦਹੁ ਕਿਤ ਵਰਗੇ ਰੁਤ ਪਛਾਟੀ ਬਗੁਲਿਆ ਘਟ ਕਾਲੀ ਬਗੇ ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੇ।

### 6. ਸਿਕੰਦਰ ਇਬਰਾਹਮ ਕੀ ਵਾਰ

ਸਿਕੰਦਰ ਅਤੇ ਇਬਰਾਹਿਮ ਦੋ ਇਕੋ ਖਾਨਦਾਨ ਦੇ ਰਈਸ ਸਨ। ਇਬਰਾਹਿਮ ਵਿਭਚਾਰੀ ਸੀ। ਉਸ ਨੇ ਕਿਸੇ ਦੀ ਕੰਨਿਆ ਦਾ ਪਿਤਾ ਸਿਕੰਦਰ ਦੀ ਸ਼ਰਨ ਗਿਆ ਔਰ ਇਬਰਾਹੀਮ ਦਾ ਅਤਿਆਚਾਰ ਦਸਿਆ। ਸਿਕੰਦਰ ਸੈਨਾ ਲੈ ਕੇ ਇਬਰਾਹੀਮ ਪੁਰ ਚੜ ਆਇਆ ਅਤੇ ਜੰਗ ਜਿੱਤ ਕੇ ਇਬਰਾਹੀਮ ਨੂੰ ਕੈਦੀ ਬਣਾ ਲਿਆ ਅਤੇ ਇਬਰਾਹੀਮ ਨੇ ਆਪਣੇ ਜੀਵਨ ਨੂੰ ਸੁਧਾਰਣ ਦਾ ਪ੍ਰਣ ਕਰ ਕੇ ਸਿਕੰਦਰ ਓਂ ਛੁਟਕਾਰਾ ਪਾਇਆ।

### 1.4 Summary (ਨਿਸ਼ਕਰਸ਼)

### 1.5 Glossary (ਔਖੇ ਸ਼ਬਦਾਂ ਦੇ ਅਰਥ)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

### 1.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਵਾਰ ਦੀ ਪਰਿਭਾਸ਼ਾ ਲਿਖੋ।
2. ਪੁਰਵ ਨਾਨਕ ਕਾਲ ਦੀਆਂ ਕੋਈ ਤਿੰਨ ਵਾਰਾਂ ਦੇ ਨਾਮ ਦਸੋ।
3. ਲੋਕ ਵਾਰ ਤੋਂ ਕੀ ਭਾਂਵ ਹੈ।

4. ਟੁੰਡੇ ਅਸਰਾਜੇ ਦੀ ਵਾਰ ਕਿਸ ਰਾਗ ਵਿਚ ਹੈ?

5. ਲਲਾ ਵਹਲਮਾ ਦੀ ਵਾਰ ਦੀ ਧੁਨੀ ਦਸੋ।

## 1.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਪੰਜਾਬੀ ਸਾਹਿਤ ਦੀਆਂ ਅਧਿਆਤਮਕ ਵਾਰ ਬਾਰੇ ਚਰਚਾ ਕਰੋ।

2. ਵਾਰ ਸ਼ਬਦ ਦੀ ਪਰਿਭਾਸ਼ਾਂ ਦਿੰਦੇ ਹੋਏ ਪੁਰਵ ਨਾਨਕ ਕਾਲ ਦੀਆਂ ਛੇ ਵਾਰਾਂ ਦਸੋ।

## 1.8 Suggested Reading (ਸਹਾਇਕ ਪੁਸਤਕ ਸੂਚੀ)


1. ਪ੍ਰੋ. ਬ੍ਰਹਮਜਗਦੀਸ਼ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ", ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007

2. ਡਾ. ਪਰਮਿੰਦਰ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ",

3. ਡਾ. ਰਾਜਿੰਦਰ ਸਿੰਘ ਸੇਖੋਂ, "ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ" ਲਾਹੋਰ ਬੱਕ ਲੁਧਿਆਣਾ, 2007

# ਗੁਰਮਤਿ ਕਾਵਿ

**Structure :**


1.1 **Objective (ਉਦੇਸ਼)**

1.2 **Introduction (ਜਾਣ-ਪਛਾਣ)**

1.3 **Content Section (ਵਿਸ਼ਾ ਪੱਖ)**

1.4 **Summary (ਨਿਸ਼ਕਰਸ਼)**

1.5 **Glossary (ਔਖੇ ਸ਼ਬਦਾਂ ਦੇ ਅਰਥ)**

1.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

1.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

1.8 **Suggested Reading (ਸਹਾਇਕ ਪੁਸਤਕ ਸੂਚੀ)**


## 1.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਗੁਰਮਤਿ ਕਾਵਿ ਪਰੰਪਰਾ ਬਾਰੇ ਦਸਿਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੁਰਮਤਿ ਕਾਵਿ ਦਾ ਮੁੱਢ ਕਿਥੋਂ ਬਝਦਾ ਹੈ।ਗੁਰਮਤਿ ਕਾਵਿ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਸੁਰੂ ਹੁੰਦਾ ਹੈ ਤੇ ਨਿਰੰਤਰ ਅਗੇ ਵਧਦਾ ਹੈ ਇਸ ਵਿਚ ਗੁਰੁ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਵੀ ਸਾਮਿਲ ਹੈ। ਜਿਵੇਂ ਕਿ:-

## 1.2 Introduction (ਜਾਣ-ਪਛਾਣ)

ਗੁਰਮਤਿ ਸਾਹਿੱਤ ਮੱਧਕਾਲੀਨ ਪੰਜਾਬੀ ਸਾਹਿਤ ਦੀ ਸਭ ਤੋਂ ਪ੍ਰਮੁੱਖ ਅਤੇ ਊਰਜਾਵੰਤ ਕਾਵਿ ਧਾਰਾ ਹੈ। ਇਸ ਧਾਰਾ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਜੋ ਸਿੱਖ ਮਤਿ ਦੇ ਪਹਿਲੇ ਸਤਿਗੁਰੂ ਸਨ। ਇਸ ਧਾਰਾ ਵਿਚ ਗੁਰੂ ਸਾਹਿਬਾਨ ਦੀ ਆਪਣੀ ਬਾਣੀ ਤੋਂ ਬਿਨਾਂ ਕੁਝ ਉਨ੍ਹਾਂ ਸੂਫ਼ੀਆਂ, ਸੰਤਾਂ ਅਤੇ ਭਗਤਾਂ ਦੀ ਬਾਣੀ ਵੀ ਆ ਜਾਂਦੀ ਹੈ ਜੋ ਗੁਰੂ ਨਾਨਕ ਦੇਵ ਜੀ ਤੋਂ ਦੋ-ਤਿੰਨ ਸਦੀਆਂ ਪਹਿਲਾਂ ਹੋ ਚੁੱਕੇ ਸਨ। ਸਿੱਖ ਸਤਿਗੁਰਾਂ ਨੇ ਇਸ ਬਾਣੀ ਨੂੰ ਵੀ ਆਪਣੇ ਸਮਕਾਲੀ ਯੁਗ ਦੀਆਂ ਪਰਿਸਥਿਤੀਆਂ ਵਾਸਤੇ ਪ੍ਰਾਸੰਗਿਕ ਜਾਣ ਕੇ ਸੰਭਾਲ ਰੱਖਿਆ ਸੀ ਅਤੇ ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ (1604 ਈ.) ਸਮੇਂ ਇਸ ਨੂੰ ਵੀ ਪਵਿੱਤਰ ਗ੍ਰੰਥ ਵਿਚ ਸ਼ਾਮਲ ਕਰ ਲਿਆ ਸੀ। ਇਸ ਤਰ੍ਹਾਂ ਗੁਰਮਤਿ ਸਾਹਿਤ ਦਾ ਬਾਣੀ ਸੰਸਾਰ ਬਹੁਤ ਵਿਆਪਕ ਅਰਥਾਂ ਦਾ ਧਾਰਨੀ ਹੈ।

## 1.3 Content Section (ਵਿਸ਼ਾ ਪੱਖ)

ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਅਤੇ ਸੰਦੇਸ਼ ਦਾ ਪ੍ਰਚਾਰ ਕਰਨ ਵਾਸਤੇ ਉਦਾਸੀਆਂ ਤੇ ਜਾਣ ਤੋਂ ਪਹਿਲਾਂ ਇਕ ਵਿਆਪਕ ਪ੍ਰਾਜੈਕਟ ਬਣਾਇਆ ਹੋਇਆ ਸੀ। ਆਪਣੇ ਸਮਕਾਲੀ ਸਮਾਜ ਨੂੰ ਨਿਸ਼ਚਿਤ ਸੇਧ ਦੇਣ ਵਾਸਤੇ, ਵਿਚਾਰਧਾਰਾ ਦੀ ਪੱਧਰ ਤੇ ਉਨ੍ਹਾਂ ਨੇ ਮਾਨਵੀ ਕਦਰਾਂ-ਕੀਮਤਾਂ ਦੀ ਪ੍ਰਮਾਣਿਕਤਾ/ ਅਪ੍ਰਮਾਣਿਕਤਾ ਦਾ ਵੀ ਨਿਰਣਾ ਕਰ ਲਿਆ ਸੀ। ਇਹੀ ਕਾਰਨ ਹੈ ਕਿ ਆਪ ਜਿਥੇ ਵੀ ਜਦੋਂ ਵੀ ਕਿਧਰੇ ਗਏ ਤਾਂ ਆਪ ਨੂੰ ਦਰਪੇਸ਼ ਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਵਾਸਤੇ ਕੋਈ ਕਠਿਨਾਈ ਅਨੁਭਵ ਨਾ ਹੋਈ। ਸਤਿਗੁਰੂ ਨਾਨਕ ਦੇਵ ਜੀ ਨੂੰ ਭਾਰਤ ਦੇ ਅਧਿਆਤਮਕ ਵਿਰਸੇ ਵਿਚੋਂ ਬਹੁਤ ਕੁਝ ਪ੍ਰਾਪਤ ਹੋਇਆ। ਆਪ ਨੂੰ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣ-ਗ੍ਰੰਥਾਂ ਦੇ ਰੂਪ ਵਿਚ ਹਿੰਦੂ ਦਰਸ਼ਨ ਪ੍ਰਾਪਤ ਹੋਇਆ। ਇਸ ਦਰਸ਼ਨ ਵਿਚੋਂ ਪਰਮਾਤਮਾ, ਪ੍ਰਕ੍ਰਿਤੀ, ਜੀਵਾਤਮਾ, ਆਵਾਗਵਣ, ਨਰਕ-ਸੁਰਗ, ਮੁਕਤੀ, ਨਾਮ-ਸਿਮਰਨ, ਤੀਰਥ-ਇਸ਼ਨਾਨ, ਸਤਿਗੁਰੂ ਅਤੇ ਕਰਮ-ਕਾਂਡ ਸਬੰਧੀ ਆਪ ਨੂੰ ਬਹੁਤ ਸਾਰੀਆਂ ਅੰਤਰ-ਦ੍ਰਿਸ਼ਟੀਆਂ ਹਾਸਲ ਹੋਈਆਂ। ਇਨ੍ਹਾਂ ਵਿਚੋਂ ਕੁਝ ਇਕ ਨੂੰ ਆਪ ਨੇ ਵੇਲਾ ਵਿਹਾ ਚੁੱਕੀਆਂ ਮੰਨ ਕੇ ਪੂਰਨ ਭਾਂਤ ਨਕਾਰ ਦਿੱਤਾ, ਕੁਝ ਨੂੰ ਸੰਸ਼ੋਧਿਤ ਰੂਪ ਵਿਚ ਵਰਤ ਲਿਆ ਅਤੇ ਕੁਝ ਹੋਰ ਅੰਤਰ-ਦ੍ਰਿਸ਼ਟੀਆਂ ਉਨ੍ਹਾਂ ਦੀ ਆਪਣੀ ਵਿਚਾਰਧਾਰਾ ਦੇ ਨਾਲ-ਨਾਲ ਸਮਾਨਾਂਤਰ ਰੂਪ ਵਿਚ ਗਤੀਸ਼ੀਲ ਰਹੀਆਂ। ਸਭਿਆਚਾਰਕ ਵਿਰਾਸਤ ਦਾ ਦੂਜਾ ਰੂਪ ਯੋਗ-ਦਰਸ਼ਨ ਦੇ ਰੂਪ ਵਿਚ ਆਪਦੇ ਸਨਮੁਖ ਸੀ। ਭਾਰਤੀ ਦਰਸ਼ਨ ਅਤੇ ਚਿੰਤਨ ਨੂੰ ਮਹਾਤਮਾ ਬੁੱਧ ਅਤੇ ਉਨ੍ਹਾਂ ਦੇ ਅਨੁਆਈ ਇਕ ਨਵੀਂ ਸੂਰਤ ਪ੍ਰਦਾਨ ਕਰ ਚੁੱਕੇ ਸਨ। ਮਹਾਤਮਾ ਬੁੱਧ ਨੇ ਆਰੀਆ ਕਹੀ ਜਾਣ ਵਾਲੀ ਸੰਸਕ੍ਰਿਤੀ ਦੇ ਬਹੁਤ ਸਾਰੇ ਪੱਖਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ

ਸੀ। ਆਰੀਆਂ ਨੇ ਵਰਣ-ਆਸ਼ਰਮ ਦੇ ਜਿਸ ਮਾਡਲ ਨਾਲ ਪੂਰਵ-ਆਰੀਆ (ਦਰਾਵੜ) ਸੰਸਕ੍ਰਿਤੀ ਉਪਰ ਆਕ੍ਰਮਣ ਕੀਤਾ ਸੀ, ਉਸ ਮਾਡਲ ਨੂੰ ਮਹਾਤਮਾ ਬੁੱਧ ਨੇ ਮਾਨਵ ਵਿਰੋਧੀ ਜਾਣ ਕੇ ਅਸਵੀਕਾਰ ਕਰ ਦਿੱਤਾ। ਕਰਮ-ਕਾਂਡਾਂ ਅਤੇ ਇਹੋ ਜਿਹੇ ਹੋਰ ਅਨੁਸ਼ਠਾਨਾਂ ਦੁਆਰਾ ਪ੍ਰਾਪਤ ਹੋਣ ਵਾਲੇ ਪਰਮਾਤਮਾ ਦਾ ਸੰਕਲਪ ਵੀ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ। ਮਹਾਤਮਾ ਬੁੱਧ ਤੋਂ ਪਿਛੋਂ ਵਿਕਸਿਤ ਹੋਏ ਬੁੱਧ ਧਰਮ ਦੇ ਵਿਚਾਰਧਾਰਕ ਪਰਿਪ ਵਿਚ ਬਹੁਤ ਸਾਰੇ ਉਤਰਾਅ-ਚੜ੍ਹਾਅ ਆਏ। ਪੰਜਵੀਂ-ਛੇਵੀਂ ਈਸਵੀ ਤੱਕ ਸਿੱਧ ਪੰਥ ਆਪਣਾ ਇਕ ਵਿਸ਼ੇਸ਼ ਸਰੂਪ ਪ੍ਰਾਪਤ ਕਰ ਚੁੱਕਾ ਸੀ। ਹੁਣ ਇਸ ਵਿਚ ਭੋਗਵਾਦੀ ਰੁਚੀਆਂ ਭਾਰੂ ਹੋ ਗਈਆਂ ਸਨ। ਇਨ੍ਹਾਂ ਸਿੱਧਾਂ ਲਈ ਸਰੀਰਕ ਭੋਗਾਂ ਦੀ ਤ੍ਰਿਪਤੀ, ਆਤਮਿਕ-ਤ੍ਰਿਪਤੀ ਵੱਲ ਨੂੰ ਪਹਿਲਾ ਕਦਮ ਸੀ। ਸਿੱਧ ਜੋਗੀਆਂ ਦੀ ਇਕ ਸੰਪਰਦਾਇ ਪੰਜ ਮਕਾਰਾਂ (ਮਾਸ, ਮਦਿਰਾ, ਮੈਥੁਨ, ਮਤਸਯ ਅਤੇ ਮੁਦਾ) ਨੂੰ ਨਿਰਵਾਣ-ਪ੍ਰਾਪਤੀ ਵਾਸਤੇ ਆਵੱਸ਼ਕ ਮੰਨਣ ਲੱਗੀ ਸੀ, ਜਿਸ ਕਾਰਨ ਇਹ ਸੰਪਰਦਾਇ ਵਿਭਚਾਰੀ ਹੋ ਗਈ ਸੀ। ਸਿੱਧ-ਸੰਪਰਦਾਇ ਦੀਆਂ ਇਨ੍ਹਾਂ ਕੁਰੀਤੀਆਂ ਦਾ ਵਿਰੋਧ ਨਾਥ-ਜੋਗੀਆਂ ਨੇ ਕੀਤਾ। ਨਾਥ-ਜੋਗੀ ਭੇਖ ਦੇ ਜੋਗੀ ਕਹਿਲਾਉਣ ਦੀ ਬਜਾਇ 'ਆਤਮਾ ਦੇ ਜੋਗੀ' ਅਖਵਾਉਣਾ ਪਸੰਦ ਕਰਦੇ ਸਨ। ਇਸੇ ਕਾਰਨ ਗੋਰਖਨਾਥ, ਮਛੰਦਰ ਨਾਥ ਅਤੇ ਹੋਰ ਨਾਥ-ਜੋਗੀਆਂ ਦੀ ਬਾਣੀ ਵਿਚ ਇਸਤ੍ਰੀ-ਜਾਤੀ ਦੀ ਨਿੰਦਿਆ ਵੀ ਕੀਤੀ ਗਈ ਅਤੇ ਉਸਨੂੰ ਨਿਰਵਾਣ-ਪ੍ਰਾਪਤੀ ਦੇ ਮਾਰਗ ਵਿਚ ਸਭ ਤੋਂ ਵੱਡੀ ਰੁਕਾਵਟ ਘੋਸ਼ਿਤ ਕੀਤਾ ਗਿਆ ਹੈ। ਨਾਥ ਜੋਗੀਆਂ ਨੇ 'ਪਰਵਿਰਤੀ' (ਗ੍ਰਹਿਸਤ) ਮਾਰਗ ਦੀ ਬਜਾਇ ਨਵਿਰਤੀ (ਬ੍ਰਹਮਚਰਯ) ਮਾਰਗ ਨੂੰ ਸ੍ਰੇਸ਼ਠ ਮੰਨਿਆ ਅਤੇ ਮੋਕਸ਼-ਪਦ ਦੀ ਪ੍ਰਾਪਤੀ ਲਈ ਘਰ-ਬਾਰ ਤਿਆਗ ਕੇ ਜੰਗਲਾਂ ਅਤੇ ਪਹਾੜਾਂ ਵੱਲ ਨਿਕਲ ਗਏ। ਗੁਰੂ ਨਾਨਕ ਦੇਵ ਜੀ ਦੇ ਯੁਗ ਵਿਚ ਇਨ੍ਹਾਂ ਨਾਥ-ਜੋਗੀਆਂ ਦਾ ਕਾਫੀ ਪ੍ਰਭਾਵ ਸੀ। ਇਸੇ ਲਈ ਗੁਰੂ ਸਾਹਿਬ ਨੇ ਬਾਰ-ਬਾਰ ਇਨ੍ਹਾਂ ਜੋਗੀਆਂ ਨਾਲ ਸੰਵਾਦ ਰਚਾਇਆ ਅਤੇ 'ਨਵਿਰਤੀ' ਨੂੰ ਪਲਾਇਣਵਾਦੀ ਦਰਸਾ ਕੇ ਆਮ ਲੋਕਾਂ ਨੂੰ ਪਰਵਿਰਤੀ ਮਾਰਗ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਪਰ ਇਉਂ ਕਰਦਿਆਂ ਆਪ ਸਿੱਧ ਜੋਗੀਆਂ ਦੀ ਭੋਗਵਾਦੀ ਪਰੰਪਰਾ ਵੱਲ ਨਹੀਂ ਗਏ ਬਲਕਿ 'ਗ੍ਰਹਿਸਤ ਮਹਿ ਉਦਾਸ' ਰਹਿਣ ਦਾ ਉਪਦੇਸ਼ ਦ੍ਰਿੜ੍ਹਾ ਕੇ ਇਕ ਨਵੀਂ ਤਰ੍ਹਾਂ ਦੇ ਯੋਗ-ਸੰਕਲਪ ਦਾ ਸੂਤਰਪਾਤ ਕੀਤਾ। ਗੁਰੂ ਜੀ ਨੇ ਫੁਰਮਾਇਆ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

*(ਆਦਿ ਗ੍ਰੰਥ, ਪੰਨਾ ੭੩੦)*

ਗੁਰੂ ਨਾਨਕ ਦੇਵ ਜੀ ਦੇ ਯੁਗ ਵਿਚ ਧਰਮ ਦਾ ਇਕ ਹੋਰ ਰੂਪ ਇਸਲਾਮ ਨਾਲ ਸੰਬੰਧਿਤ ਸੀ। ਇਸਲਾਮ ਉਸ ਸਮੇਂ ਦੇ ਹੁਕਮਰਾਨਾਂ ਦਾ ਧਰਮ ਹੋਣ ਸਦਕਾ ਦੂਜੇ ਧਰਮਾਂ ਦੀ ਤੁਲਨਾ ਵਿਚ ਬਿਹਤਰ ਸਥਿਤੀ ਵਿਚ ਸੀ। ਉਸਨੂੰ ਹਕੂਮਤ ਦਾ ਸਹਾਰਾ ਮਿਲਿਆ ਹੋਇਆ ਸੀ। ਉਂਞ ਵੀ ਮੁਸਲਮਾਨ ਹਾਕਮਾਂ ਵਿਚ ਆਪਣੇ ਧਰਮ ਨੂੰ ਫੈਲਾਉਣ ਦਾ ਜੋਸ਼ ਕੁਝ ਵਧੇਰੇ ਹੀ ਸੀ। ਸਿਟੇ ਵਜੋਂ ਇਸਲਾਮ ਦੇ ਵਾਸਤਵਿਕ ਲੱਛਣ—ਹਲੀਮੀ, ਮੁਹੱਬਤ, ਸਮਾਨਤਾ, ਸਮਾਜਕ ਨਿਆਇ ਅਤੇ ਇਕ ਰੱਬ ਦੀ ਪੂਜਾ ਕਰਨਾ ਆਦਿਕ ਪ੍ਰਿਸ਼ਠ-ਭੂਮੀ ਵਿਚ ਚਲੇ ਗਏ ਸਨ ਅਤੇ ਉਨ੍ਹਾਂ ਦੀ ਥਾਂ ਅਸਹਿਣਸ਼ੀਲਤਾ, ਆਕਾਮਕਤਾ, ਹਿੰਸਾ ਅਤੇ ਪ੍ਰਤਿਸ਼ੋਧ ਆਦਿਕ ਅਗਰਭੂਮੀ ਵਿਚ ਆ ਗਏ ਸਨ। ਗੁਰੂ ਨਾਨਕ ਨੇ ਮੁਸਲਮਾਨਾਂ ਨੂੰ ਆਪਣੇ ਧਰਮ ਦੀ ਇਕ ਨਵੀਂ ਪਹਿਚਾਣ ਨਾਲ ਪਰਿਚਿਤ ਕਰਵਾਇਆ। ਇਕ ਸੱਚੇ ਮੁਸਲਮਾਨ ਦੀ ਪਰਿਭਾਸ਼ਾ ਆਪ ਨੇ ਇਸ ਤਰ੍ਹਾਂ ਪੇਸ਼ ਕੀਤੀ :

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

*(ਵਾਰ ਮਾਝ ਕੀ, ਪੰਨਾ ੧੪੦)*

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਆਪਣੇ ਯੁਗ ਦੇ ਸਾਰੇ ਪ੍ਰਮੁੱਖ ਧਰਮਾਂ ਵਿਚ ਆ ਚੁੱਕੀ ਨੈਤਿਕ ਅਤੇ ਪਰਮਾਰਥਕ ਗਿਰਾਵਟ ਦਾ ਇਕ ਵਾਸਤਵਿਕ ਚਿੱਤਰ ਪੇਸ਼ ਕਰਦੇ ਹਨ। ਆਪ ਅਨੁਸਾਰ ਬ੍ਰਾਹਮਣ, ਕਾਜ਼ੀ ਅਤੇ ਜੋਗੀ ਆਪਣੀ ਪ੍ਰਾਸੰਗਿਕਤਾ ਗੁਆ ਬੈਠੇ ਹਨ। ਆਪਣੀ ਪ੍ਰਾਸੰਗਿਕਤਾ ਦੀ ਪੁਨਰ ਪ੍ਰਾਪਤੀ ਲਈ ਉਨ੍ਹਾਂ ਨੂੰ ਆਪਣੇ-ਆਪਣੇ ਧਰਮ ਦੀ ਪੁਨਰ-ਪਹਿਚਾਣ ਕਰਨੀ ਪਵੇਗੀ। ਆਪ ਅਨੁਸਾਰ :

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥
ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰਪਰਸਾਦੀ ਏਕੋ ਜਾਣੈ॥
ਕਾਜੀ ਸੋ ਜੋ ਉਲਟੀ ਕਰੈ॥
ਗੁਰਪਰਸਾਦੀ ਜੀਵਤੁ ਮਰੈ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥ *(ਆਦਿ ਗ੍ਰੰਥ, ਪੰਨਾ ੬੬੨)*

ਧਰਮ-ਸ਼ਾਸਤਰੀ ਅੰਤਰ-ਦ੍ਰਿਸ਼ਟੀਆਂ ਤੋਂ ਬਿਨਾਂ ਗੁਰੂ ਨਾਨਕ ਨੂੰ ਆਪਣੇ ਤੋਂ ਪਹਿਲਾਂ ਹੋ ਚੁੱਕੇ ਸੂਫ਼ੀਆਂ ਅਤੇ ਭਗਤਾਂ ਦੀਆਂ ਰਚਨਾਵਾਂ ਵੀ ਸਾਹਿਤਿਕ ਵਿਰਾਸਤ ਦੇ ਰੂਪ ਵਿਚ ਪ੍ਰਾਪਤ ਹੋਈਆਂ। ਪੰਜਾਬ ਵਿਚੋਂ ਉਨ੍ਹਾਂ ਨੂੰ ਸ਼ੇਖ਼ ਫ਼ਰੀਦ ਜੀ ਦੀ ਬਾਣੀ ਹਾਸਲ ਹੋਈ ਜਿਸ ਵਿਚ ਇਕ ਅੱਲਾਹ ਨੂੰ ਪ੍ਰੇਮ ਕਰਨ ਦਾ ਉਪਦੇਸ਼ ਦ੍ਰਿੜਾਇਆ ਗਿਆ ਸੀ, ਗੁਰੂ ਦੇ ਮਹੱਤਵ ਨੂੰ ਪ੍ਰਗਟ ਕੀਤਾ ਗਿਆ ਸੀ ਅਤੇ ਚੰਗੇ ਕਰਮਾਂ ਦੀ ਪ੍ਰੇਰਣਾ ਦੇ ਕੇ ਵਿਅਕਤੀ ਨੂੰ ਦਰਵੇਸ਼ ਬਣਨ ਦਾ ਉਪਦੇਸ਼ ਦਿੱਤਾ ਸੀ। ਫ਼ਰੀਦ ਬਾਣੀ ਤੋਂ ਬਿਨਾਂ ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵਿਦਾਸ ਅਤੇ ਹੋਰ ਨਿਰਗੁਣਵਾਦੀ ਸੰਤਾਂ-ਭਗਤਾਂ ਦੀ ਬਾਣੀ ਵੀ ਆਪ ਨੂੰ ਪ੍ਰਾਪਤ ਹੋਈ। ਇਨ੍ਹਾਂ ਭਗਤਾਂ ਨੇ ਬ੍ਰਾਹਮਣਵਾਦੀ ਕਰਮ-ਕਾਂਡਾਂ ਨੂੰ ਮਿਥਿਆ ਦਰਸਾ ਕੇ ਪ੍ਰੇਮਾਭਗਤੀ ਦੇ ਮਾਧਿਅਮ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਦੀ ਜਾਚ ਸਿਖਾਈ ਸੀ। ਇਹ ਸਾਰੇ ਭਗਤ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਸ਼ੂਦਰ ਮੰਨੀਆਂ ਜਾਣ ਵਾਲੀਆਂ ਜਾਤੀਆਂ ਦੀ ਪ੍ਰਤੀਨਿਧਤਾ ਕਰਦੇ ਸਨ। ਇਨ੍ਹਾਂ ਭਗਤਾਂ ਨੇ ਬਾਰ-ਬਾਰ ਇਸ ਗਲ ਵੱਲ ਸੰਕੇਤ ਕੀਤਾ ਹੈ ਕਿ ਬ੍ਰਾਹਮਣ ਸ਼੍ਰੇਣੀ ਉਨ੍ਹਾਂ ਨੂੰ ਨਿਮਨ ਜਾਤੀ ਦੇ ਸਦੱਸ ਕਹਿਕੇ ਉਹਨਾਂ ਦਾ ਅਪਮਾਨ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਾਤੀ-ਪ੍ਰਥਾ ਦਾ ਵਿਰੋਧ ਕਰਨ ਲਈ ਇਹਨਾਂ ਸੰਤਾਂ-ਭਗਤਾਂ ਨੇ ਬਾਣੀ ਵਿਚ ਆਪਣੇ ਆਪ ਨੂੰ ਨਿਮਨ ਜਾਤੀ ਦੇ ਮੈਂਬਰ ਘੋਸ਼ਿਤ ਕਰਕੇ ਬ੍ਰਾਹਮਣਵਾਦ ਦੀ ਖਿੱਲੀ ਉਡਾਈ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਸੰਤਾਂ-ਭਗਤਾਂ ਨਾਲ ਆਪਣੀ ਮਾਨਵੀ ਏਕਤਾ ਦਾ ਸਬੂਤ ਦਿੰਦਿਆਂ ਹੋਇਆਂ ਆਪਣੇ ਆਪ ਨੂੰ ਨੀਚ ਜਾਤੀ ਦੇ ਸਦੱਸ ਘੋਸ਼ਿਤ ਕੀਤਾ। ਜਿਵੇਂ :

ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ *(ਆਦਿ ਗ੍ਰੰਥ, ਪੰਨਾ ੧੫)*

ਅਤੇ

ਹਉ ਢਾਡੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥*(ਆਦਿ ਗ੍ਰੰਥ, ਪੰਨਾ ੪੬੮)*

## 1.4 Summary (ਨਿਸ਼ਕਰਸ਼)

ਗੁਰੂ ਨਾਨਕ ਦੇ ਜੀ ਯੁਗ ਵਿਚ ਲੋਕ-ਸਾਹਿਤ ਦੀਆਂ ਕਈ ਵੰਨਗੀਆਂ ਕਾਫੀ ਲੋਕਪ੍ਰਿਅ ਸਨ। ਉਨ੍ਹਾਂ ਵਿਚ ਉਸ ਸਮੇਂ ਦੀਆਂ ਬਹੁਤ ਸਾਰੀਆਂ ਸਾਹਿਤਿਕ ਰੂੜ੍ਹੀਆਂ ਅਤੇ ਕਾਵਿ-ਸ਼ਾਸਤਰੀ ਮੁੱਲ ਸਹਿਜ ਰੂਪ ਵਿਚ ਪ੍ਰਵਾਹਮਾਨ ਸਨ। ਗੁਰੂ ਸਾਹਿਬ ਨੇ ਇਨ੍ਹਾਂ ਵੰਨਗੀਆਂ ਨੂੰ ਆਧਾਰ ਬਣਾ ਕੇ ਇਨ੍ਹਾਂ ਦੀ ਜ਼ਮੀਨ ਉਪਰ ਅਧਿਆਤਮਕ ਸਾਹਿਤ ਦੀ ਸਿਰਜਣਾ ਕੀਤੀ। ਉਦਾਹਰਣ ਲਈ

ਗੁਰੂ ਜੀ ਨੇ ਨਿਤਾਪ੍ਰਤਿ ਉੱਚਾਰਨ ਕਰਨ ਵਾਲੀ ਗੁਰਮਤਿ ਦੀ ਕੇਂਦਰੀ ਬਾਣੀ 'ਆਸਾ ਦੀ ਵਾਰ' ਨੂੰ ਟੁੰਡੇ ਅਸਰਾਜੇ ਦੀ ਵਾਰ' ਦੀ ਧੁਨੀ ਉਪਰ ਗਾਇਨ ਕਰਨ ਦਾ ਆਦੇਸ਼ ਦਿੱਤਾ ਹੈ। 'ਆਸਾ ਦੀ ਵਾਰ' ਦੀ ਵਸਤੂ-ਸਾਮਗਰੀ, ਸ਼ਿਲਪ-ਵਿਧਾਨ ਅਤੇ ਭਾਸ਼ਾ-ਯੋਜਨਾ, ਆਧਿਆਤਮਕ-ਵਾਰ ਦਾ ਇਕ ਬਹੁਤ ਉੱਚਾ ਪ੍ਰਤਿਮਾਨ ਸਥਾਪਿਤ ਕਰਦੀ ਹੈ। ਇਸ ਵਿਚ 'ਟੁੰਡੇ ਅਸਰਾਜੇ ਦੀ ਵਾਰ' ਤੋਂ ਵਿਸ਼ੇ, ਵਸਤੂ-ਸਾਮਗਰੀ ਜਾਂ ਸ਼ਿਲਪ-ਵਿਧਾਨ ਦੇ ਪ੍ਰਸੰਗ ਵਿਚ ਕੁਝ ਨਹੀਂ ਲਿਆ ਗਿਆ, ਬਸ ਕੇਵਲ ਇਸ ਦੀ ਧੁਨੀ ਨੂੰ ਹੀ ਮਹਾਨ ਕਾਵਿ ਦੇ ਨਿਰਵਾਹ ਵਜੋਂ ਵਰਤਿਆ ਗਿਆ ਹੈ। ਇਥੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਕਰਤਾਰੀ ਪ੍ਰਤਿਭਾ ਦੇ ਸੁਆਮੀ ਸਨ ਅਤੇ ਆਪਣੇ ਮੌਲਿਕ ਅਨੁਭਵ ਦੇ ਪ੍ਰਗਟਾਵੇ ਲਈ ਉਹ ਲੋਕ-ਸਾਹਿਤ ਦੀਆਂ ਰੂੜ੍ਹੀਆਂ ਦਾ ਵੀ ਵਿਸਮਾਦਜਨਕ ਪ੍ਰਯੋਗ ਕਰ ਸਕਦੇ ਸਨ। ਗੁਰਮਤਿ ਕਾਵਿ ਪਰੰਪਰਾ, ਉਤਕ੍ਰਿਸ਼ਟ ਸਾਹਿਤ ਦੇ ਸੰਕਲਪ ਅਤੇ ਸਰੂਪ ਨੂੰ ਭਲੀ ਭਾਂਤ ਉਜਾਗਰ ਕਰਦੀ ਹੈ।

## 1.5 Glossary (ਔਖੇ ਸ਼ਬਦਾਂ ਦੇ ਅਰਥ)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

## 1.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਗੁਰਮਤਿ ਕਾਵਿ ਤੋਂ ਕੀ ਭਾਵ ਹੈ।
2. ਗੁਰਮਤਿ ਕਾਵਿ ਦਾ ਮੋਢੀ ਕੌਣ ਹੈ।
3. ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 5 ਬਾਣੀਆਂ ਦੇ ਨਾਮ ਲਿਖੋ।
4. ਜਪੁ ਜੀ ਸਾਹਿਬ ਕਿਸ ਗੁਰੂ ਦੀ ਬਾਣੀ ਹੈ।
5. ਗੁਰਮਤਿ ਕਾਵਿ ਦਾ ਸਮਾਂ ਦਸੋ।

## 1.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਪੰਜਾਬੀ ਸਾਹਿਤ ਵਿਚ ਗੁਰਮਤਿ ਕਾਵਿ ਦੇ ਆਰੰਭ ਬਾਰੇ ਚਰਚਾ ਕਰੋ।

2. ਗੁਰਮਤਿ ਕਾਵਿ ਵਿਚ ਗੁਰੂ ਨਾਨਕ ਦੇਵ ਜੀ ਦੀ ਦੇਣ ਬਾਰੇ ਵਿਸਤਾਰ ਚਰਚਾ ਕਰੋ।

## 1.8 Suggested Reading (**ਸਹਾਇਕ ਪੁਸਤਕ ਸੂਚੀ**)


1. ਪ੍ਰੋ. ਬ੍ਰਹਮਜਗਦੀਸ਼ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ", ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ",
3. ਡਾ. ਰਾਜਿੰਦਰ ਸਿੰਘ ਸੇਖੋਂ, "ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ" ਲਾਹੌਰ ਬੁੱਕ ਲੁਧਿਆਣਾ, 2007

# ਗੁਰੂ ਨਾਨਕ ਦੇਵ ਜੀ

**Structure :**

2.1 **Objective (ਉਦੇਸ਼)**

2.2 **Introduction (ਜਾਣ-ਪਛਾਣ)**

2.3 **Content Section (ਵਿਸ਼ਾ ਪੱਖ)**

2.4 **Summary (ਨਿਸ਼ਕਰਸ਼)**

2.5 **Glossary (ਔਖੇ ਸ਼ਬਦਾਂ ਦੇ ਅਰਥ)**

2.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

2.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

2.8 **Suggested Reading (ਸਹਾਇਕ ਪੁਸਤਕ ਸੂਚੀ)**

## 2.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਗੁਰਮਤਿ ਕਾਵਿ ਪਰੰਪਰਾ ਬਾਰੇ ਦਸਿਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੁਰਮਤਿ ਕਾਵਿ ਧਾਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੁੰਦਾ ਹੈ ਅਤੇ ਉਨ੍ਹਾਂ ਦਾ ਗੁਰਮਤਿ ਕਾਵਿ ਵਿਚ ਦੇਣ ਬਾਰੇ ਵਿਸਥਾਰ ਜਾਣਕਾਰੀ ਦਿੱਤੀ ਗਈ ਹੈ।

## 2.2 Introduction (ਜਾਣ-ਪਛਾਣ)

ਗੁਰੂ ਨਾਨਕ ਇਸ ਧਾਰਾ ਦੇ ਆਦਿ ਕਵੀ ਹਨ। ਉਨ੍ਹਾਂ ਨੇ ਗੁਰਮਤਿ ਧਾਰਾ ਦਾ ਵਿਚਾਰਧਾਰਕ ਪਰਿਪੇਖ ਸੁਨਿਸ਼ਚਿਤ ਕੀਤਾ। ਭਾਰਤ ਦੇ ਲੋਕਾਂ ਨੂੰ ਯੁਗਾਨੁਕੂਲ, ਕ੍ਰਾਂਤੀਕਾਰੀ ਅਤੇ ਮਾਨਵਤਾਵਾਦੀ ਸੰਦੇਸ਼ ਦੇਣ ਲਈ ਉਨ੍ਹਾਂ ਨੇ ਪੂਰੇ ਭਾਰਤ ਦੀ ਯਾਤਰਾ ਕੀਤੀ। ਇਸ ਯਾਤਰਾ ਨੂੰ ਉਨ੍ਹਾਂ ਦੀਆਂ 'ਉਦਾਸੀਆਂ' ਕਿਹਾ ਜਾਂਦਾ ਹੈ। ਆਪਣੀਆਂ ਇਨ੍ਹਾਂ ਉਦਾਸੀਆਂ ਦੇ ਦੌਰਾਨ ਆਪ ਤਿੱਬਤ, ਆਸਾਮ, ਸ੍ਰੀਲੰਕਾ, ਅਫ਼ਗਾਨਿਸਤਾਨ, ਅਰਬ ਅਤੇ ਈਰਾਕ ਤਕ ਗਏ। ਆਪਨੇ ਹਿੰਦੂ ਤੀਰਥਾਂ, ਮੁਸਲਮਾਨਾਂ ਦੇ ਧਾਰਮਿਕ ਕੇਂਦਰਾਂ, ਬੋਧ ਅਤੇ ਜੈਨ ਮਤ ਦੇ ਟਿਕਾਣਿਆਂ ਉਪਰ ਜਾ ਕੇ ਸੰਵਾਦ ਰਚਾਇਆ ਅਤੇ ਆਪਣੇ ਮਾਨਵ-ਪੱਖੀ ਵਿਚਾਰਾਂ ਦੇ ਮਾਧਿਅਮ ਨਾਲ ਪੂਰੇ ਹਿੰਦੁਸਤਾਨ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ। ਬਹੁਤ ਸਾਰੇ ਲੋਕ ਆਪ ਦੇ ਸਿੱਖ (ਸ਼ਿਸ਼) ਬਣ ਗਏ ਅਤੇ ਇਸ ਤਰ੍ਹਾਂ ਵਿਸ਼ਵ ਵਿਚ ਇਕ ਨਵੇਂ ਅਤੇ ਇਨਕਲਾਬੀ ਧਰਮ ਦਾ ਜਨਮ ਹੋਇਆ ਜਿਸਦਾ ਉਦੇਸ਼ ਮਾਨਵ ਦੀ ਸੁਤੰਤਰਤਾ, ਸਮਾਨਤਾ ਅਤੇ ਏਕਤਾ ਦੇ ਸਿੱਧਾਂਤਾਂ ਉਪਰ ਡਟ ਕੇ ਪਹਿਰਾ ਦੇਣਾ ਸੀ। ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਨੌਂ ਸਤਿਗੁਰੂ ਹੋਰ ਆਏ ਜਿਨ੍ਹਾਂ ਨੇ ਸਿੱਖ ਧਰਮ ਦਾ ਵਿਚਾਰਧਾਰਕ, ਸੰਸਥਾਗਤ ਅਤੇ ਵਿਹਾਰਗਤ ਸਰੂਪ ਸੁਨਿਸ਼ਚਿਤ ਅਤੇ ਸਥਿਰ ਕਰ ਦਿੱਤਾ।

## 2.3 Content Section (ਵਿਸ਼ਾ ਪੱਖ)

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਛੋਟੀ ਉਮਰ ਵਿਚ ਹੀ ਲਿਖਣੀ ਸ਼ੁਰੂ ਕਰ ਦਿੱਤੀ ਹੋਵੇਗੀ। ਇਸ ਬਾਰੇ ਪੁਰਾਤਨ ਜਨਮਸਾਖੀਕਾਰ ਦਾ ਮਤਿ ਹੈ ਕਿ ਜਦੋਂ ਆਪ ਪਾਂਧੇ ਪਾਸ ਪੜ੍ਹਨ ਲਈ ਗਏ ਤਾਂ ਆਪ ਨੇ 'ਪੱਟੀ' ਬਾਣੀ ਦੀ ਰਚਨਾ ਕੀਤੀ। ਇਸ ਤਰ੍ਹਾਂ ਜਨੇਊ ਪਹਿਨਾਉਣ ਸਮੇਂ ਵੀ ਆਪ ਨੇ ਇਕ ਸ਼ਬਦ ਦਾ ਉਚਾਰਨ ਕੀਤਾ। (ਦਇਆ ਕਪਾਹ ਸੰਤੋਖੁ ਸੂਤਿ.....) ਜਦੋਂ ਆਪ ਆਪਣੀਆਂ ਉਦਾਸੀਆਂ ਉਤੇ ਨਿਕਲੇ ਹੋਏ ਸਨ ਤਾਂ ਕਈ ਵਾਰ ਤਾਂ ਭਾਈ ਮਰਦਾਨੇ ਤੋਂ ਸਿਵਾਏ ਉਨ੍ਹਾਂ ਦੇ ਸੰਗ ਕੋਈ ਵੀ ਵਿਅਕਤੀ ਹੋਰ ਨਹੀਂ ਸੀ ਹੁੰਦਾ। ਉਸ ਸੂਰਤ ਵਿਚ ਗੁਰੂ ਜੀ ਆਪ ਹੀ ਆਪਣੀ ਬਾਣੀ ਲਿਖ ਲੈਂਦੇ ਸਨ। ਤਾਂ ਵੀ ਕਈ ਵਾਰ ਗੁਰੂ-ਘਰ ਦੇ ਸ਼ਰਧਾਲੂ ਸਿੱਖ ਉਨ੍ਹਾਂ ਦੁਆਰਾ ਉਚਾਰੇ ਸ਼ਬਦਾਂ ਨੂੰ ਲਿਖ ਕੇ ਆਪਣੇ ਪਾਸ ਸਾਂਭ ਲੈਂਦੇ ਸਨ। ਕੁਝ ਪੁਰਾਤਨ ਗ੍ਰੰਥਾਂ ਵਿਚ ਇਸ ਗੱਲ ਬਾਰੇ ਸੰਕੇਤ ਮਿਲਦੇ ਹਨ ਕਿ ਗੁਰੂ ਜੀ ਦੇ ਨਾਲ ਕੁਝ ਲਿਖਾਰੀ ਸਿੱਖ ਵੀ ਰਹਿੰਦੇ ਸਨ ਅਤੇ ਉਹ ਗੁਰੂ ਜੀ ਵਲੋਂ ਉਚਾਰੀ ਜਾਂਦੀ ਬਾਣੀ ਨੂੰ ਨਾਲੋ ਨਾਲ ਲਿਖ ਲੈਂਦੇ ਸਨ। 'ਪੁਰਾਤਨ ਜਨਮ ਸਾਖੀ' ਵਿਚ ਵੀ ਇਸ ਤਰ੍ਹਾਂ ਦੇ ਕੁਝ ਵੇਰਵੇ ਆ ਹਨ। ਅਨੁਭਵੀ ਸਰਵੇੜੇ ਨਾਲ ਗੋਸ਼ਟਿ ਕਰਦਿਆਂ ਹੋਇਆਂ ਗੁਰੂ ਜੀ ਨੇ 'ਮਾਝ ਦੀ ਵਾਰ' ਦੀ ਰਚਨਾ ਕੀਤੀ ਸੀ, ਉਸਨੂੰ ਸੈਦੋ ਨੇ ਲਿਖਿਆ ਸੀ। 'ਸਿਧ

ਗੋਸ਼ਟਿ' ਵੀ ਇਸੇ ਗੁਰਸਿੱਖ ਨੇ ਲਿਖੀ ਦੱਸੀ ਜਾਂਦੀ ਹੈ। ਉੱਤਰ ਖੰਡ ਦੀ ਉਦਾਸੀ ਵੇਲੇ ਗੁਰੂ ਜੀ ਦੇ ਨਾਲ ਹੱਸੂ ਲੁਹਾਰ ਅਤੇ ਸੀਹਾਂ ਛੀਂਬਾ ਸਨ, ਜਿਨ੍ਹਾਂ ਨੇ 'ਮਲਾਰ ਦੀ ਵਾਰ' ਲਿਖੀ। 'ਜਨਮ ਸਾਖੀ' ਅਨੁਸਾਰ ਭਾਈ ਮਨਸੁਖ ਨੇ ਵੀ ਗੁਰੂ ਜੀ ਦੁਆਰਾ ਰਚੀ ਗਈ ਕਾਫੀ ਬਾਣੀ ਲਿਖੀ ਸੀ। ਭਾਵੇਂ ਗੁਰੂ ਨਾਨਕ ਸਾਹਿਬ ਦੀ ਕੋਈ ਹੱਥ-ਲਿਖਤ ਤਾਂ ਪ੍ਰਾਪਤ ਨਹੀਂ ਹੁੰਦੀ ਤਾਂ ਵੀ ਇਹ ਗੱਲ ਮੰਨਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਗੁਰੂ ਜੀ ਗੁਰਮੁਖੀ ਅੱਖਰਾਂ ਤੋਂ ਸੁਪਰਿਚਿਤ ਸਨ। 'ਪੱਟੀ ਬਾਣੀ' ਵਿਚ ਗੁਰੂ ਜੀ ਨੇ ਗੁਰਮੁਖੀ ਅੱਖਰਾਂ ਦਾ ਉਚਾਰਨ ਪੰਜਾਬੀ ਭਾਸ਼ਾ ਦੇ ਅਨੁਸਾਰ (ਕਕਾ, ਖਖਾ, ਗੰਗਾ ਵਾਂਗ) ਹੀ ਰੱਖਿਆ ਹੈ। 'ੜ' ਅੱਖਰ ਵੀ ਆਇਆ ਹੈ ਜੋ ਗੁਰਮੁਖੀ ਦੀ ਵਿਸ਼ੇਸ਼ ਧੁਨੀ ਹੈ। ਗੁਰੂ ਨਾਨਕ ਦੇਵ ਜੀ ਨੇ ਕੁਲ ਵੀਹ ਰਾਗਾਂ ਵਿਚ ਬਾਣੀ ਰਚੀ ਹੈ। ਇਹ ਰਾਗ —ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਹਨ— ਤਿਲੰਗ, ਸੂਹੀ, ਬਿਲਾਵਲ, ਰਾਮਕਲੀ,ਮਾਰੂ, ਤੁਖਾਰੀ, ਭੈਰਉ, ਬਸੰਤ, ਮਲਾਰ, ਪਰਭਾਤੀ ਅਤੇ ਸਾਰੰਗ ਰਾਗ। ਸਲੋਕ ਸਹਸਕ੍ਰਿਤੀ, ਸਲੋਕ ਵਾਰਾਂ ਤੇ ਵਧੀਕ ਅਤੇ ਜਪੁ ਸਾਹਿਬ ਕਿਸੇ ਰਾਗ ਵਿਸ਼ੇਸ਼ ਦੇ ਅੰਤਰਗਤ ਨਹੀਂ ਆਉਂਦੇ। ਗੁਰੂ ਸਾਹਿਬ ਨੇ ਕੁਲ 206 ਪਦੇ, 121 ਅਸ਼ਟਪਦੀਆਂ, 24 ਛੰਤਾਂ, 116 ਪਉੜੀਆਂ, 260 ਸਲੋਕਾਂ, 1 ਮੰਤਰ, 2 ਪਹਰਿਆਂ, 5 ਅਲਾਹੁਣੀਆਂ, 22 ਸੋਲਹੇ, 2 ਕੁਚੱਜੀ ਸੁਚੱਜੀ ਅਤੇ ਲੰਮੀਆਂ ਬਾਣੀਆਂ ਦੇ 199 ਸ਼ਬਦਾਂ ਦੀ ਰਚਨਾ ਕੀਤੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਆਪ ਨੇ ਕੁਲ 958 ਪਦਾਂ ਦੀ ਰਚਨਾ ਕੀਤੀ ਹੈ। ਗੁਰੂ ਸਾਹਿਬ ਦੀਆਂ ਵੱਡੇ ਆਕਾਰ ਦੀਆਂ ਪ੍ਰਬੰਧਾਤਮਕ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. **ਜਪੁ ਸਾਹਿਬ**—ਇਹ ਗੁਰਮਤਿ ਦੀ ਕੇਂਦਰੀ ਬਾਣੀ ਹੈ। ਇਹ ਸ੍ਰੀ ਗੁਰੂ ਗ੍ਰੰਥ ਦੇ ਮੁੱਢ ਵਿਚ ਸੰਕਲਿਤ ਹੈ। ਇਸ ਬਾਣੀ ਦੀਆਂ ਕੁਲ ਅਠੱਤੀ ਪਉੜੀਆਂ ਹਨ। ਆਰੰਭ ਅਤੇ ਅੰਤ ਵਿਚ ਇਕ-ਇਕ ਸਲੋਕ ਹੈ। ਮੁਢਲੇ ਸਲੋਕ ਤੋਂ ਵੀ ਪਹਿਲਾਂ ਮੂਲ-ਮੰਤਰ ਹੈ ਜਿਸ ਵਿਚ ਪ੍ਰਭੂ ਦੇ ਸੰਕਲਪ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਬਾਣੀ ਵਿਚ ਕਈ-ਕਈ ਪਉੜੀਆਂ ਦੇ ਜੁੱਟ ਵੀ ਬਣੇ ਹੋਏ ਹਨ ਜਿਵੇਂ ਸੁਣਿਐ, ਮੰਨੈ, ਕੁਦਰਤਿ ਅਤੇ ਆਦੇਸ ਵਾਲੀਆਂ ਚਾਰ-ਚਾਰ ਪਉੜੀਆਂ। ਅੰਤ ਵਿਚ ਅਧਿਆਤਮਕ ਉਡਾਰੀ ਦੀਆਂ ਪੰਜ ਅਵਸਥਾਵਾਂ ਜਾਂ ਖੰਡਾਂ ਦਾ ਜ਼ਿਕਰ ਹੈ-ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚਖੰਡ। ਇਸ ਬਾਣੀ ਦੇ ਮਾਧਿਅਮ ਦੁਆਰਾ ਗੁਰੂ ਜੀ ਨਾਮ ਜਪਣ ਦੇ ਮਹੱਤਵ ਨੂੰ ਦ੍ਰਿੜ੍ਹਾਉਂਦੇ ਹਨ। ਅੰਤ ਵਿਚ ਆਪ ਇਸ ਨਿਸ਼ਕਰਸ਼ ਦੀ ਸਥਾਪਨਾ ਕਰਦੇ ਹਨ ਕਿ ਜਿਹੜੇ ਲੋਕ ਨਾਮ ਦਾ ਸਿਮਰਨ ਕਰ ਲੈਂਦੇ ਹਨ ਉਹ ਆਪਣੀ ਸਾਧਨਾ ਵਿਚ ਪੂਰੀ ਤਰ੍ਹਾਂ ਸਫ਼ਲ ਹੋ ਜਾਂਦੇ ਹਨ। ਉਨ੍ਹਾਂ ਨੂੰ ਮੋਖ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਬਾਣੀ ਦੇ ਰਚਨਾ-ਕਾਲ ਬਾਰੇ ਮਹਾਂਕਵੀ ਸੰਤੋਖ ਸਿੰਘ ਦਾ ਮਤਿ ਹੈ ਕਿ ਇਹ ਬਾਣੀ ਗੁਰੂ ਜੀ ਨੇ ਪ੍ਰੌਢ ਅਵਸਥਾ ਵਿਚ

ਰਚੀ ਹੋਵੇਗੀ ਅਤੇ ਗੁਰੂ ਅੰਗਦ ਦੇਵ ਜੀ ਨੇ ਇਸ ਬਾਣੀ ਦਾ ਨਾਮਕਰਣ ਕੀਤਾ ਹੈ। ਇਸ ਬਾਣੀ ਵਿਚ ਵਿਰਾਜ, ਦੋਹਰਾ, ਸੋਰਠਾ, ਚੌਪਈ, ਦਵਈਆ ਅਤੇ ਹੰਸ ਗਤਿ ਆਦਿਕ ਛੰਦ ਵਰਤੇ ਗਏ ਹਨ।

2. **ਸਿਧ ਗੋਸਟਿ**—ਇਸ ਬਾਣੀ ਵਿਚ ਸਿੱਧਾਂ ਨਾਲ ਹੋਈ ਗੋਸ਼ਟਿ ਨੂੰ ਕਾਵਿਬੱਧ ਕੀਤਾ ਗਿਆ ਹੈ। ਭਾਈ ਗੁਰਦਾਸ ਜੀ ਦਾ ਮਤਿ ਹੈ ਕਿ ਇਸ ਬਾਣੀ ਦੀ ਰਚਨਾ ਅਚਲ ਵਟਾਲੇ ਵਿਚ ਕੀਤੀ ਗਈ। ਗੁਰੂ ਜੀ ਜੋਤੀ ਜੋਤਿ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਸ਼ਿਵਰਾਤਰੀ ਦੇ ਅਵਸਰ ਤੇ ਅਚਲ ਵਟਾਲੇ ਗਏ ਸਨ ਅਤੇ ਉਥੇ ਉਨ੍ਹਾਂ ਦਾ ਨਾਥ-ਜੋਗੀਆਂ ਨਾਲ ਸੰਵਾਦ ਹੋਇਆ ਸੀ। ਇਸ ਬਾਣੀ ਵਿਚ ਇਸੇ ਸੰਵਾਦ ਦੀ ਪੇਸ਼ਕਾਰੀ ਹੋਈ ਹੈ। ਇਸ ਬਾਣੀ ਦੀਆਂ ਕੁਲ 73 ਪਉੜੀਆਂ ਹਨ।ਇਕ ਤੋਂ ਅਠਾਰਾਂ ਤਕ ਚਾਰ-ਚਾਰ ਪੰਕਤੀਆਂ ਵਾਲੀਆਂ ਪਉੜੀਆਂ ਹਨ ਅਤੇ ਉਨੀ ਤੋਂ ਤਿਹੱਤਰ ਤਕ ਛੇ-ਛੇ ਪੰਕਤੀਆਂ ਵਾਲੀਆਂ ਪਉੜੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਮਾਤ੍ਰਾਵਾਂ ਦੀ ਗਿਣਤੀ ਵੀ ਦੋ ਵੰਨਗੀਆਂ ਦੀ ਹੈ 16, 12 ਅਤੇ 8, 8 ਕਿਧਰੇ-ਕਿਧਰੇ ਮਾਤਾਵਾਂ ਦੀ ਗਿਣਤੀ ਵਿਚ ਵਾਧਾ-ਘਾਟਾ ਵੀ ਹੋ ਗਿਆ ਹੈ। ਇਸ ਬਾਣੀ ਦੇ ਮਾਧਿਅਮ ਦੁਆਰਾ ਗੁਰੂ ਜੀ 'ਸ਼ਬਦ' ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹਨ -

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥ *(ਆਦਿ ਗ੍ਰੰਥ, ਪੰਨਾ ੯੩੮)*

3. **ਓਅੰਕਾਰ**—54 ਪਦਿਆਂ ਵਿਚ ਰਚੀ ਗਈ ਇਹ ਬਾਣੀ ਰਾਗ ਰਾਮਕਲੀ ਵਿਚ ਸੰਕਲਿਤ ਹੈ। ਇਹ ਵਰਣਮਾਲਾ ਉੱਤੇ ਆਧਾਰਿਤ ਰਚਨਾ ਹੈ, ਭਾਵੇਂ ਵੱਖ-ਵੱਖ ਪਦਿਆਂ ਦੇ ਆਰੰਭ ਵਿਚ 'ਪੱਟੀ' ਵਾਂਗ ਅੱਖਰਾਂ ਦਾ ਵੇਰਵਾ ਜਾਂ ਉਚਾਰਣ ਨਹੀਂ ਦਿੱਤਾ ਗਿਆ। ਇਸ ਬਾਣੀ ਵਿਚ 10 ਪਦੇ ਚਾਰ-ਚਾਰ ਪੰਕਤੀਆਂ ਵਾਲੇ ਹਨ, 41 ਪਦੇ ਅੱਠ-ਅੱਠ ਪੰਕਤੀਆਂ ਵਾਲੇ ਹਨ ਅਤੇ 3 ਪਦੇ ਨੌਂ ਪੰਕਤੀਆਂ ਵਾਲੇ ਹਨ। ਇਸ ਬਾਣੀ ਦੇ ਉਦੇਸ਼ ਨੂੰ ਸਪੱਸ਼ਟ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ-

ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ॥
ਲਿਖਿ ਰਾਮੁ ਨਾਮੁ ਗੁਰਮੁਖਿ ਗੋਪਾਲਾ॥ *(ਆਦਿ ਗ੍ਰੰਥ, ਪੰਨਾ ੯੩੦)*

ਇਸ ਬਾਣੀ ਵਿਚ 'ਗੁਰਮੁਖ' ਦੇ ਸੰਕਲਪ ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਗੁਰਮੁਖ ਵਿਅਕਤੀ ਸ਼ਬਦ ਰੂਪੀ ਅੰਮ੍ਰਿਤ ਨੂੰ ਆਪਣੇ ਮਨ ਵਿਚ ਵਸਾ ਕੇ ਮੁਕਤੀ ਦੇ ਦੁਆਰ ਦੀ ਤਲਾਸ਼ ਕਰ ਲੈਂਦਾ ਹੈ। ਭਾਸ਼ਾ ਦੀ ਦ੍ਰਿਸ਼ਟੀ ਤੋਂ ਕੇ-ਰਚਨਾ ਦਾ ਇਕ ਇਸ ਬਾਣੀ ਦਾ ਸ਼ਬਦ-ਭੰਡਾਰ ਬੜਾ ਵਿਸ਼ਾਲ ਅਤੇ ਅਮੀਰ ਹੈ। ਇਸ ਕਾਵਿ-ਹੋਰ ਗੁਣ ਕਾਵਿ-

ਉਕਤੀਆਂ ਨੂੰ ਅਖੌਤਾਂ ਵਿਚ ਰੂਪਾਂਤਰਿਤ ਕਰਨਾ ਹੈ। ਗੁਰੂ ਸਾਹਿਬ ਨੇ ਜੀਵਨ ਦੀਆਂ ਸਚਾਈਆਂ ਨੂੰ ਕੁਝ ਇਹੋ ਜਿਹੇ ਸੂਤਰਬੱਧ ਢੰਗ ਨਾਲ ਪੇਸ਼ ਕੀਤਾ ਹੈ ਕਿ ਉਹ ਅਖੌਤਾਂ ਦਾ ਰੂਪ ਧਾਰਨ ਕਰ ਗਈਆਂ ਹਨ। ਇਸ ਬਾਣੀ ਦੇ ਮਾਧਿਅਮ ਦੁਆਰਾ ਗੁਰੂ ਜੀ ਦਰਸਾਉਂਦੇ ਹਨ ਕਿ ਬ੍ਰਹਮ-ਵਿਦਿਆ ਮਨ ਵਿਚ ਅਹੰਕਾਰ ਪੈਦਾ ਨਹੀਂ ਕਰਦੀ ਬਲਕਿ ਹਉਮੈ ਦੇ ਅੰਧਕਾਰ ਨੂੰ ਮੇਟਦੀ ਹੋਈ ਮਨ ਨੂੰ ਮੁਕਤੀ ਦੇ ਮਾਰਗ ਵੱਲ ਲੈ ਜਾਂਦੀ ਹੈ।

4. **ਪੱਟੀ**—ਆਸਾ ਰਾਗ ਵਿਚ ਰਚੀ ਗਈ ਇਹ ਬਾਣੀ ਵਰਣਮਾਲਾ ਦੇ ਵੱਖ-ਵੱਖ ਵਰਣਾਂ ਨੂੰ ਆਧਾਰ ਬਣਾ ਕੇ ਅਧਿਆਤਮਕ ਵਿਚਾਰਧਾਰਾ ਦਾ ਨਿਰੂਪਣ ਕਰਦੀ ਹੈ। ਇਸ ਬਾਣੀ ਦਾ ਕੇਂਦਰੀ ਭਾਵ ਗੁਰੂ ਨਾਨਕ ਦੇਵ ਜੀ ਨੇ 'ਰਹਾਉ' ਵਾਲੀ ਪੰਕਤੀਆਂ ਵਿਚ ਪੇਸ਼ ਕਰ ਦਿੱਤਾ ਹੈ-

> ਮਨ ਕਾਹੇ ਭੂਲੇ ਮੂੜਿ ਮਨਾ॥
> ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥ਰਹਾਉ॥ *(ਆਦਿ ਗ੍ਰੰਥ, ਪੰਨਾ ੪੩੨)*

ਇਸ ਬਾਣੀ ਵਿਚ ਕੁਲ 35 ਪਦੇ ਹਨ। ਹਰ ਕਾਵਿ-ਪੰਕਤੀ ਦਾ ਆਰੰਭ ਉਸੇ ਅੱਖਰ ਨਾਲ ਕੀਤਾ ਗਿਆ ਹੈ ਜਿਸਨੂੰ ਉਨ੍ਹਾਂ ਨੇ ਪਹਿਲੇ ਸ਼ਬਦ ਦੇ ਆਰੰਭ ਵਿਚ ਰੱਖਿਆ ਹੈ, ਜਿਵੇਂ :

> ਆਇੜੈ ਆਪਿ ਕਰੇ ਜਿਨਿ ਛੋਡੀ ਜੁ ਕਿਛੁ ਕਰਣਾ ਸੁ ਕਰ ਰਹਿਆ॥
> ਕਰਹਿ ਕਰਾਏ ਸਭਿ ਕਿਛੁ ਜਾਣੈ ਨਾਨਕ ਸਾਇਰੁ ਏਵ ਕਹਿਆ॥
> *(ਆਦਿ ਗ੍ਰੰਥ, ਪੰਨਾ ੪੩੪)*

5. **ਬਾਰਹਮਾਹ ਤੁਖਾਰੀ**—ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਹ ਇਕ ਬਹੁਤ ਪ੍ਰਸਿੱਧ ਰਚਨਾ ਹੈ। 'ਪੁਰਾਤਨ ਜਨਮਸਾਖੀ' ਅਨੁਸਾਰ 'ਬਾਰਹਮਾਹਾ' ਗੁਰੂ ਜੀ ਦੇ ਅੰਤਲੇ ਵਰ੍ਹਿਆਂ ਦੀ ਰਚਨਾ ਹੈ। 'ਜਨਮਸਾਖੀ' ਅਨੁਸਾਰ ਜਦੋਂ ਗੁਰੂ ਜੀ ਦੇ ਅਕਾਲ ਚਲਾਣੇ ਦਾ ਸਮਾਂ ਆਇਆ "ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹੁਣੀਆ। ਤਬ ਬਾਬਾ ਬਿਸਮਾਦ ਦੇ ਘਰ ਆਇਆ। ਤਿਤੁ ਮਹਲਿ ਹੁਕਮੁ ਹੋਇਆ, ਰਾਗ ਤੁਖਾਰੀ ਕੀਤਾ। ਬਾਬਾ ਬੋਲਿਆ ਬਾਰਹਮਾਹ, ਰਾਤਿ, ਅੰਮ੍ਰਿਤਵੇਲਾ ਹੋਆ। ਚਲਾਣੈ ਕੇ ਵਖਤਿ॥"

ਇਸ ਰਚਨਾ ਵਿਚ ਗੁਰੂ ਜੀ ਨੇ ਸਾਲ ਦੇ ਬਾਰ੍ਹਾਂ ਮਹੀਨਿਆਂ ਵਿਚ ਵੱਖ-ਵੱਖ ਰੰਗ ਵਟਾਉਂਦੀ ਪ੍ਰਕ੍ਰਿਤੀ ਦੇ ਮਾਧਿਅਮ ਦੁਆਰਾ ਪਰਮਾਤਮਾ ਤੋਂ ਵਿਛੜੀ ਜੀਵ ਰੂਪੀ ਇਸਤ੍ਰੀ ਦੀ ਮਨੋਸਥਿਤੀ ਨੂੰ ਬਿਆਨ ਕੀਤਾ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਪੂਰਬਲੇ ਕਰਮਾਂ ਕਾਰਨ ਹੀ ਜੀਵ ਪਰਮਾਤਮਾ ਤੋਂ ਵਿਛੜ ਕੇ ਦੁੱਖ ਸਹਿੰਦਾ ਹੈ, ਇਨ੍ਹਾਂ ਕਰਮਾਂ ਕਾਰਨ ਹੀ ਉਹ ਮਾਇਆ ਦੇ ਚੁੰਗਲ

ਵਿਚ ਫਸਦਾ ਹੈ ਪਰ ਜਿਹੜੇ ਵਿਅਕਤੀ ਗੁਰਮੁਖਾਂ ਦੀ ਸ਼ਰਨ ਵਿਚ ਆ ਜਾਂਦੇ ਹਨ, ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪ੍ਰਭੂ ਦੇ ਚਰਨਾਂ ਦਾ ਅੰਮ੍ਰਿਤ ਪੀਣ ਲੱਗਦੇ ਹਨ। ਮਨੁੱਖੀ ਜੀਵਨ ਦਾ ਪਰਮ ਮਨੋਰਥ ਇਹੀ ਹੈ ਕਿ ਉਹ ਪਰਮਾਤਮਾ ਨਾਲ ਇਕਮਿਕ ਹੋ ਕੇ ਆਪਣਾ ਜਨਮ ਸਫਲ ਕਰੇ। ਇਸ ਬਾਰਹਮਾਹ ਦੇ 17 ਪਦੇ ਹਨ। ਪਹਿਲੇ 4 ਪਦਾਂ ਵਿਚ ਵਿਸ਼ੇ ਨਾਲ ਜਾਣਕਾਰੀ ਕਰਵਾਈ ਗਈ ਹੈ, ਅਗਲੇ 12 ਪਦਾਂ ਵਿਚ ਸਾਲ ਦੇ ਬਾਰ੍ਹਾਂ ਮਹੀਨਿਆਂ ਦਾ ਵਰਣਨ ਹੈ ਅਤੇ ਅੰਤਿਮ ਪਦ ਵਿਚ ਸਮੁੱਚੇ ਕਾਵਿ ਦਾ ਨਿਰਣਾ ਪੇਸ਼ ਕੀਤਾ ਗਿਆ ਹੈ। ਹਰ ਪਦੇ ਦੀਆਂ 6 ਪੰਕਤੀਆਂ ਹਨ ਅਤੇ ਇਨ੍ਹਾਂ ਦੀ ਬਣਤਰ 'ਕੁੰਡਲੀਏ" ਵਾਂਗ ਹੈ ਜਿਸ ਵਿਚ ਦੂਜੀ ਤੁਕ ਦੇ ਪਿਛਲੇ ਅੱਧ ਦਾ ਉਲਾਲਾ (ਸ਼ਬਦਾਂ ਦਾ ਉਲਟਾ ਕੇ ਵਰਤਣਾ) ਤੀਜੀ ਤੁਕ ਦੇ ਪਹਿਲੇ ਅੱਧ ਵਿਚ ਨਜ਼ਰ ਆਉਂਦਾ ਹੈ। ਇਸ ਰਚਨਾ ਦੀ ਸ਼ੈਲੀ ਸੂਤਰਾਤਮਕ ਹੈ ਅਤੇ ਬਿਰਹੋਂ ਭਾਵਨਾ ਨੂੰ ਅਭਿਵਿਅਕਤ ਕਰਨ ਵਾਲੇ ਕੋਮਲ, ਸਰਸ ਅਤੇ ਸਰਲ ਸ਼ਬਦ ਵਰਤੇ ਗਏ ਹਨ।

6. **ਵਾਰਾਂ**—ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਪ੍ਰਸਿੱਧ ਲੋਕ ਕਾਵਿ ਰੂਪ 'ਵਾਰ' ਨੂੰ ਵੀ ਅਧਿਆਤਮਕ ਭਾਵਾਂ ਦੇ ਨਿਰੂਪਣ ਵਾਸਤੇ ਵਰਤਣ ਦੀ ਇਕ ਨਵੀਂ ਪਰੰਪਰਾ ਨੂੰ ਜਨਮ ਦਿੱਤਾ। ਆਪ ਦੁਆਰਾ ਲਿਖੀਆਂ ਤਿੰਨ ਵਾਰਾਂ— ਆਸਾ ਦੀ ਵਾਰ, ਮਾਝ ਦੀ ਵਾਰ ਅਤੇ ਮਲਾਰ ਦੀ ਵਾਰ 'ਆਦਿ ਗ੍ਰੰਥ' ਵਿਚ ਸੰਕਲਿਤ ਹਨ। 'ਆਸਾ ਦੀ ਵਾਰ' ਸਿੱਖ ਰਹਿਤ ਮਰਯਾਦਾ ਦਾ ਇਕ ਅਨਿੱਖੜ ਬਣੀ ਹੋਈ ਹੈ ਅਤੇ ਸਿੱਖ ਗੁਰੂ-ਸਥਾਨਾਂ ਤੇ ਇਸ ਵਾਰ ਦਾ ਹਰ ਰੋਜ਼ ਅੰਮ੍ਰਿਤ ਵੇਲੇ ਗਾਇਨ ਕੀਤਾ ਜਾਂਦਾ ਹੈ। ਇਸ ਵਾਰ ਨੂੰ 'ਟੁੰਡੇ ਅਸਰਾਜੇ ਦੀ ਵਾਰ' ਦੀ ਧੁਨੀ ਉੱਤੇ ਗਾਉਣ ਦੀ ਹਿਦਾਇਤ ਕੀਤੀ ਗਈ ਹੈ। ਇਸ ਵਾਰ ਵਿਚ ਗੁਰੂ ਜੀ ਦੁਆਰਾ ਲਿਖੀਆਂ 24 ਪਉੜੀਆਂ ਹਨ ਅਤੇ ਇਸ ਨਾਲ 45 ਸਲੋਕ ਜੋੜੇ ਗਏ ਹਨ। ਇਨ੍ਹਾਂ ਸਲੋਕਾਂ ਤੋਂ ਬਿਨਾਂ ਕੁਝ ਹੋਰ ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ। ਇਸ ਵਾਰ ਵਿਚ ਸਮਾਜਿਕ-ਸਭਿਆਚਾਰਕ ਪਰਿਸਥਿਤੀਆਂ ਦਾ ਚਿਤ੍ਰਣ ਬੜੇ ਜ਼ੋਰਦਾਰ ਢੰਗ ਨਾਲ ਹੋਇਆ ਹੈ। ਇਸ ਵਾਰ ਦੀਆਂ ਪਉੜੀਆਂ ਵਿਚ ਨਿਸ਼ਾਨੀ ਛੰਦ (17, 13) ਦਾ ਪ੍ਰਯੋਗ ਕੀਤਾ ਗਿਆ ਹੈ। ਵਾਰ ਦੀ ਗਤੀ ਨੂੰ ਤਿੱਖਾ ਬਨਾਉਣ ਲਈ ਹਰ ਪਉੜੀ ਦੀ ਅੰਤਿਮ ਪੰਕਤੀ ਵਿਚ ਮਾਤ੍ਰਾਵਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ। ਨੇਕੀ ਅਤੇ ਬਦੀ ਵਿਚਲਾ ਸੰਘਰਸ਼ ਇਸ ਵਾਰ ਵਿਚਲੇ ਤਣਾਉ ਨੂੰ ਬਣਾਈ ਰੱਖਦਾ ਹੈ। 'ਮਾਝ ਦੀ ਵਾਰ' ਵਿਚ ਗੁਰੂ ਸਾਹਿਬ ਦੁਆਰਾ ਰਚਿਤ 27 ਪਉੜੀਆਂ ਅਤੇ 46 ਸਲੋਕ ਹਨ। ਇਨ੍ਹਾਂ ਤੋਂ ਬਿਨਾਂ ਕੁਝ ਸਲੋਕ ਹੋਰ ਗੁਰੂ ਸਾਹਿਬਾਨ ਦੇ ਹਨ। ਇਸ ਵਾਰ ਨੂੰ 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ' ਦੀ ਧੁਨੀ ਉਪਰ ਗਾਉਣ ਦਾ ਆਦੇਸ਼ ਅੰਕਿਤ ਹੈ। ਵਾਰ ਦੀ ਹਰ ਪਉੜੀ ਵਿਚ 8 ਤੁਕਾਂ ਹਨ। ਭਾਸ਼ਾ ਦੀ ਦ੍ਰਿਸ਼ਟੀ ਤੋਂ ਇਸ ਵਿਚ ਪੰਜਾਬੀ ਰੰਗ ਬਹੁਤ ਪ੍ਰਧਾਨ ਹੈ। 'ਮਲਾਰ ਦੀ ਵਾਰ' ਵਿਚ ਗੁਰੂ ਨਾਨਕ ਰਚਿਤ 26

ਪਉੜੀਆਂ ਹਨ ਅਤੇ 1 ਪਉੜੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਹੈ। ਪਉੜੀਆਂ ਨਾਲ ਆਏ ਸਲੋਕਾਂ ਵਿਚੋਂ 24 ਸਲੋਕ ਗੁਰੂ ਨਾਨਕ ਦੇ ਹਨ। ਇਸ ਵਾਰ ਦੀ ਹਰ ਪਉੜੀ ਵਿਚ ਅੱਠ ਪੰਕਤੀਆਂ ਹਨ। ਇਸ ਨੂੰ ਰਾਣੇ ਕੈਲਾਸ਼ ਤਥਾ ਮਾਲਦੇ ਦੀ ਧੁਨੀ' ਉਪਰ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ।

## 2.4 Summary (ਨਿਸ਼ਕਰਸ਼)

## 2.5 Glossary (ਔਖੇ ਸ਼ਬਦਾਂ ਦੇ ਅਰਥ)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

## 2.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ।
2. ਜਪੁ ਜੀ ਸਾਹਿਬ ਦਾ ਕੇਂਦਰੀ ਭਾਵ ਕੀ ਹੈ?
3. ਸਿੱਧ ਗੋਸਟ ਬਾਣੀ ਦੇ ਰਚੇਤਾ ਦਾ ਨਾਮ ਦਸੋ।
4. ਗੁਰੂ ਨਾਨਕ ਦੇਵ ਜੀ ਦੀ ਕਿੰਨੇ ਰਾਗਾਂ ਵਿਚ ਬਾਣੀ ਹੈ।
5. ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਕਿਸ ਨੂੰ ਦਿੱਤੀ?

## 2.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦੇ ਯੋਗਦਾਨ ਬਾਰੇ ਦਸੋ।

2. ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਵਿਸਤਾਰ ਚਰਚਾ ਕਰੋ।

______________________________________________

______________________________________________

______________________________________________

______________________________________________

## 2.8 Suggested Reading (ਸਹਾਇਕ ਪੁਸਤਕ ਸੂਚੀ)


1. ਪ੍ਰੋ. ਬ੍ਰਹਮਜਗਦੀਸ਼ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ", ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ",
3. ਡਾ. ਰਾਜਿੰਦਰ ਸਿੰਘ ਸੇਖੋਂ, "ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ" ਲਾਹੌਰ ਬੱਕ ਲੁਧਿਆਣਾ, 2007

# ਗੁਰੂ ਅਰਜਨ ਦੇਵ ਜੀ

**Structure :**

3.1 **Objective (ਉਦੇਸ਼)**

3.2 **Introduction (ਜਾਣ-ਪਛਾਣ)**

3.3 **Content Section (ਵਿਸ਼ਾ ਪੱਖ)**

3.4 **Summary (ਨਿਸ਼ਕਰਸ਼)**

3.5 **Glossary (ਔਖੇ ਸ਼ਬਦਾਂ ਦੇ ਅਰਥ)**

3.6 **SAQ/CYP/Possible (ਵਸਤੁਨਿਸ਼ਠ ਪ੍ਰਸ਼ਨੋਤਰੀ)**

3.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

3.8 **Suggested Reading (ਸਹਾਇਕ ਪੁਸਤਕ ਸੂਚੀ)**

## 3.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੁਰਮਤਿ ਕਾਵਿ ਵਿਚ ਗੁਰੁ ਅਰਜਨ ਦੇਵ ਜੀ ਦੇ ਜੀਵਨ, ਬਾਣੀ ਅਤੇ ਦੇਣ ਬਾਰੇ ਦਸਿਆ ਗਿਆ ਹੈ। ਗੁਰਮਤਿ ਕਾਵਿ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਸੁਰੂ ਹੁੰਦਾ ਹੈ ਤੇ ਨਿਰੰਤਰ ਅਗੇ ਵਧਦਾ ਹੈ ਅਤੇ ਗੁਰੁ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਵੀ ਸਾਮਿਲ ਕਰਕੇ ਆਦਿ ਸ੍ਰੀ ਗੁਰੁ ਗ੍ਰੰਥ ਸਾਹਿਬ ਤਇਆਰ ਕਰਵਾਇਆ ਹੈ।

## 3.2 Introduction (ਜਾਣ-ਪਛਾਣ)

ਪੰਚਮ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਤੀਜੇ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਦਾ ਜਨਮ 15 ਅਪ੍ਰੈਲ 1563 ਈ. ਨੂੰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ। ਪਹਿਲੇ ਗਿਆਰਾਂ ਵਰ੍ਹੇ ਆਪ ਨੇ ਗੋਇੰਦਵਾਲ ਸਾਹਿਬ ਵਿਖੇ ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਪਾਸ ਗੁਜ਼ਾਰੇ। ਇਥੇ ਹੀ ਆਪ ਨੂੰ ਗੁਰੂ ਅਮਰਦਾਸ ਜੀ ਪਾਸੋਂ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਪ੍ਰਾਪਤ ਹੋਇਆ ਸੀ। ਗਿਆਰਾਂ ਵਰ੍ਹੇ ਦੇ ਹੋਣ ਪਿਛੋਂ ਆਪ ਆਪਣੇ ਪਿਤਾ, ਚੌਥੇ ਸਤਿਗੁਰੂ ਪਾਸ, 'ਚੱਕ ਰਾਮਦਾਸ ਪੁਰ' (ਹੁਣ ਅੰਮ੍ਰਿਤਸਰ) ਵਿਖੇ ਪਹੁੰਚ ਗਏ ਅਤੇ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਹੋ ਗਏ। ਇਕ ਵਾਰ ਆਪ ਕਿਸੇ ਸ਼ਾਦੀ ਵਿਚ ਭਾਗ ਲੈਣ ਵਾਸਤੇ ਲਾਹੌਰ ਗਏ ਅਤੇ ਉਥੋਂ ਆਪਣੇ ਪਿਤਾ ਗੁਰੂ ਰਾਮਦਾਸ ਜੀ ਨੂੰ ਤਿੰਨ ਪੱਤਰ ਵੀ ਲਿਖੇ

1. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥...
2. ਤੇਰਾ ਮੁਖੁ ਸੁਹਾਵਾ ਜੀਓ ਸਹਿਜ ਧੁਨਿ ਬਾਣੀ...
3. ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ...

*(ਆਦਿ ਗ੍ਰੰਥ, ਪੰਨਾ ੯੬)*

## 3.3 Content Section (ਵਿਸ਼ਾ ਪੱਖ)

ਗੁਰੂ ਅਰਜਨ ਜੀ ਨੂੰ ਗੁਰੂ ਰਾਮਦਾਸ ਜੀ ਨੇ ਹਰ ਤਰ੍ਹਾਂ ਨਾਲ ਯੋਗ ਜਾਣ ਕੇ 1581 ਵਿਚ ਗੁਰੂ-ਪਦ ਸੌਂਪ ਦਿੱਤਾ। ਆਪ ਨੇ ਅਕਤੂਬਰ 1588 ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ (ਸਿਖ ਰਵਾਇਤ ਅਨੁਸਾਰ ਸਾਈਂ ਮੀਆਂ ਮੀਰ ਚਿਸ਼ਤੀ ਪਾਸੋਂ) ਰਖਵਾਇਆ। ਤਰਨ ਤਾਰਨ ਸਾਹਿਬ ਵਿਖੇ ਪਵਿੱਤਰ ਸਰੋਵਰ ਦਾ ਨਿਰਮਾਣ ਕਰਵਾਇਆ ਅਤੇ ਕਰਤਾਰਪੁਰ ਆਦਿਕ ਕੁਝ ਨਵੇਂ ਸ਼ਹਿਰ ਵਸਾਏ। ਆਪ ਦੁਆਰਾ ਕੀਤਾ ਇਕ ਮਹਾਨ ਕਾਰਜ 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨਾ ਹੈ। ਇਸ ਮਹਾਨ ਗ੍ਰੰਥ ਵਿਚ ਆਪਣੇ ਸਮੇਤ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਚਾਰ ਗੁਰਸਿਖਾਂ ਅਤੇ ਸਤਾਰਾਂ ਭੱਟ ਕਵੀਆਂ ਦੀ ਬਾਣੀ ਸ਼ਾਮਲ ਕੀਤੀ ਗਈ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਵਾਲੀ ਬੀੜ ਵਿਚ ਭਾਈ ਮਨੀ ਸਿੰਘ ਦੀ ਕਲਮ ਦੁਆਰਾ ਚੜ੍ਹਾਇਆ ਸੀ।

ਗੁਰੂ ਅਰਜਨ ਦੇਵ ਜੀ ਨੇ ਹੋਰ ਸਾਰੇ ਬਾਣੀਕਾਰਾਂ ਨਾਲੋ ਵੱਧ ਬਾਣੀ ਰਚੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੁਆਰਾ ਰਚੇ ਗਏ 2218 ਸ਼ਬਦ ਸੰਕਲਿਤ ਹਨ। ਇਸ ਮਹਾਨ ਗ੍ਰੰਥ ਸਾਹਿਬ

ਵਿਚ ਸ਼ਾਮਲ ਕੁਲ 31 ਰਾਗਾਂ ਵਿਚੋਂ ਆਪ ਨੇ 30 ਰਾਗਾਂ (ਜੈਜਾਵੰਤੀ ਨੂੰ ਛੱਡ ਕੇ) ਵਿਚ ਬਾਣੀ ਰਚਨਾ ਕੀਤੀ ਹੈ। ਆਪ ਦੀਆਂ ਕੁਝ ਪ੍ਰਮੁੱਖ ਅਤੇ ਪ੍ਰਤੀਨਿਧ ਬਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

1. **ਬਾਰਹਮਾਹਾ ਮਾਂਝ**-ਲੋਕ ਕਾਵਿ ਪਰੰਪਰਾ ਵਿਚ ਪ੍ਰਾਪਤ ਰੂਪਾਕਾਰ ਬਾਰਹਮਾਹਾ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਾਤਮਾ ਦੀ ਅਧਿਆਤਮਕ ਵੇਦਨਾ ਨੂੰ ਰੂਪਮਾਨ ਕਰਨ ਵਾਸਤੇ ਇਸ ਬਾਣੀ ਦੀ ਰਚਨਾ ਕੀਤੀ ਹੈ। ਇਸ ਬਾਣੀ ਦੇ ਕੁਲ 14 ਪਦੇ ਹਨ। ਪਹਿਲੇ ਪਦੇ ਵਿਚ ਬਾਣੀ ਦੀ ਪ੍ਰਸਤਾਵਨਾ ਪੇਸ਼ ਹੋਈ ਹੈ। ਇਸ ਤੋਂ ਬਾਅਦ ਚੇਤ ਤੋਂ ਸ਼ੁਰੂ ਕਰਕੇ ਕ੍ਰਮਵਾਰ ਫ਼ਗਣ ਤਕ ਵੱਖ-ਵੱਖ ਬਾਰਾਂ ਮਹੀਨਿਆਂ ਦੇ ਚਰਿੱਤਰ ਅਤੇ ਜੀਵਾਤਮਾ ਦੇ ਕਰਤੱਵ ਬਾਰੇ ਨਿਰਦੇਸ਼ ਦਿੱਤੇ ਗਏ ਹਨ। ਅੰਤਿਮ ਪਦੇ ਵਿਚ ਗੁਰੂ ਸਾਹਿਬ ਨੇ ਨਿਸ਼ਕਰਸ਼ ਦੀ ਸਥਾਪਨਾ ਕਰਦਿਆਂ ਹੋਇਆਂ ਲਿਖਿਆ ਹੈ ਕਿ ਸਾਰੇ ਮਹੀਨੇ ਅਤੇ ਮਹੂਰਤ ਸ਼ੁਭ ਹਨ ਕਿਉਂਕਿ ਜਿਸ ਉਪਰ ਪ੍ਰਭੂ ਦੀ ਕ੍ਰਿਪਾ ਹੋ ਜਾਂਦੀ ਹੈ, ਉਸਦਾ ਪਾਰਉਤਾਰਾ ਹੋ ਜਾਂਦਾ ਹੈ। ਦੇਖੋ :

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥14॥ *(ਆਦਿ ਗ੍ਰੰਥ, ਪੰਨਾ ੬੬੨)*

2. **ਅਖਰੀ**—ਗਉੜੀ ਰਾਗ ਵਿਚ ਰਚੀ ਗਈ ਇਹ ਬਾਣੀ ਦੇਵਨਾਗਰੀ ਵਰਣਮਾਲਾ ਦੇ 52 ਅੱਖਰਾਂ ਨੂੰ ਅਗਰਭੂਮੀ ਵਿਚ ਰੱਖ ਕੇ ਗੁਰੂ ਅਤੇ ਪਰਮਾਤਮਾ ਦੀ ਮਹਿਮਾ ਦਾ ਬਖਾਣ ਕਰਦੀ ਹੈ। ਹਰ ਪਉੜੀ ਦੇ ਆਰੰਭ ਵਿਚ ਇਕ ਸਲੋਕ ਦਿੱਤਾ ਗਿਆ ਹੈ। ਪਉੜੀਆਂ ਦੀ ਕੁਲ ਗਿਣਤੀ 55 ਹੈ। ਬਾਣੀ ਦੇ ਮੁੱਢ ਵਿਚ ਮੰਗਲਾਚਰਣ ਹੈ ਜੋ ਸਲੋਕ ਰੂਪ ਵਿਚ ਹੈ। ਇਹੀ ਸਲੋਕ ਅੰਤ ਵਿਚ ਪੜ੍ਹਨ ਦਾ ਆਦੇਸ਼ ਵੀ ਹੋਇਆ ਹੈ : ਏਹੁ ਸਲੋਕ ਆਦਿ ਅੰਤੁ ਪੜਣਾ।

3. **ਸੁਖਮਨੀ**—ਇਹ ਬਾਣੀ ਗਉੜੀ ਰਾਗ ਵਿਚ ਰੂਪਮਾਨ ਹੋਈ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਰ ਸਾਰੀਆਂ ਬਾਣੀਆਂ ਨਾਲੋਂ ਆਕਾਰ ਵਿਚ ਲੰਬੇ ਹੈ। ਇਸ ਬਾਣੀ ਵਿਚ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ 8 ਪਦੇ ਅਤੇ ਹਰ ਪਦੇ ਵਿਚ 10 ਪੰਕਤੀਆਂ ਹਨ। ਅਸ਼ਟਪਦੀ ਦੇ ਆਰੰਭ ਵਿਚ ਇਕ ਸਲੋਕ ਹੈ ਜੋ ਆਮ ਕਰਕੇ ਦੋਹਿਰਾ ਰੂਪ ਦਾ ਹੈ ਪਰ ਕਿਧਰੇ-ਕਿਧਰੇ ਇਸਦਾ ਅਪਵਾਦ ਵੀ ਹੈ। ਇਸ ਬਾਣੀ ਵਿਚ ਉਸ ਸਥਾਈ ਸੁਖ ਦੇ ਸਰੂਪ ਅਤੇ ਪ੍ਰਾਪਤੀ ਦੀ ਵਿਧੀ ਬਾਰੇ ਬੋਧ ਕਰਵਾਇਆ ਗਿਆ ਹੈ, ਜੋ ਮਨੁੱਖੀ ਜੀਵਨ ਦਾ ਲਕਸ਼ ਹੁੰਦਾ ਹੈ। ਇਸ ਸੁਖ ਦੀ ਸਥਿਤੀ ਨੂੰ ਸਪੱਸ਼ਟ ਕਰਦਿਆਂ ਹੋਇਆਂ ਗੁਰੂ ਜੀ ਨੇ ਫੁਰਮਾਇਆ ਹੈ : ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮੁ॥ਰਹਾਉ॥ (ਆਦਿ ਗ੍ਰੰਥ, ਪੰਨਾ ੨੬੨)

4. **ਥਿਤੀ**—ਇਹ ਬਾਣੀ ਵੀ ਲੋਕ ਕਾਵਿ ਰੂਪਾਂ ਦੀਆਂ ਰੂੜ੍ਹੀਆਂ ਨੂੰ ਵਿਸਤਾਰਦੀ ਹੋਈ ਬਾਣੀ-ਸਿਰਜਣਾ ਦੇ ਨਵੇਂ ਪ੍ਰਤਿਮਾਨ ਸਿਰਜਦੀ ਹੈ। ਇਸ ਬਾਣੀ ਦੀਆਂ 17 ਪਉੜੀਆਂ ਹਨ ਅਤੇ ਹਰ ਪਉੜੀ ਦੇ ਆਰੰਭ ਵਿਚ ਇਕ ਸਲੋਕ ਹੈ। ਇਸ ਬਾਣੀ ਦੀਆਂ ਵੱਖ-ਵੱਖ ਪਉੜੀਆਂ ਵਿਚ ਪ੍ਰਭੂ ਦੇ ਸਿਮਰਨ ਨੂੰ ਹੋਰ ਸਭ ਕਰਮ-ਕਾਂਡਾਂ ਤੋਂ ਸ੍ਰੇਸ਼ਠ ਅਤੇ ਗਿਆ ਹੈ। ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਭਰਮ-ਭੁਲੇਖਿਆਂ, ਦੁਰਮਤਿ, ਮਾਇਆ, ਅਰਥਪੂਰਨ ਵਿਕਾਰਾਂ, ਮੰਤਰਾਂ-ਤੰਤਰਾਂ, ਨਿੰਦਾ-ਚੁਗ਼ਲੀ, ਤ੍ਰਿਸ਼ਨਾ ਅਤੇ ਕਰਮ-ਕਾਂਡਾਂ ਤੋਂ ਮੁਕਤ ਹੋਏ ਬਗੈਰ ' ਦਰਸਾਇਆ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਹਰ ਵਿਅਕਤੀ ਨੂੰ ਇਹ ਗੱਲ ਪੱਕੇ ਤੌਰ 'ਤੇ ਆਪਣੇ ਮਨ ਵਿਚ ਵਸਾ ਲੈਣੀ ਚਾਹੀਦੀ ਹੈ ਕਿ ਕੇਵਲ ਇਕ ਪਰਮਾਤਮਾ ਹੀ ਸਮੁੱਚੇ ਬ੍ਰਹਿਮੰਡ ਵਿਚ ਸਮਾਇਆ ਹੋਇਆ ਹੈ ਅਤੇ ਸਾਰੇ ਪਾਸੇ ਉਸੇ ਦਾ ਪ੍ਰਤਾਪ ਹੈ। ਉਸ ਪਰਮਾਤਮਾ ਦੀ ਪਹਿਚਾਣ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ।

5. **ਵਾਰਾਂ**—ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀਆਂ ਛੇ ਵਾਰਾਂ ਸੰਕਲਿਤ ਹਨ ਜੋ ਕ੍ਰਮਵਾਰ ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਵਿਚ ਰਚੀਆਂ ਗਈਆਂ ਹਨ। ਇਹ ਵਾਰਾਂ ਗੁਰੂ ਸਾਹਿਬ ਦੀ ਕਾਵਿ-ਕੀਰਤੀ ਦਾ ਇਕ ਨਵੇਕਲਾ ਪ੍ਰਮਾਣ ਪੇਸ਼ ਕਰਦੀਆਂ ਹਨ। 'ਗਉੜੀ ਕੀ ਵਾਰ' ਨੂੰ 'ਰਾਇ ਕਮਾਲ ਦੀ ਮੌਜ ਦੀ ਵਾਰ' ਦੀ ਧੁਨੀ ਉਪਰ ਗਾਉਣ ਦਾ ਆਦੇਸ਼ ਪ੍ਰਾਪਤ ਹੁੰਦਾ ਹੈ। ਕਈ ਵਾਰਾਂ ਵਿਚ ਮੁਲਤਾਨੀ (ਡੱਖਣੀ) ਭਾਸ਼ਾ ਦਾ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ। ਵਾਰਾਂ ਵਿਚ ਬੀਰ ਰਸ ਦੀ ਨਿਸ਼ਪੱਤੀ ਬੜੇ ਜ਼ੋਰਦਾਰ ਅੰਦਾਜ਼ ਵਿਚ ਹੋਈ ਹੈ। ਦੇਖੋ :

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥
ਲਖਮੀ ਤੋਟ ਨ ਆਵਈ ਖਾਇ ਖਰਚਿ ਰਹੰਦਾ॥
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥

ਅਤੇ

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

*(ਰਾਮਕਲੀ ਕੀ ਵਾਰ, ਪੰਨਾ ੧੧੦੨)*

ਇਨ੍ਹਾਂ ਬਾਣੀਆਂ ਤੋਂ ਬਿਨਾਂ 'ਦਿਨ ਰੈਣਿ' (ਇਕ ਸ਼ਬਦ, ਚਾਰ ਪਦ), 'ਬਿਰਹੜੇ' (ਤਿੰਨ ਸ਼ਬਦ, ਹਰ ਸ਼ਬਦ ਦੇ ਅਠ ਪਦ), ਅੰਜੁਲੀਆ (ਦੋ ਸ਼ਬਦ, ਹਰ ਸ਼ਬਦ ਦੇ ਅੱਠ ਪਦ) 'ਸੋਲਹੇ', 'ਸਲੋਕ ਸਹਸਕ੍ਰਿਤੀ', 'ਗਾਥਾ' (24 ਸਲੋਕ) 'ਫੁਨਹੇ' ਅਤੇ 'ਚਉਬੋਲੇ' ਵੀ ਆਪ ਦੀ ਕਾਵਿ-ਕੀਰਤੀ ਦਾ ਅਦਭੁਤ ਪ੍ਰਮਾਣ ਪੇਸ਼ ਕਰਦੇ ਹਨ। ਗੁਰੂ ਸਾਹਿਬ ਨੇ ਦੋਹਿਰਾ, ਦਵੱਈਆ, ਚੌਪਈ, ਸਿਰਖੰਡੀ, ਸਵਈਆ, ਨਿਸ਼ਾਨੀ ਛੰਦ, ਝੂਲਣਾ, ਤੋਮਰ ਅਤੇ ਤਾਟੰਕ ਆਦਿ ਛੰਦਾਂ ਦਾ ਪ੍ਰਯੋਗ ਕੀਤਾ ਹੈ। ਅਲੰਕਾਰ-ਵਿਧਾਨ ਦੀ ਦ੍ਰਿਸ਼ਟੀ ਤੋਂ ਵੀ ਆਪ ਦੀ ਬਾਣੀ ਵਿਚ ਬਹੁਤ ਵਿਵਿਧਤਾ ਹੈ। ਆਪ ਨੇ ਉਪਮਾ, ਰੂਪਕ, ਲੋਕੋਕਤੀ, ਵਿਸ਼ੇਸ਼ੋਕਤੀ, ਅਤੁੱਲ ਯੋਗਤਾ, ਅਨੁਪ੍ਰਾਸ, ਅਵੱਗਿਆ, ਕ੍ਰਾਂਤੀ, ਯਮਕ, ਵਿਭਾਵਨਾ, ਉੱਲਾਸ, ਦੀਪਕ ਪ੍ਰਮਾਣ ਆਦਿਕ ਅਲੰਕਾਰਾਂ ਦੀ ਸਿਰਜਣਾ ਕੀਤੀ ਹੈ। ਆਪ ਦੁਆਰਾ ਵਰਤੇ ਗਏ ਪ੍ਰਤੀਕ ਅਤੇ ਚਿੰਨ੍ਹ ਵੀ ਅਤਿਅੰਤ ਮੌਲਿਕ ਹਨ। ਕਈ ਬਾਣੀਆਂ ਵਿਚ ਸੂਫ਼ੀ ਸ਼ਬਦਾਵਲੀ ਦਾ ਵੀ ਬੜਾ ਸਟੀਕ ਪ੍ਰਯੋਗ ਹੋਇਆ ਹੈ। ਦੇਖੋ :

ਸਰੈ ਸਰੀਅਤ ਲੇ ਕੰਮਾਵਹੁ॥
ਤਰੀਕਤਿ ਤਰਕ ਖੋਜਿ ਟੋਲਾਵਹੁ॥
ਮਾਰਫਤਿ ਮਨੁ ਮਾਰਹੁ ਅਬਦਾਲਾ॥
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥ *(ਮਾਰੂ ਸੋਲਹੇ ਮ ੫, ਪੰਨਾ ੧੦੮੩)*

### 3.4 Summary (ਨਿਸ਼ਕਰਸ਼)

### 3.5 Glossary (ਔਖੇ ਸ਼ਬਦਾਂ ਦੇ ਅਰਥ)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

### 3.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਗੁਰਮਤਿ ਕਾਵਿ ਦਾ ਮੋਢੀ ਕੌਣ ਹੈ।
2. ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ।
3. ਸੁਖਮਨੀ ਸਾਹਿਬ ਕਿਸ ਗੁਰੂ ਦੀ ਬਾਣੀ ਹੈ।
4. ਸੁਖਮਨੀ ਸਾਹਿਬ ਦੇ ਕਿੰਨੇ ਸਲੋਕ ਹਨ।
5. ਬਾਰਾਮਾਹ ਬਾਣੀ ਦੇ ਰਚੇਤਾ ਦਾ ਨਾਮ ਦਸੋ।

**3.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

1. ਪੰਜਾਬੀ ਸਾਹਿਤ ਵਿਚ ਗੁਰੂ ਅਰਜਨ ਦੇਵ ਜੀ ਦੀ ਦੇਣ ਬਾਰੇ ਚਰਚਾ ਕਰੋ।

______________________________________________

______________________________________________

______________________________________________

______________________________________________

2. ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਵਿਸਤਾਰ ਚਰਚਾ ਕਰੋ।

______________________________________________

______________________________________________

______________________________________________

______________________________________________

**2.8 Suggested Reading (ਸਹਾਇਕ ਪੁਸਤਕ ਸੂਚੀ)**


1. ਪ੍ਰੋ. ਬ੍ਰਹਮਜਗਦੀਸ਼ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ", ਵਾਰਿਸ਼ ਸ਼ਾਹ ਫ਼ਾਊਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ",
3. ਡਾ. ਰਾਜਿੰਦਰ ਸਿੰਘ ਸੇਖੋਂ, "ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ" ਲਾਹੌਰ ਬੁੱਕ ਲੁਧਿਆਣਾ, 2007

# ਭਾਈ ਗੁਰਦਾਸ ਜੀ

**Structure :**

4.1 **Objective (ਉਦੇਸ਼)**

4.2 **Introduction (ਜਾਣ-ਪਛਾਣ)**

4.3 **Content Section (ਵਿਸ਼ਾ ਪੱਖ)**

4.4 **Summary (ਨਿਸ਼ਕਰਸ਼)**

4.5 **Glossary (ਔਖੇ ਸ਼ਬਦਾਂ ਦੇ ਅਰਥ)**

4.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

4.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

4.8 **Suggested Reading (ਸਹਾਇਕ ਪੁਸਤਕ ਸੂਚੀ)**

## 4.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੁਰਮਤਿ ਕਾਵਿ ਵਿਚੋਂ ਭਾਈ ਗੁਰਦਾਸ ਜੀ ਦੇ ਜੀਵਨ, ਬਾਣੀ ਅਤੇ ਦੇਣ ਬਾਰੇ ਦਸਿਆ ਗਿਆ ਹੈ। ਗੁਰੁ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋ ਬਾਣੀ ਲਿਖਵਾ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਿਆਰ ਕਰਵਾਇਆ ਜਿਸ ਵਿਚ ਗੁਰੁ ਸਾਹਿਬਾਣ ਦੇ ਨਾਲ ਨਾਲ ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਵੀ ਸਾਮਿਲ ਕੀਤੀ।

### 4.2 Introduction (ਜਾਣ-ਪਛਾਣ)

ਭਾਈ ਗੁਰਦਾਸ ਦਾ ਜਨਮ 1559 ਈ. ਵਿਚ ਗੁਰੂ ਅਮਰਦਾਸ ਜੀ ਦੇ ਚਾਚੇ ਚੰਦ ਭਾਨ ਦੇ ਸਪੁੱਤਰ ਭਾਈ ਈਸ਼ਰ ਦਾਸ ਜੀ ਦੇ ਗ੍ਰਿਹਿ ਵਿਖੇ ਹੋਇਆ। ਇਸ ਤਰ੍ਹਾਂ ਆਪ ਗੁਰੂ ਸਾਹਿਬ ਦੇ ਭਤੀਜੇ ਸਨ ਅਤੇ ਆਪ ਦਾ ਮੁੱਢਲਾ ਜੀਵਨ ਗੁਰੂ ਜੀ ਪਾਸ ਗੋਇੰਦਵਾਲ ਸਾਹਿਬ ਵਿਖੇ ਬਤੀਤ ਹੋਇਆ। ਗੋਇੰਦਵਾਲ ਨੂੰ ਗੁਰੂ ਅਮਰਦਾਸ ਜੀ ਨੇ ਹੀ ਵਸਾਇਆ ਸੀ ਅਤੇ ਇਥੇ ਗੁਰੂ ਜੀ ਪਾਸ ਬਹੁਤ ਦੂਰ-ਦੂਰ ਤਾਂ ਸਾਧੂ-ਸੰਤ ਬਚਨ-ਬਿਲਾਸ ਕਰਨ ਵਾਸਤੇ ਆਇਆ ਕਰਦੇ ਸਨ। ਗੋਇੰਦਵਾਲ ਦੇ ਇਸ ਵਾਤਾਵਰਣ ਦਾ ਭਾਈ ਸਾਹਿਬ ਉਤੇ ਬਹੁਤ ਪ੍ਰਭਾਵ ਪਿਆ ਅਤੇ ਆਪ ਇਕ ਆਦਰਸ਼ਕ ਗੁਰਸਿੱਖ ਦੇ ਮਾਡਲ ਵਿਚ ਢਲ ਗਏ। ਆਪ ਨੇ ਕਾਸ਼ੀ ਦੇ ਇਕ ਵਿਦਵਾਨ ਪੰਡਿਤ ਕੇਸ਼ੋ ਗੋਪਾਲ ਤੋਂ ਸੰਸਕ੍ਰਿਤ ਭਾਸ਼ਾ ਅਤੇ ਭਾਰਤੀ ਦਰਸ਼ਨ ਸੰਬੰਧੀ ਗਿਆਨ ਵੀ ਪ੍ਰਾਪਤ ਕੀਤਾ। ਵੱਖ-ਵੱਖ ਗੁਰੂ ਸਾਹਿਬਾਨ ਨੇ ਸਮੇਂ-ਸਮੇਂ ਆਪ ਨੂੰ ਗੁਰਸਿੱਖੀ ਦੇ ਪ੍ਰ ਵਾਸਤੇ ਦੂਰ-ਦੂਰ ਤਕ ਭੇਜਿਆ ਅਤੇ ਇਸ ਪ੍ਰਸੰਗ ਵਿਚ ਆਪ ਨੇ ਦਿੱਲੀ, ਆਗਰਾ, ਕੁਰਕਸ਼ੇਤਰ, ਹਰਿਦੁਆਰ, ਜੰਮੂ ਅਤੇ ਚੰਬਾ ਆਦਿਕ ਸਥਾਨਾਂ ਦੀ ਯਾਤਰਾ ਕੀਤੀ। ਜਦੋਂ ਗੁਰੂ ਅਰਜਨ ਦੇਵ ਜੀ ਨੂੰ ਆਦਿ ਗ੍ਰੰਥ ਦੀ ਬੀੜ ਸੰਕਲਿਤ ਕਰਨ ਦਾ ਫੁਰਨਾ ਫੁਰਿਆ ਤਾਂ ਆਪ ਨੂੰ ਇਕ ਲਿਖਾਰੀ ਦੇ ਰੂਪ ਵਿਚ ਭਾਈ ਗੁਰਦਾਸ ਜੀ ਸਭ ਤੋਂ ਉਚਿਤ ਵਿਅਕਤੀ ਪ੍ਰਤੀਤ ਹੋਏ ਸਨ। ਆਪ ਨੂੰ ਗੁਰਬਾਣੀ ਦੀ ਸ਼ੈਲੀ, ਸ਼ਬਦਾਵਲੀ ਅਤੇ ਸ਼ਬਦ-ਜੋੜਾਂ ਦਾ ਭਰਪੂਰ ਗਿਆਨ ਸੀ। ਆਪ ਦੁਆਰਾ ਲਿਖੀਆਂ ਗਈਆ 39 (ਕਾਨ੍ਹ ਸਿੰਘ ਨਾਭਾ ਅਨੁਸਾਰ 40) ਵਾਰਾਂ ਗੁਰਮਤਿ ਗਿਆਨ ਅਤੇ ਸਿੱਖ ਦਰਸ਼ਨ ਦਾ ਇਕ ਮਹਾਨਕੋਸ਼ ਹਨ। ਇਸੇ ਕਾਰਨ ਇਨ੍ਹਾਂ ਨੂੰ ਗੁਰਬਾਣੀ ਦੀ ਕੁੰਜੀ' ਵੀ ਕਿਹਾ ਗਿਆ ਹੈ। ' ਭਾਈ ਸਾਹਿਬ ਮਾਝੇ ਦੇ ਰਹਿਣ ਵਾਲੇ ਸਨ। ਇਸ ਲਈ ਆਪ ਦੀ ਭਾਸ਼ਾ ਉੱਤੇ ਮਾਝੀ ਦਾ ਪ੍ਰਭਾਵ ਸਭ ਤੋਂ ਵਧੇਰੇ ਹੈ। ਆਪ ਤੋਂ ਪਹਿਲਾਂ ਪੰਜਾਬੀ ਦੀ ਸਾਹਿਤਿਕ ਪਰੰਪਰਾ ਉਪਰ ਲਹਿੰਦੀ ਦਾ ਕਾਫ਼ੀ ਪ੍ਰਭਾਵ ਸੀ ਪਰੰਤੂ ਭਾਈ ਸਾਹਿਬ ਨੇ ਇਸ ਪਰਿਪਾਟੀ ਨੂੰ ਉਲੰਘਦਿਆਂ ਹੋਇਆਂ ਮਾਝੀ ਬੋਲੀ ਦੀਆਂ ਸ਼ਬਦ-ਬਣਤਰਾਂ ਦੁਆਰਾ ਪੰਜਾਬੀ ਭਾਸ਼ਾ ਦੀ ਸਾਹਿਤਿਕਤਾ ਨੂੰ ਵਧੇਰੇ ਅਮੀਰ ਬਣਾਇਆ। ਉਹ ਠੇਠ ਪੰਜਾਬੀ ਜਿਸ ਤੋਂ ਅੱਜ ਦੀ ਪੰਜਾਬੀ ਦਾ ਨਿਰਮਾਣ ਹੋਇਆ ਹੈ, ਸਭ ਤੋਂ ਪਹਿਲਾਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਦੇਖੋ-

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ॥
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥

### 4.3 Content Section (ਵਿਸ਼ਾ ਪੱਖ)

ਭਾਈ ਸਾਹਿਬ ਦੀ ਸ਼ਬਦਾਵਲੀ ਵਿਚ ਸੰਸਕ੍ਰਿਤ, ਫ਼ਾਰਸੀ ਅਤੇ ਲਹਿੰਦੀ ਦੇ ਕੁਝ ਆਮ ਵਰਤੇ ਜਾਣ ਵਾਲੇ ਸ਼ਬਦ ਦ੍ਰਿਸ਼ਟੀਗੋਚਰ ਹੁੰਦੇ ਹਨ। ਪਰ ਆਪ ਦੀ ਵੱਡੀ ਵਿਸ਼ੇਸ਼ਤਾ ਲੋਕਯਾਨਿਕ ਅਥਵਾ ਭੁੱਲੀ ਵਿਸਰੀ ਸ਼ਬਦਾਵਲੀ ਦਾ ਮੁਹਾਵਰੇ-ਭਰਪੂਰ ਪ੍ਰਯੋਗ ਕਰਨ ਵਿਚ ਉਜਾਗਰ ਹੁੰਦੀ ਹੈ। ਆਪ ਲੋਕੋਕਤੀ-ਸਿਰਜਣ ਅਤੇ ਵਰਤਣ ਦੇ ਪ੍ਰਸੰਗ ਵਿਚ ਇਕ ਸਿੱਧਹਸਤ ਕਵੀ ਹਨ। ਦੇਖੋ :

ਕੁਤਾ ਰਾਜਿ ਬਹਾਲੀਐ ਫਿਰ ਚਕੀ ਚਟੈ॥
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ॥
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ॥
ਚੋਆ ਚੰਦਨੁ ਪਰਿਹਰੈ ਖਰ ਖੇਹ ਪਲਟੈ ਤਿਉ ਨਿੰਦਕ ਪਰ ਨਿੰਦਹੁੰ ਹਠਿ ਮੂਲਿ ਨ ਹਟੈ॥
ਆਪਣ ਹਥੀ ਆਪਣੀ ਜੜ ਆਪਿ ਉਪਟੈ॥ *(ਵਾਰ ੩੫)*

ਵਾਰ-ਸਿਰਜਣਾ ਦੇ ਪ੍ਰਸੰਗ ਵਿਚ ਭਾਈ ਗੁਰਦਾਸ ਨੇ ਗੁਰਮਤਿ ਵਾਰ ਪਰੰਪਰਾ ਦਾ ਹੀ ਅਨੁਸਰਣ ਕੀਤਾ ਹੈ। ਜਿਵੇਂ ਇਨ੍ਹਾਂ ਵਾਰਾਂ ਵਿਚ ਪਰਮਾਤਮਾ, ਸਤਿਗੁਰੂ, ਗੁਰਮੁਖ ਅਤੇ ਸਤਿਸੰਗਤ ਦੀ ਉਸਤਤਿ ਹੋਈ ਹੈ, ਭਾਈ ਸਾਹਿਬ ਨੇ ਵੀ ਇਸੇ ਤਰ੍ਹਾਂ ਕੀਤਾ ਹੈ ਅਤੇ ਇਨ੍ਹਾਂ ਦੇ ਵਿਰੋਧ ਵਿਚ ਖੜ੍ਹੋਤੀਆਂ ਸ਼ਕਤੀਆਂ ਮਨਮੁਖ, ਨਿੰਦਕ, ਅਕ੍ਰਿਤਘਣ ਅਤੇ ਕੁਸੰਗਤ ਆਦਿਕ ਨੂੰ ਨੀਵਾਂ ਦਿਖਾਇਆ ਹੈ। ਭਾਈ ਸਾਹਿਬ ਨੇ ਆਪਣੀਆਂ ਵਾਰਾਂ ਦੀ ਰਚਨਾ ਕਰਨ ਸਮੇਂ ਗੁਰੂ-ਵਾਰਕਾਵਿ ਪਰੰਪਰਾ ਦਾ ਨਿੱਠ ਕੇ ਅਧਿਐਨ ਕੀਤਾ ਹੋਵੇਗਾ। ਇਹੀ ਕਾਰਨ ਹੈ ਕਿ ਆਪ ਦੀਆਂ ਵਾਰਾਂ ਵਿਚ ਪਉੜੀਆਂ ਦਾ ਮਾਤ੍ਰਿਕ ਪੈਟਰਨ ਵੀ ਉਕਤ ਵਾਰਾਂ ਵਾਂਗ ਵੰਨ-ਸੁਵੰਨਾ ਹੈ। ਇਨ੍ਹਾਂ ਵਾਰਾਂ ਵਿਚ 13-16, 13-10 ਅਤੇ 11-9 ਮਾਤ੍ਰਾਵਾਂ ਵਾਲੇ ਰੂਪ ਵਰਤੇ ਗਏ ਹਨ। ਆਪ ਦੀਆਂ ਪਉੜੀਆਂ ਵਿਚ ਪੰਕਤੀਆਂ ਦੀ ਗਿਣਤੀ ਵੀ ਸੁਨਿਸ਼ਚਿਤ ਨਹੀਂ ਹੈ। ਆਪ ਨੇ 6 ਤੋਂ 10 ਤੁਕਾਂ ਤਕ ਦੀਆਂ ਪਉੜੀਆਂ ਰਚੀਆਂ ਹਨ। ਭਾਈ ਸਾਹਿਬ ਦੀਆਂ ਇਨ੍ਹਾਂ ਵਾਰਾਂ ਵਿਚ ਅਲੰਕਾਰਾਂ ਦਾ ਭਰਪੂਰ ਪ੍ਰਯੋਗ ਹੋਇਆ ਹੈ। ਆਪ ਨੇ ਭਾਵਾਂ ਅਤੇ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਅਲੰਕਾਰਾਂ ਨੂੰ ਇਕ ਸਹਾਇਕ ਵਸੀਲਾ ਬਣਾ ਕੇ ਵਰਤਿਆ ਹੈ। ਨਿਰਾ-ਪੁਰਾ ਸ਼ਿੰਗਾਰ ਦਾ ਸਾਮਾਨ ਨਹੀਂ ਬਣਾਇਆ। ਵਾਰ ਕਾਵਿ ਵਿਚ ਬੀਰ ਰਸ ਦੀ ਪ੍ਰਧਾਨਤਾ ਰਹਿੰਦੀ ਹੈ। ਭਾਈ ਸਾਹਿਬ ਦੀਆਂ ਵਾਰਾਂ ਦਾ ਸਰੂਪ ਅਧਿਆਤਮਕ ਹੋਣ ਦੇ ਬਾਵਜੂਦ ਆਪ ਨੇ ਬੀਰ ਰਸ ਦੀ ਸਰਵਉੱਚਤਾ ਨੂੰ ਬਰਕਰਾਰ ਰੱਖਿਆ ਹੈ। ਜਿਵੇਂ ਸੰਸਾਰਕ ਰਣਖੇਤਰ ਵਿਚ ਸੂਰਬੀਰ ਯੋਧੇ ਜੂਝਦੇ ਅਤੇ ਵੈਰੀ ਉੱਤੇ ਜਿੱਤਾਂ ਪ੍ਰਾਪਤ ਕਰਦੇ ਹਨ, ਉਵੇਂ ਹੀ ਅਧਿਆਤਮਕ ਵਾਰਾਂ ਵਿਚ ਅਧਿਆਤਮਕ ਖੇਤਰ ਦੇ ਜਗਿਆਸੂ ਨਿੱਤਰਦੇ ਹਨ

ਅਤੇ ਕਾਮਾਦਿਕ ਵਿਕਾਰਾਂ ਨਾਲ ਸੰਘਰਸ਼ ਕਰਦੇ ਹੋਏ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਦੇ ਹਨ। ਭਾਈ ਸਾਹਿਬ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਦਿਗਵਿਜੈ ਦੇ ਪ੍ਰਕਰਣਾਂ ਨੂੰ ਬੀਰ ਰਸ ਦੇ ਮਾਧਿਅਮ ਦੁਆਰਾ ਬੜੀ ਪ੍ਰਭਾਵਸ਼ਾਲੀ ਅਭਿਵਿਅਕਤੀ ਮਿਲੀ ਹੈ। ਦੇਖੋ-

ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ॥
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥

ਭਾਈ ਸਾਹਿਬ ਦੀ ਕਾਵਿ-ਸ਼ੈਲੀ ਵਿਚ ਆਦਿ ਗ੍ਰੰਥ ਦੇ ਸ਼ਬਦਾਂ ਦੀ ਧੁਨੀ ਤੇ ਗੂੰਜ ਸੁਣੀਂਦੀ ਹੈ। ਭਾਈ ਗੁਰਦਾਸ ਮਧਕਾਲੀਨ ਪੰਜਾਬ ਦੀ ਆਵਾਜ਼ ਹੈ, ਪੰਜਾਬ ਦੀ ਜੁਝਾਰੂ ਸੰਸਕ੍ਰਿਤੀ ਦੀ ਵੰਗਾਰ ਹੈ ਅਤੇ ਪੰਜਾਬ ਦੇ ਯੋਧਿਆਂ, ਸੂਰਮਿਆਂ ਤੇ ਅਣਖੀ ਵਸਨੀਕਾਂ ਦੀ ਲਲਕਾਰ ਹੈ। ਉਸਨੇ ਪੰਜਾਬ ਦੇ ਅਮਰ ਬੋਲਾਂ ਨੂੰ ਸਾਕਾਰ ਕੀਤਾ, ਸੁਰਜੀਤ ਕੀਤਾ ਅਤੇ ਇਸ ਵਿਚ ਮਿੱਠੜ ਤੇ ਸ਼ੀਰੀਨੀ ਭਰੀ। ਆਪ ਨੇ ਵਾਰਾਂ ਦੇ ਮਾਧਿਅਮ ਰਾਹੀਂ ਪੰਜਾਬ ਦੇ ਅਧਿਆਤਮਕ ਭਾਵਾਂ, ਰੰਗਾਂ, ਰਸਾਂ ਤੋਂ ਰੂਪਾਂ ਦਾ ਨਿਰੂਪਣ ਕੀਤਾ। ਨਿਰਸੰਦੇਹ ਭਾਈ ਗੁਰਦਾਸ ਮਧਕਾਲੀਨ ਪੰਜਾਬੀ ਵਾਰ ਕਾਵਿ ਦਾ ਸ਼ਿਰੋਮਣੀ ਕਵੀ ਹੈ।

**ਸਾਹਿਤਿਕ ਪੱਖ**

ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤ ਦੀ ਸਾਹਿਤਿਕ ਵਿਰਾਸਤ ਦਾ ਇਕ ਗੌਰਵਮਈ ਅਤੇ ਪ੍ਰਮਾਣੀਕ ਦਸਤਾਵੇਜ਼ ਹੈ। ਇਸ ਵਿਚ ਵੇਦਾਂ, ਉਪਨਿਸ਼ਦਾਂ, ਸਿਮ੍ਰਤੀਆਂ, ਸ਼ਾਸਤਰਾਂ, ਨਾਥ-ਬਾਣੀ, ਪਵਿੱਤਰ ਕੁਰਆਨ ਅਤੇ ਸੂਫ਼ੀ ਕਵਿਤਾ ਨਾਲ ਬੜਾ ਜੀਵੰਤ ਸੰਵਾਦ ਰਚਾਇਆ ਗਿਆ ਹੈ। ਬਹੁਤ ਸਾਰੇ ਵਿਦਵਾਨ ਭਾਰਤ ਦੀ ਅਧਿਆਤਮਕ ਪਰੰਪਰਾ ਦਾ ਵਿਸ਼ਲੇਸ਼ਣ ਕਰਕੇ ਇਹ ਦਰਸਾਉਣ ਦਾ ਪ੍ਰਯਾਸ ਕਰਦੇ ਹਨ ਕਿ ਵੇਦਾਂ, ਉਪਨਿਸ਼ਦਾਂ ਅਤੇ ਸ੍ਰੀਮਦ ਭਾਗਵਤ ਗੀਤਾ ਦੇ ਕਈ ਦਾਰਸ਼ਨਿਕ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਤਾਂ ਆਪਣੀਆਂ ਅਜਿਹੀਆਂ ਧਾਰਨਾਵਾਂ ਵਿਚ ਉਹ ਆਂਸ਼ਿਕ ਤੌਰ 'ਤੇ ਸਹੀ ਹੁੰਦੇ ਹਨ। ਫਿਰ ਕੁਝ ਅਜਿਹੇ ਰੈਡੀਕਲ ਚਿੰਤਕ ਵੀ ਹਨ ਜਿਨ੍ਹਾਂ ਦਾ ਵਿਸ਼ਵਾਸ ਹੈ ਕਿ ਗੁਰਮਤਿ ਵਿਚਾਰਧਾਰਾ ਬ੍ਰਾਹਮਣਵਾਦ ਦੇ ਉਨ੍ਹਾਂ ਸਾਰੇ

ਆਧਾਰਭੂਤ ਸੰਕਲਪਾਂ ਦਾ ਖੰਡਨ ਕਰਦੀ ਹੈ ਜਿਸ ਉਪਰ ਵੇਚ ਅਤੇ ਉਪਨਿਸ਼ਦ ਆਦਿਕ ਹਿੰਦੂ ਧਰਮ ਗ੍ਰੰਥ ਟਿਕੇ ਹੋਏ ਹਨ ਤਾਂ ਉਨ੍ਹਾਂ ਦੀਆਂ ਮਾਨਤਾਵਾਂ ਨੂੰ ਵੀ ਮਿਥਿਆ ਘੋਸ਼ਿਤ ਨਹੀਂ ਕੀਤਾ ਜਾ ਸਕਦਾ। ਅਸਲ ਵਿਚ ਗੁਰਬਾਣੀ ਭਾਰਤੀ ਚਿੰਤਨ ਅਤੇ ਦਰਸ਼ਨ ਨੂੰ ਇਕ ਨਵਾਂ ਪਰਿਪੇਖ ਦੇਣ ਵਾਸਤੇ ਯਤਨਸ਼ੀਲ ਹੈ। ਇਹ ਪਰਿਪੇਖ ਜਾਗੀਰਦਾਰੀ ਸਮਾਜ ਵਿਚ ਬ੍ਰਾਹਮਣਵਾਦ, ਇਸਲਾਮ ਅਤੇ ਹੋਰ ਵਿਚਾਰਧਾਰਵਾਂ ਦੇ ਅਮਾਨਵੀ ਬੋਝ ਹੇਠ ਪਿਸ ਰਹੇ ਇਕ ਆਮ ਆਦਮੀ ਦੀ ਸੰਵੇਦਨਾ ਨੂੰ ਮੁਖ਼ਾਤਿਬ ਹੈ। ਇਸੇ ਕਾਰਨ ਇਹ ਪਰਿਪੇਖ ਯੁਗਾਨੁਕੂਲ ਅਤੇ ਕ੍ਰਾਂਤੀਕਾਰੀ ਹੈ। ਇਹ ਪੂਰਵ-ਪ੍ਰਚਲਿਤ ਵਿਚਾਰਧਾਰਕ ਪਰਿਪੇਖ ਨੂੰ ਰੱਦ ਕਰਕੇ ਇਕ ਨਵਾਂ ਮਾਨਵਤਾਵਾਦੀ ਪਰਿਪੇਖ ਉਸਾਰਨ ਦੇ ਆਹਰ ਵਿਚ ਹੈ। ਇਸ ਲਈ ਗੁਰਮਤਿ ਦੇ ਪਰਿਪੇਖ ਵਿਚਲੀਆਂ ਤੰਦਾਂ ਨੂੰ ਨਖੇੜ ਕੇ ਜਾਂ ਸਮੁਚ ਨਾਲੋਂ ਤੋੜ ਕੇ ਵਿਸ਼ਲੇਸ਼ਿਤ ਕਰਨਾ ਕਿਵੇਂ ਵੀ ਵਾਜਿਬ ਜਾਂ ਵਾਂਛਿਤ ਨਹੀਂ ਹੈ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਾਰਧਾਰਕ ਪਰਿਪੇਖ ਬਾਰੇ ਗੱਲ ਕਰਦਾ ਹੋਇਆ ਡਾ. ਗੁਰਭਗਤ ਸਿੰਘ ਲਿਖਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਡੇ ਸਮੇਂ ਲਈ ਮਹੱਤਵਪੂਰਨ ਅਤੇ ਨਵੇਂ ਪ੍ਰਾਣ ਦੇਣ ਵਾਲਾ ਵਿਸ਼ਾ-ਵਸਤੂ ਇਹ ਹੈ ਕਿ 'ਸਹਿਜ-ਜੀਵ' ਕਿਵੇਂ ਬਣਿਆ ਜਾਵੇ ? 'ਸਹਿਜ' ਤੋਂ ਭਾਵ ਹੈ, ਸਾਵਾਂਪਣ ਜਾਂ ਬ੍ਰਹਿਮੰਡੀ ਸੰਤੁਲਨ। ਮੂਲ ਰੂਪ ਵਿਚ 'ਸਹਿਜ' ਸ਼ਬਦ ਬੋਧੀਆਂ ਦੇ ਸਹਿਜਯਾਨੀ ਫ਼ਿਰਕੇ ਨਾਲ ਸਬੰਧਿਤ ਹੈ। ਇਸ ਫ਼ਿਰਕੇ ਦੀ ਵਿਚਾਰਧਾਰਾ ਅਨੁਸਾਰ ਸਹਿਜ-ਜਗਿਆਸੂ ਕੁਝ ਅਨੁਸ਼ਾਸਨੀ ਅਭਿਆਸਾਂ (ਹਠ-ਯੋਗ ਵਿਧੀਆਂ) ਰਾਹੀਂ ਨਿਰੰਤਰ ਸ਼ੂਨਯ ਵਿਚ ਰਹਿਣਾ ਸਿੱਖਦਾ ਹੈ। ਗੁਰੂ ਸਾਹਿਬ ਇਸ ਯੌਗਿਕ ਸੰਕਲਪ ਨੂੰ ਹੋਰ ਉਚੇਰਾ ਬਣਾਉਂਦੇ ਹਨ ਅਤੇ ਇਹ ਵਿਚਾਰ ਦਿੰਦੇ ਹਨ ਕਿ ਸ਼ੂਨਯ-ਸਮਾਧੀ ਕਾਫ਼ੀ ਨਹੀਂ ਹੈ। ਉਨ੍ਹਾਂ ਅਨੁਸਾਰ ਨਿਰੰਕਾਰ ਵਿਚ ਲੀਨ ਹੋਣਾ ਅਤੇ ਨਾਮ-ਰਸ ਪੀਣਾ ਹੀ ਸਹਿਜ ਵਿਚ ਰਹਿਣਾ ਹੈ। ('ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੌਰਵ@, ਸਮਦਰਸ਼ੀ, ਵਿਸ਼ੇਸ਼ ਅੰਕ 81) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਤੁਲਿਤ ਸਹਿਜ-ਜੀਵਨ, ਅਰੂਪ ਅਤੇ ਬਹੁਮੁਖੀ ਸਿਰਜਣਾ ਕਰਨ ਵਾਲੇ ਨਿਰੰਕਾਰ ਨਾਲ ਪ੍ਰੇਮ-ਰਿਸ਼ਤੇ ਵਿਚੋਂ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਗੁਰੂ ਸਾਹਿਬਾਨ ਦਾ ਸਹਿਜ-ਜੀਵ, ਦੇਹੀ ਅਤੇ ਮਨ ਦੀ ਪੱਧਰ ਉੱਤੇ ਨਿਰਦਵੈਤ ਹੈ। ਗੁਰੂ ਸਾਹਿਬਾਨ ਦੇਹੀ ਨੂੰ ਇਕ ਵੱਡੀ ਉਪਲਬਧੀ ਮੰਨਦੇ ਹਨ ਕਿਉਂਕਿ ਇਸ ਦੇਹੀ ਦੇ ਮਾਧਿਅਮ ਦੁਆਰਾ ਹੀ ਵਿਅਕਤੀ ਸਮਾਜਿਕ-ਰਾਜਨੀਤਕ ਅਤੇ ਅਧਿਆਤਮਕ ਮੁਕਤੀ ਲਈ ਪ੍ਰਯਾਸ ਕਰ ਸਕਦਾ ਹੈ। ਦੇਹੀ ਨਹੀਂ ਤਾਂ ਕੁਝ ਵੀ ਨਹੀਂ। ਇਸ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਏਹ ਤੇਰੀ ਬਰੀਆ॥

ਅਵਰਿ ਕਾਜ ਤੇਰੈ ਕਿਤੈ ਨ ਨਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੧॥ *(ਆਸਾ ਮਹਲਾ, ਪੰਨਾ ੩੭੮)*

ਹੋਰ ਦੁਨਿਆਵੀ ਕੰਮ-ਕਾਰ ਛੱਡ ਕੇ ਕੇਵਲ ਨਾਮ-ਸਿਮਰਨ ਕਰਨਾ, ਜਾਗੀਰਦਾਰੀ ਰਿਸ਼ਤਿਆਂ ਅਤੇ ਬ੍ਰਾਹਮਣਵਾਦੀ ਸ਼ੜਯੰਤਰਾਂ ਤੋਂ ਮੁਕਤ ਹੋਣ ਦਾ ਇਕ ਇਨਕਲਾਬੀ ਪੈਂਤੜਾ ਹੈ। ਇਸ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਜੀ ਦਾ ਕਾਵਿ-ਕਥਨ ਦੇਖੋ। ਇਹ ਕਥਨ ਉਕਤ ਵਿਧੀ ਦੀ ਬੜੀ ਜ਼ੋਰਦਾਰ ਤਾਈਦ ਕਰਦਾ ਹੈ:

ਮਹਲਾ ੫

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ॥੧੧੦॥

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ॥
ਪੂਰ ਮਿਸਲ ਫਕੀਰਾਂ ਗਾਖੜੀ ਸੁ ਪਾਈਐ ਕਰੰਮਿ॥੧੧੧॥ *(ਆਦਿ ਗ੍ਰੰਥ, ਪੰਨਾ ੧੩੮੩)*

ਗੁਰਬਾਣੀ ਦੀ ਇਨਕਲਾਬੀ ਵਸਤੂ ਦਾ ਵਿਸ਼ਲੇਸ਼ਣ ਕਰਦਾ ਹੋਇਆ ਪ੍ਰੋ. ਕਿਸ਼ਨ ਸਿੰਘ ਲਿਖਦਾ ਹੈ ਕਿ ਗੁਰਬਾਣੀ ਦਾ ਮਨੋਰਥ ਮਨੁੱਖਾਂ ਦੀ ਕਿਸਮ ਬਦਲਣ ਦਾ ਹੈ। ਮਨੁੱਖਾਂ ਦੀ ਕਿਸਮ, ਮਨੁੱਖੀ ਮਨੋਰਥਾਂ ਦੇ ਬਦਲਣ ਨਾਲ ਹੀ ਬਦਲੀ ਜਾ ਸਕਦੀ ਹੈ। ਮਨੋਰਥਾਂ ਅਤੇ ਜਜ਼ਬਿਆਂ ਦੀ ਤਬਦੀਲੀ, ਸਮਾਜਕ ਰਿਸ਼ਤਿਆਂ ਉੱਤੇ ਨਿਰਭਰ ਹੁੰਦੀ ਹੈ। ਇਕ ਦੀ ਤਬਦੀਲੀ, ਦੂਸਰੇ ਦੀ ਤਬਦੀਲੀ ਬਗੈਰ ਨਹੀਂ ਹੋ ਸਕਦੀ। ਸੋ ਮਨੁੱਖ ਦੀ ਕਿਸਮ ਤਬਦੀਲ ਕਰਨ ਦਾ ਮਸਲਾ, ਸਾਰੀ ਸਮਾਜਕ ਬਣਤਰ ਨੂੰ ਬਦਲਣ, ਕਾਬਜ਼ ਜਮਾਤ ਨੂੰ ਉਲੱਦ, ਦੂਸਰੇ ਦੇ ਅਸਥਾਪਨ ਕਰਨ ਸਮਾਜਕ ਇਨਕਲਾਬ ਦਾ ਸਵਾਲ ਹੈ। ਪ੍ਰਚਲਿਤ ਦਾ ਖੰਡਣ ਕਿਸੇ ਪੈਂਤੜੇ ਤੋਂ ਕਰ ਸਕੀਦਾ ਹੈ। ਪੈਂਤੜਾ ਉਸ ਜਮਾਤ ਦਾ ਜੋ ਕਾਬਜ਼ ਨੂੰ ਢਾਹ ਕੇ ਪੈਦਾਵਾਰ ਦੀਆਂ ਸ਼ਕਤੀਆਂ, ਸਮਾਜਕ ਤੋਰ ਅਤੇ ਵਾਗਡੋਰ ਨੂੰ ਆਪਣੇ ਹੱਥਾਂ ਵਿਚ ਲੈ ਸਕਦੀ ਹੈ। ਸਮਾਜਕ ਬਣਤਰ ਨੂੰ ਆਪਣੇ ਹਿੱਤ ਅਨੁਸਾਰ ਢਾਲ ਸਕਦੀ ਹੈ। ਢਾਹੁਣ ਵਾਲੀ ਜਮਾਤ ਲਈ ਲਾਜ਼ਮੀ ਹੈ ਕਿ ਉਹ ਕਾਬਜ਼ ਵਰਗ ਦੀ ਸਾਰੀ ਤਰਜ਼ੇ-ਜ਼ਿੰਦਗੀ ਤੇ ਉਸਦੇ ਆਚਰਣ ਨੂੰ ਗ਼ੈਰ-ਸਦਾਚਾਰਕ ਕਰਾਰ ਦੇਵੇ। ਗੁਰਬਾਣੀ ਪ੍ਰਚਲਿਤ ਕਿਸਮ ਦੀ ਮਨੁੱਖੀ ਬਣਤਰ ਨੂੰ ਸਦਾਚਾਰਕ ਹਥੌੜੇ ਮਾਰ ਕੇ ਤੋੜਦੀ ਹੈ। (ਸਮਾਜਕ ਚੇਤੰਨਤਾ@, ਗੁਰਮਤਿ ਸਾਹਿਤ ਵਿਵੇਚਨ, ਪੰਨਾ 293) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਹੋਰ ਇਨਕਲਾਬੀ ਪੈਂਤੜਾ ਨਾਰੀ ਨੂੰ ਪੁਰਸ਼ ਦੇ ਬਰਾਬਰ ਬਲਕਿ ਉਸ ਤੋਂ ਉੱਚਾ ਦਰਜਾ ਦੇਣਾ ਹੈ। ਇਸ ਪ੍ਰਸੰਗ ਵਿਚ ਸਿੱਖ ਗੁਰੂ ਸਾਹਿਬਾਨ ਨੇ ਨਾਰੀ ਦੀ ਸਿਰਜਣਾਤਮਕ ਸਮਰੱਥਾ ਵੱਲ ਵਿਸ਼ੇਸ਼ ਤੌਰ 'ਤੇ ਸੰਕੇਤ ਕੀਤਾ ਹੈ। ਨਾਰੀ ਪੁਰਸ਼ ਦੇ

ਸਮਾਨ ਹੈ ਕਿਉਂਕਿ ਪੁਰਸ਼ ਉਸ ਨਾਲ ਵਿਆਹ-ਸ਼ਾਦੀ ਰਚਾਉਂਦਾ ਹੈ, ਉਸ ਨਾਲ ਪ੍ਰੇਮ ਕਰਦਾ ਹੈ ਅਤੇ-ਰਚਨਾ ਦੇ ਅਮਲ ਨੂੰ ਸਰੰਜਾਮ ਦਿੰਦਾ ਹੈ। ਕਈ ਵਾਰ ਪੁਰਸ਼ ਦੀ ਪਹਿਲੀ ਇਸਤ੍ਰੀ ਸ੍ਰਿਸ਼ਟੀ-ਰ ਦੀ ਮ੍ਰਿਤੂ ਹੋ ਜਾਂਦੀ ਹੈ ਤਾਂ ਉਹ ਆਪਣੇ ਜੀਵਨ-ਸਫ਼ਰ ਨੂੰ ਸਹਿਜ ਅਤੇ ਸੰਤੁਲਿਤ ਬਨਾਉਣ ਲਈ ਦੂਜੀ ਇਸਤ੍ਰੀ ਦੀ ਤਲਾਸ਼ ਕਰਦਾ ਹੈ। ਇਸ ਪ੍ਰਸੰਗ ਵਿਚ ਨਾਰੀ ਤੋਂ ਬਿਨਾਂ ਪੁਰਸ਼ ਦਾ ਜੀਵਨ ਅਧੂਰਾ ਹੈ। ਉਹ ਸਹੀ ਅਰਥਾਂ ਵਿਚ ਪੁਰਸ਼ ਦੀ ਅਰਧਾਂਗਨੀ ਹੈ। ਪਰ ਉਹ ਮਨੁੱਖੀ ਜੀਵਨ ਦਾ ਚੰਗੇਰਾ ਅੱਧ ਹੈ, ਇਸ ਬਾਰੇ ਵੀ ਭਰਪੂਰ ਸੰਕੇਤ ਮਿਲਦੇ ਹਨ। ਕਿਉਂਕਿ ਨਾਰੀ ਇਕ ਹੋਰ ਜੀਵ ਨੂੰ ਜਨਮ ਦੇ ਸਕਦੀ ਹੈ ਅਤੇ ਪੁਰਸ਼ ਇਹ ਕੰਮ ਨਹੀਂ ਕਰ ਸਕਦਾ, ਇਸ ਲਈ ਨਾਰੀ ਨਿਸ਼ਚਿਤ ਤੌਰ ‘ਤੇ ਪੁਰਸ਼ ਨਾਲੋਂ ਚੰਗੇਰੀ ਹੈ। ਪੁਰਸ਼ ਪ੍ਰਧਾਨ ਸਮਾਜ ਦੀ ਨਾਰੀ ਬਾਰੇ ਮੰਦੀ ਭਾਵਨਾ ਉਪਰ ਵਿਅੰਗ ਕਰਦੇ ਹੋਏ ਗੁਰੂ ਨਾਨਕ ਬਿਲਕੁਲ ਠੀਕ ਫੁਰਮਾਉਂਦੇ ਹਨ : ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਆਸਾ ਦੀ ਵਾਰ) ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਸ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਖੰਡਣ ਕੀਤਾ ਗਿਆ ਹੈ ਜਿਸ ਵਿਚ ਨਾਰੀ-ਪੁਰਸ਼ ਦਾ ਰਿਸ਼ਤਾ ਬਰਾਬਰੀ ਵਾਲਾ ਨਹੀਂ ਸੀ। ਇਉਂ ਆਪਣੇ ਯੁਗ ਦੇ ਸਮਾਜਿਕ ਪ੍ਰਬੰਧ ਨੂੰ ਬਦਲਣ ਦੀ ਅਗਰਗਾਮੀ ਭੂਮਿਕਾ ਨਿਭਾਉਂਦਿਆਂ ਹੋਇਆਂ ਗੁਰਬਾਣੀ ਨੇ ਨਾਰੀ ਨੂੰ ਭਾਰਤੀ ਸਮਾਜ ਵਿਚ ਸੁਤੰਤਰ ਕੀਤਾ, ਉਸਦੀ ਸਭਿਆਚਾਰਕ ਭੂਮਿਕਾ ਨੂੰ ਸਵੀਕਾਰ ਕੀਤਾ, ਸਾਕੇਦਾਰੀ ਅਤੇ ਪ੍ਰੇਮ ਵਿਚ ਉਸਦੀ ਮਹੱਤਵਯੋਗ ਭੂਮਿਕਾ ਨੂੰ ਕਈ ਰੂਪਾਂ ਵਿਚ ਪੇਸ਼ ਕੀਤਾ। ਇਸ ਪ੍ਰਸੰਗ ਵਿਚ ਡਾ. ਵਨੀਤਾ ਦਾ ਕਥਨ ਉਲੇਖਯੋਗ ਹੈ। ਉਸ ਅਨੁਸਾਰ, ਗੁਰਬਾਣੀ ਨਾਰੀ ਦੇ ਸੰਪੂਰਨ ਅਸਤਿਤਵ ਨੂੰ ਸਵੀਕਾਰ ਕਰਦੀ ਹੈ। ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਦੇ ਜਿਸ ਸੰਕਲਪ ਨੂੰ ਸਾਹਮਣੇ ਲਿਆਂਦਾ, ਉਸ ਦੁਆਰਾ ਨਾਰੀ ਇਤਿਹਾਸ ਵਿਚ ਸਾਹਮਣੇ ਵੀ ਆਈ। ਸ੍ਰੀ ਗੁਰੂ ਗ੍ਰੰਥ ਸਾਹਿਬ ਕਿਉਂਕਿ ਸਿੱਖ ਅਵਚੇਤਨ ਦਾ ਹਿੱਸਾ ਹੈ, ਇਸ ਲਈ ਸਿੱਖ ਸਮਾਜ ਵਿਚ ਨਾਰੀ ਵਧੇਰੇ ਸੁਤੰਤਰ ਹੈ। ਆਪਣੇ ਹੱਕਾਂ ਬਾਰੇ ਚੇਤੰਨ ਹੈ ਅਤੇ ਫਿਊਡਲ ਤੇ ਪਾਰੰਪਰਿਕ ਸਮਾਜ ਦੀ ਜਕੜ ਵਿਚੋਂ ਬੜੀ ਤੇਜ਼ੀ ਨਾਲ ਮੁਕਤ ਹੋਈ ਹੈ। (ਸਮਦਰਸ਼ੀ, ਵਿਸ਼ੇਸ਼ ਅੰਕ, 81) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਸਤੂ-ਸਾਮਗਰੀ ਆਪਣੇ ਯੁਗ ਦੀਆਂ ਸਮਾਜਿਕ-ਸਭਿਆਚਾਰਕ ਪਰਿਸਥਿਤੀਆਂ ਲਈ ਅਤਿ ਪ੍ਰਾਸੰਗਿਕ ਸੀ। ਇਸ ਵਿਚ ਰੂੜੀਵਾਦੀ ਸਿੱਧਾਂਤਾਂ, ਅਰਥਹੀਣ ਕਰਮ-ਕਾਂਡਾਂ ਅਤੇ ਵੇਲਾ ਵਿਹਾ ਚੁੱਕੇ ਰੀਤੀ-ਰਿਵਾਜਾਂ ਨੂੰ ਕੋਈ ਥਾਂ ਨਹੀਂ ਦਿੱਤੀ ਗਈ ਬਲਕਿ ਜੀਵਨ-ਮੁੱਲਾਂ ਅਤੇ ਉਚੇਰੀਆਂ ਕਦਰਾਂ-ਕੀਮਤਾਂ ਨੂੰ ਰੂਪਮਾਨ ਕੀਤਾ ਗਿਆ ਹੈ। ਸੰਸਾਰ ਦੀਆਂ ਬਹੁਤੀਆਂ ਧਾਰਮਿਕ ਪੁਸਤਕਾਂ ਜੀਵਨ ਨਾਟਕ ਵਿਚ ਨੱਠ ਜਾਣ ਵਾ ਉਪਦੇਸ਼ ਦਿੰਦੀਆਂ ਹਨ, ਕੁਝ ਕਿਤਾਬਾਂ ਘੁੰਤਰਬਾਜ਼ੀ ਦੇ ਜਾਲ ਵਿਚ ਫਸਾਉਂਦੀਆਂ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੀ ਕੋਈ ਗੱਲ ਨਹੀਂ ਹੈ। ਨਾ ਇਥੇ ਨਿਰੀ ਦਿਮਾਗੀ ਬਿਆਨਬਾਜੀ ਹੈ ਨਾ ਅੰਧ-ਵਿਸ਼ਵਾਸੀ ਕਰਮਾਂ ਦੀ ਪ੍ਰੇਨਾ। ਨਾ ਜੋਗੀਆਂ ਵਾਂਗ ਗੁਰੂ ਸਾਹਿਬ ਦੀ ਸਿੱਖਿਆ ਨਿਰੀ

ਅੰਤਰਮੁਖੀ ਹੈ ਅਤੇ ਨਾ ਹੀ ਪਦਾਰਥਵਾਦੀਆਂ ਵਾਂਗ ਬਾਹਰਮੁਖੀ ਪ੍ਰੋ. ਪਿਆਰਾ ਸਿੰਘ ਪਦਮ ਦੇ ਕਥਨ ਅਨੁਸਾਰ, ਇਸ ਵਿਚ ਹਿੰਦੂਆਂ, ਮੁਸਲਮਾਨਾਂ, ਜੋਗੀਆਂ, ਵੈਰਾਗੀਆਂ ਅਤੇ ਸੰਨਿਆਸੀਆਂ ਆਦਿ ਦੇ ਤਮਾਮ ਭੁਲੇਖਿਆਂ, ਵਹਿਮਾਂ, ਅੰਧ-ਵਿਸ਼ਵਾਸਾਂ ਅਤੇ ਗ਼ਲਤੀਆਂ ਨੂੰ ਸੋਧ ਕੇ ਨਵਾਂ ਜੀਵਨ-ਸਿਧਾਂਤ ਦਰਸਾਇਆ ਗਿਆ ਹੈ, ਜੋ ਸਮਾਜ ਵਿਚ ਰਹਿੰਦਿਆਂ, ਸਮਾਜਿਕ ਗਤੀਵਿਧੀਆਂ ਵਿਚ ਭਾਗ ਲੈਂਦਿਆਂ ਹੋਇਆਂ ਪਰਮਾਨੰਦ ਦੀ ਪ੍ਰਾਪਤੀ ਦਾ ਮਾਰਗ ਦਰਸਾਉਂਦਾ ਹੈ। ਬਾਕੀ ਅਧਿਆਤਮਕ ਸਾਹਿਤ ਨਾਲੋਂ ਇਹੀ ਇਸਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਹੈ

## 4.4 Summary (ਨਿਸ਼ਕਰਸ਼)

## 4.5 Glossary (ਔਖੇ ਸ਼ਬਦਾਂ ਦੇ ਅਰਥ)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

## 4.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਭਾਈ ਗੁਰਦਾਸ ਜੀ ਕੌਣ ਸਨ?
2. ਭਾਈ ਗੁਰਦਾਸ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ।
3. ਗੁਰਬਾਣੀ ਦੀ ਕੁੰਞੀ ਕਿਸ ਨੂੰ ਕਿਹਾ ਜਾਦਾਂ ਹੈ?
4. ਭਾਈ ਗਾਰ ਦਾਸ ਜੀ ਕਿਸ ਗੁਰੂ ਸਾਹਿਬ ਦੇ ਸਮਕਾਲੀ ਸੀ।
5. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਕੌਣ ਸਨ?

## 4.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਗੁਰਮਤਿ ਕਾਵਿ ਭਾਈ ਗੁਰਦਾਸ ਜੀ ਦੀ ਦੇਣ ਬਾਰੇ ਚਰਚਾ ਕਰੋ।

___

___

___

2. ਭਾਈ ਗੁਰਦਾਸ ਜੀ ਦੇ ਜੀਵਨ ਬਾਰੇ ਵਿਸਤਾਰ ਚਰਚਾ ਕਰੋ।

## 4.8 Suggested Reading (ਸਹਾਇਕ ਪੁਸਤਕ ਸੂਚੀ)


1. ਪ੍ਰੋ. ਬ੍ਰਹਮਜਗਦੀਸ਼ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ", ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, "ਪੰਜਾਬੀ ਸਾਹਿਤ ਦਾ ਇਤਿਹਾਸ",
3. ਡਾ. ਰਾਜਿੰਦਰ ਸਿੰਘ ਸੇਖੋਂ, "ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ" ਲਾਹੌਰ ਬੱਕ ਲੁਧਿਆਣਾ, 2007

# ਗੁਰੂ ਗ੍ਰੰਥ ਸਾਹਿਬ ਜੀ ਦਾ ਸਭਿਆਚਾਰਕ ਅਤੇ ਇਤਿਹਾਸਕ ਮਹਤਵ

**Structure :**

5.1 **Objective (ਉਦੇਸ਼)**

5.2 **Introduction (ਜਾਣ-ਪਛਾਣ)**

5.3 **ਗੁਰੂ ਗ੍ਰੰਥ ਸਾਹਿਬ ਜੀ ਦਾ ਸਭਿਆਚਾਰਕ ਪੱਖ**

5.4 **ਗੁਰੂ ਗ੍ਰੰਥ ਸਾਹਿਬ ਜੀ ਦਾ ਇਤਿਹਾਸਕ ਪੱਖ**

5.5 **Summary (ਨਿਸ਼ਕਰਸ਼)**

5.6 **Glossary (ਔਖੇ ਸ਼ਬਦਾਂ ਦੇ ਅਰਥ)**

5.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

5.8 **Suggested Reading (ਸਹਾਇਕ ਪੁਸਤਕ ਸੂਚੀ)**

## 5.1 Objective (ਉਦੇਸ਼)

1. ਵਿਦਿਆਰਥੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਭਿਆਚਾਰਕ ਪੱਖ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।
2. ਵਿਦਿਆਰਥੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਤਿਹਾਸਕ ਪੱਖ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।

## 5.2 Introduction (ਜਾਣ-ਪਛਾਣ)

ਇਸ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਭਿਆਚਾਰਕ ਪੱਖ ਅਤੇ ਇਤਿਹਾਸਕ ਪੱਖ ਬਾਰੇ ਪੜ੍ਹਿਆ ਜਾਵੇਗਾ। ਵਿਸ਼ਵ ਸਭਿਆਚਾਰ ਨੂੰ ਜੇਕਰ ਵਾਚਿਆ ਜਾਵੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਅਤੇ ਸੰਪਾਦਨਾ ਇਕ ਬੇਨਜ਼ੀਰ ਵਰਤਾਰਾ ਹੈ। ਕਿਸੇ ਵੀ ਧਰਮ ਗ੍ਰੰਥ ਵਿਚ ਵੱਖ-ਵੱਖ ਧਰਮ ਗੁਰੂਆਂ ਜਾਂ ਮਹਾਂਪੁਰਖਾਂ ਦੇ ਬਚਨ ਹੀ ਪ੍ਰਮਾਣਿਕ ਰੂਪ ਵਿਚ ਸਹੀ ਮਿਲਦੇ ਜੇਕਰ ਮਿਲਦੇ ਹਨ ਤਾਂ ਹਰ ਧਰਮ-ਗ੍ਰੰਥ ਦਾ ਸਰੂਪ ਬਹੁਤ ਇਕਾਂਗੀ ਜਿਹਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿੱਖ ਧਰਮ ਦੇ ਨਾਲ-ਨਾਲ ਇਸਲਾਮ ਅਤੇ ਹਿੰਦੂ ਧਰਮ ਦੇ ਪ੍ਰਚਾਰਕਾਂ ਨੂੰ ਵੀ ਉਨੇ ਹੀ ਸਤਿਕਾਰ ਨਾਲ ਸਥਾਨ ਪ੍ਰਾਪਤ ਹੈ। ਮਨੁੱਖੀ ਸਭਿਆਚਾਰ ਨੂੰ ਮਾਨਵਵਾਦ ਦੀ ਦ੍ਰਿਸ਼ਟੀ ਤੋਂ ਸੰਤੁਲਿਤ ਅਤੇ ਸਰਬ ਸਾਂਝਾ ਬਣਾਉਣ ਦੇ ਪ੍ਰਯਾਗ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ।

## 5.3 ਗੁਰੂ ਗ੍ਰੰਥ ਸਾਹਿਬ ਜੀ ਦਾ ਸਭਿਆਚਾਰਕ ਪੱਖ

ਵਿਸ਼ਵ ਸਭਿਆਚਾਰ ਦੇ ਪ੍ਰਸੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਤੇ ਸੰਪਾਦਨਾ ਇਕ ਬੇਨਜ਼ੀਰ ਵਰਤਾਰਾ ਹੈ। ਅੱਵਲ ਤਾਂ ਕਿਸੇ ਧਰਮ-ਗ੍ਰੰਥ ਵਿਚ ਵੱਖ-ਵੱਖ ਧਰਮ ਗੁਰੂਆਂ ਜਾਂ ਮਹਾਂਪੁਰਖਾਂ ਦੇ ਬਚਨ ਹੀ ਪ੍ਰਮਾਣੀਕ ਰੂਪ ਵਿਚ ਨਹੀਂ ਮਿਲਦੇ ਅਤੇ ਜੇ ਮਿਲਦੇ ਹਨ ਤਾਂ ਹਰ ਧਰਮ-ਗ੍ਰੰਥ ਦਾ ਸਰੂਪ ਬਹੁਤ ਇਕਾਂਗੀ ਜਿਹਾ ਹੁੰਦਾ ਹੈ। ਕਿਉਂਕਿ ਹਰ ਧਰਮ-ਗੁਰੂ ਕੇਵਲ ਆਪਣੇ ਹੀ ਧਰਮ ਨੂੰ ਸਰਵੋਤਮ ਅਤੇ ਉਤਕ੍ਰਿਸ਼ਟ ਦਰਸਾਉਣ ਦੀ ਕੋਸ਼ਿਸ਼ ਵਿਚ ਦੂਜੇ ਧਰਮਾਂ ਦੀਆਂ ਅੰਤਰ-ਦ੍ਰਿਸ਼ਟੀਆਂ ਨੂੰ ਜਾਣ-ਬੁਝ ਕੇ ਅਖੋਂ ਪਰੋਖੇ ਕਰ ਦਿੰਦਾ ਹੈ। ਇਹ ਕ੍ਰਿਸ਼ਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਸੰਭਵ ਹੋਇਆ ਹੈ ਕਿ ਇਸ ਵਿਚ ਸਿੱਖ ਧਰਮ ਦੇ ਨਾਲ-ਨਾਲ ਇਸਲਾਮ ਅਤੇ ਹਿੰਦੂ ਧਰਮ ਦੇ ਪ੍ਰਚਾਰਕਾਂ ਨੂੰ ਵੀ ਉਤਨੇ ਹੀ ਸਤਿਕਾਰ ਨਾਲ ਸਥਾਨ ਦਿੱਤਾ ਗਿਆ ਹੈ। ਮਨੁੱਖੀ ਸਭਿਆਚਾਰ ਨੂੰ ਮਾਨਵਵਾਦ ਦੀ ਦ੍ਰਿਸ਼ਟੀ ਤੋਂ ਸੰਤੁਲਿਤ ਅਤੇ ਸਰਬ-ਸਾਂਝਾ ਬਣਾਉਣ ਦੇ ਪ੍ਰਯਾਸ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਆਰੰਭ ਕਰ ਦਿੱਤੇ ਸਨ। ਪ੍ਰਥਮ ਸਤਿਗੁਰੂ ਜੀ ਨੇ ਆਪਣੇ ਜੀਵਨ ਦੇ ਮੁਢਲੇ ਅੱਠਤੀ ਕੁ ਵਰ੍ਹੇ ਸਿੱਖ ਧਰਮ ਦੀ ਬੁਨਿਆਦੀ ਰੂਪ-ਰੇਖਾ ਨੂੰ ਸੰਕਲਪਦਿਆਂ ਹੋਇਆਂ ਬਤੀਤ ਕੀਤੇ। ਇਨ੍ਹਾਂ ਵਰ੍ਹਿਆਂ ਵਿਚ ਆਪ ਆਪਣੇ ਤਤਕਾਲੀ ਸਮਾਜ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਦੇ ਰੂਬਰੂ ਹੋਏ। ਮਸਲਿਨ ਸਿੱਖਿਆ ਕੀ ਹੈ ? ਕਰਮ-ਕਾਂਡ ਕੀ ਹਨ ? ਇਨ੍ਹਾਂ ਦਾ ਜੀਵਨ ਵਿਚ ਮਹੱਤਵ ਕੀ ਹੈ ? ਇਤਿਆਦਿ। ਇਹ ਵਰ੍ਹੇ ਆਪ ਨੇ ਆਤਮ-ਚਿੰਤਨ ਕਰਦਿਆਂ ਹੋਇਆਂ ਬਤੀਤ ਕੀਤੇ ਅਤੇ ਇਸ ਚਿੰਤਨ ਵਿਚੋਂ ਆਪ ਨੂੰ ਪ੍ਰਤੱਖ ਹੋ ਗਿਆ

ਕਿ ਬਹੁਤੇ ਲੋਕ ਐਵੇਂ ਆਦਤਨ ਹੀ ਕਰਮ-ਕਾਂਡਾਂ ਵਿਚ ਫਸੇ ਹੋਏ ਹਨ ਅਤੇ ਸਮੇਂ ਦੇ ਬੀਤਣ ਨਾਲ ਹੁਣ ਉਨ੍ਹਾਂ ਦਾ ਜੀਵਨ ਪ੍ਰਮਾਣਿਕ ਨਹੀਂ ਰਹਿ ਗਿਆ ਬਲਕਿ ਅਪ੍ਰਮਾਣਿਕ ਬਣ ਗਿਆ ਹੈ। ਇਸੇ ਲਈ ਵੇਈਂ ਨਦੀ ਵਿਚ ਇਸ਼ਨਾਨ ਤੋਂ ਬਾਅਦ ਆਪਣੇ ਪ੍ਰਾਜੈਕਟ ਦਾ ਮੁੱਖ-ਸੂਤਰ ਬਿਆਨ ਕਰਦਿਆਂ ਹੋਇਆਂ ਉਨ੍ਹਾਂ ਨੇ ਫੁਰਮਾਇਆ ਸੀ : ਨਾ ਕੋ ਹਿੰਦੂ ਨਾ ਮੁਸਲਮਾਨ॥ ਅਰਥਾਤ ਹਿੰਦੂ ਲੋਕ ਪ੍ਰਮਾਣੀਕ ਹਿੰਦੂ ਨਹੀਂ ਰਹੇ ਅਤੇ ਮੁਸਲਮਾਨ ਅਸਲੀ ਮੋਮਿਨ ਨਹੀਂ ਰਹੇ। ਭਾਰਤ ਵਿਚ ਰਹਿਣ ਵਾਲੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਮਾਨਵਤਾਵਾਦੀ ਕਦਰਾਂ-ਕੀਮਤਾਂ ਦਾ ਬੋਧ ਕਰਵਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਮਨੁੱਖ ਦਾ ਇਕ ਨਵਾਂ ਮਾਡਲ ਪੇਸ਼ ਕੀਤਾ। ਇਸ ਮਨੁੱਖ ਨੂੰ ਉਨ੍ਹਾਂ ਨੇ 'ਸਚਿਆਰ-ਪੁਰਖ' ਆਖਿਆ ਅਤੇ ਸਚਿਆਰ-ਪੁਰਖ ਬਣਨ ਦੀ ਵਿਧੀ ਦਾ ਸੂਤਰਪਾਤ ਕਰਦਿਆਂ ਹੋਇਆਂ ਉਨ੍ਹਾਂ ਨੇ ਜਪੁਜੀ ਸਾਹਿਬ ਵਿਚ ਇਸ ਤਰ੍ਹਾਂ ਫੁਰਮਾਇਆ ਹੈ : ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਆਦਿ ਗ੍ਰੰਥ, ਪੰਨਾ ੧) ਗੁਰੂ ਨਾਨਕ ਦੇਵ ਜੀ ਨੇ ਭਾਰਤ ਵਿਚ ਰਹਿਣ ਵਾਲੇ ਵੱਖ-ਵੱਖ ਧਰਮਾਂ, ਸੰਪਰਦਾਵਾਂ ਅਤੇ ਵਰਗਾਂ-ਵਰਣਾਂ ਦੇ ਲੋਕਾਂ ਨੂੰ ਇਕ ਸੂਤਰ ਵਿਚ ਪਰੋਣ ਲਈ ਪੂਰੇ ਭਾਰਤੀ ਉਪਮਹਾਂਦੀਪ ਦੀ ਇਕ ਅਖੰਡ-ਯਾਤਰਾ ਸ਼ੁਰੂ ਕੀਤੀ। ਇਸ ਯਾਤਰਾ ਨੂੰ ਉਨ੍ਹਾਂ ਦੀਆਂ ਉਦਾਸੀਆਂ ਕਿਹਾ ਜਾਂਦਾ ਹੈ। ਗੁਰੂ ਜੀ ਦੀਆਂ ਇਹ ਉਦਾਸੀਆਂ 1507 ਈ. ਵਿਚ ਸ਼ੁਰੂ ਹੋ ਕੇ 1521 ਈ. ਵਿਚ ਸਮਾਪਤ ਹੋਈਆਂ। ਇਨ੍ਹਾਂ ਉਦਾਸੀਆਂ ਸਮੇਂ ਗੁਰੂ ਜੀ ਪੂਰਬ ਵਿਚ ਆਸਾਮ ਤਕ, , ਦੱਖਣ ਵਿਚ ਰਾਮੇਸ਼ਵਰਮ ਅਤੇ ਸ੍ਰੀ ਲੰਕਾ ਤਕ, ਪੱਛਮ ਵਿਚ ਮੱਕਾ, ਮਦੀਨਾ ਅਤੇ ਬਗ਼ਦਾਦ ਤਕ ਅਤੇ ਉੱਤਰ ਵਿਚ ਤਿੱਬਤ ਅਤੇ ਲੱਦਾਖ ਤਕ ਗਏ। ਆਪ ਦੀਆਂ ਇਨ੍ਹਾਂ ਉਦਾਸੀਆਂ ਦਾ ਪ੍ਰਯੋਜਨ ਹਿੰਦੁਸਤਾਨ ਦੀ ਅਸਲ 'ਮਰਜ਼' ਨੂੰ ਪਛਾਨਣਾ ਸੀ। ਇਸ ਮੰਤਵ ਲਈ ਆਪ ਨੇ ਵੱਖ-ਵੱਖ ਵਰਗਾਂ, ਧਰਮਾਂ ਅਤੇ ਸੰਪਰਦਾਵਾਂ ਦੇ ਆਮ ਅਤੇ ਖਾਸ ਲੋਕਾਂ ਨਾਲ ਵਿਸ਼ੇਸ਼ ਸੰਵਾਦ ਰਚਾਇਆ। ਆਪ ਜਾਣਦੇ ਸਨ ਕਿ ਹਿੰਦੁਸਤਾਨ ਵਿਚ ਪੁਨਰ-ਜਾਗ੍ਰਿਤੀ ਦੀ ਇਕ ਲਹਿਰ ਪਿਛਲੀਆਂ ਕਈ ਸਦੀਆਂ ਤੋਂ ਚਲਦੀ ਆ ਰਹੀ ਹੈ ਅਤੇ ਇਸ ਲਹਿਰ ਦੇ ਵਿਕਾਸ ਵਿਚ ਕਾਸ਼ੀ ਦੇ ਭਗਤ ਕਬੀਰ ਅਤੇ ਭਗਤ ਰਵਿਦਾਸ, ਬੰਗਾਲ ਦੇ ਜੈ ਦੇਵ, ਮਹਾਂਰਾਸ਼ਟਰ ਦੇ ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ, ਪੰਜਾਬ ਦੇ ਸ਼ੇਖ਼ ਫ਼ਰੀਦ ਅਤੇ ਭਾਰਤ ਦੇ ਹੋਰ ਕਈ ਭਾਗਾਂ ਵਿਚ ਰਹਿਣ ਵਾਲੇ ਸੰਤਾਂ-ਭਗਤਾਂ ਨੇ ਆਪਣੀ-ਆਪਣੀ ਪੱਧਰ ਤੇ ਕਾਫ਼ੀ ਯਤਨ ਕੀਤੇ ਹਨ। ਇਨ੍ਹਾਂ ਯਤਨਾਂ ਨੂੰ ਪ੍ਰਮਾਣਿਕ ਮੰਨਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਾਰੇ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੀ ਬਾਣੀ ਨੂੰ ਇਕ ਪੋਥੀ ਦੀ ਸੂਰਤ ਵਿਚ ਲਿਖ ਕੇ ਆਪਣੇ ਪਾਸ ਸਾਂਭ ਰਖਿਆ ਸੀ। ਜਦੋਂ ਆਪ ਤੀਜੀ ਉਦਾਸੀ ਦੇ ਸਮੇਂ ਮੱਕੇ ਅਤੇ ਮਦੀਨੇ ਵਰਗੇ ਇਸਲਾਮਿਕ ਕੇਂਦਰਾਂ ਉੱਤੇ ਗਏ ਤਾਂ ਇਹ ਪੋਥੀ

ਅਤੇ ਭਾਈ ਮਰਦਾਨਾ ਜੀ (ਆਪਣੀ ਰਬਾਬ ਸਮੇਤ) ਆਪਦੇ ਨਾਲ ਸਨ। ਇਸ ਪ੍ਰਸੰਗ ਵਿਚ ਭਾਈ ਗੁਰਦਾਸ ਜੀ ਆਪਣੀ 'ਪਹਿਲੀ ਵਾਰ' ਵਿਚ ਲਿਖਦੇ ਹਨ।

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ॥
ਪੁਛਨਿ ਬੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥

ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਬਾਰ੍ਹਵੀਂ ਸਦੀ ਤੋਂ ਲੈ ਕੇ ਪੰਦਰ੍ਹਵੀਂ ਸਦੀ ਤਕ ਦੀ ਸਰਜ਼ਮੀਨ ਉਪਰ ਵਿਚਰੇ ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਆਪਣੀ ਪੋਥੀ ਵਿਚ ਲਿਖ ਕੇ ਸੰਭਾਲ ਲਿਆ ਸੀ ਬਲਕਿ ਆਪ ਨੇ ਨਾਲੋ-ਨਾਲ ਆਪਣੀ ਬਾਣੀ ਨੂੰ ਵੀ, ਜੋ ਆਦਿ ਭਾਰਤ ਦੇ 19 ਰਾਗਾਂ ਵਿਚ ਆਈ ਹੈ, ਲਿਖ ਕੇ ਸੰਭਾਲ ਲਿਆ ਸੀ। ਆਪ ਜਾਣਦੇ ਸਨ ਕਿ ਸਖਤ' ਸ਼ਬਦ ਦਾ ਮਹੱਤਵ 'ਉੱਚਰਿਤ' ਸ਼ਬਦ ਨਾਲੋਂ ਵਧੇਰੇ ਹੁੰਦਾ ਹੈ। ਉੱਚਰਿਤ-ਸ਼ਬਦ ਦੇਸ਼-ਕਾਲ ਦੀਆਂ ਸੀਮਾਵਾਂ ਵਿਚ ਬੱਝਾ ਰਹਿੰਦਾ ਹੈ ਜਦੋਂ ਕਿ ਲਿਖਿਤ-ਸ਼ਬਦ ਇਨ੍ਹਾਂ ਸੀਮਾਵਾਂ ਤੋਂ ਪਾਰ ਲੰਘ ਜਾਣ ਦੀ ਸਮਰੱਥਾ ਰੱਖਦਾ ਹੈ। ਆਪ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ ਇਹ ਬਾਣੀ, ਪੋਥੀਆਂ ਦੀ ਸੂਰਤ ਵਿਚ ਕ੍ਰਮਵਾਰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤਕ ਹੁੰਦੀ ਹੋਈ ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਈ। ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਦੇ ਮਹੱਤਵ ਅਤੇ ਪ੍ਰਮਾਣੀਕਤਾ ਨੂੰ ਬਚਾਈ ਰੱਖਣ ਲਈ 1604 ਈ. ਵਿਚ ਇਸਨੂੰ 'ਸ੍ਰੀ ਆਦਿ ਗੁਰੂ ਗ੍ਰੰਥ' ਦੇ ਰੂਪ ਵਿਚ ਸੰਕਲਿਤ ਕਰਕੇ ਮਾਨਵਤਾ ਦੇ ਸਰਬਪੱਖੀ ਕਲਿਆਣ ਹਿੱਤ ਸਾਂਭ ਲਿਆ।

### 5.4 ਗੁਰੂ ਗ੍ਰੰਥ ਸਾਹਿਬ ਜੀ ਦਾ ਇਤਿਹਾਸਕ ਪੱਖ

ਆਦਿ ਗ੍ਰੰਥ ਦਾ ਸੰਪਾਦਨ ਪੰਜਵੇਂ ਸਤਿਗੁਰੂ ਸ੍ਰੀ ਅਰਜਨ ਦੇਵ ਜੀ ਨੇ 1664 ਵਿਚ ਕੀਤਾ। ਗੁਰੂ ਅਰਜਨ ਦੇਵ ਜੀ ਦੇ ਗੁਰਿਆਈ ਕਾਲ ਵਿਚ ਸਿੱਖ ਵਿਰੋਧੀ ਸ਼ਕਤੀਆਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਨੂੰ ਛੱਡ ਕੇ ਗੁਰਗੱਦੀ ਸਭ ਤੋਂ ਛੋਟੇ ਸਪੁੱਤਰ ਗੁਰੂ ਅਰਜਨ ਸਾਹਿਬ ਨੂੰ ਦੇ ਦਿੱਤੀ ਤਾਂ ਪ੍ਰਿਥੀ ਚੰਦ ਗੁਰੂ-ਘਰ ਦਾ ਪੱਕਾ ਵਿਰੋਧੀ ਬਣ ਗਿਆ। ਪ੍ਰਿਥੀ ਚੰਦ ਦਾ ਪੁੱਤਰ ਸੋਢੀ ਮੇਹਰਬਾਨ ਇਕ ਚੰਗਾ ਕਵੀ ਅਤੇ ਲਿਖਾਰੀ ਸੀ। ਉਸਨੇ ਦੇਖਿਆ ਕਿ ਗੁਰੂ ਘਰ ਵਿਚ ਕਿਸੇ ਵਿਅਕਤੀ ਵਿਸ਼ੇਸ਼ ਨਾਲੋਂ ਬਾਣੀ ਦਾ ਮਾਨ-ਸਨਮਾਨ ਵਧੇਰੇ ਹੈ ਤਾਂ ਉਸਨੇ ਆਪਣੀਆਂ ਰਚਨਾਵਾਂ ਵਿਚ 'ਨਾਨਕ ਪਦ ਦਾ

ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਆਮ ਆਦਮੀ ਲਈ ਪ੍ਰਮਾਣੀਕ (ਸੱਚੀ ਬਾਣੀ) ਅਤੇ ਅਪ੍ਰਮਾਣੀਕ (ਕੱਚੀ ਬਾਣੀ) ਦੇ ਦਰਮਿਆਨ ਨਖੇੜਾ ਕਰਨਾ ਔਖਾ ਸੀ। ਇਸ ਲਈ ਕੁਝ ਸ਼ਰਧਾਲੂ ਸਿੱਖਾਂ ਨੇ ਗੁਰੂ ਜੀ ਦੇ ਸਨਮੁਖ ਬੇਨਤੀ ਕੀਤੀ ਕਿ ਇਸ ਸਮੱਸਿਆ ਦੇ ਨਿਵਾਰਨ ਦੀ ਕੋਈ ਵਿਧੀ ਸਮਝਾਉ।

ਏਥੇ ਕਿਸੇ ਸਿਖ ਸ਼ਬਦ 'ਮਿਹਰਵਾਨ' ਦਾ ਪੜ੍ਹਿਆ।
ਉਹ ਸ਼ਬਦ ਅਵਾਜ਼ ਕੰਨ ਗੁਰੂ ਅਰਜਨ ਮੇਂ ਪੜਿਆ।

ਬਚਨ ਕੀਤਾ : ਭਾਈ ਗੁਰਦਾਸ!

ਗੁਰੂ ਦੀ ਬਾਣੀ ਜੁਦਾ ਕਰੀਏ। "ਮੀਣੇ ਪਾਣ ਲਗੇ ਨੀ ਰਲਾ ਸੋ ਨਿਆਰੀ ਕਰ ਧਰੀਏ। ਸੋ ਸਾਹਿਬ ਅਗੇ ਹੀ ਬਾਣੀ ਉਚਾਰ ਕਰਤ ਸੇ ਭਏ। ਸੋ ਭਾਈ ਗੁਰਦਾਸ ਸਭ ਇਕਤਰ ਕਰ ਲਏ।

ਇਸੇ ਤਰ੍ਹਾਂ ਦਾ ਇਕ ਹਵਾਲਾ ਭਾਈ ਸੰਤੋਖ ਸਿੰਘ ਨੇ ਵੀ ਦਿੱਤਾ ਹੈ। ਉਨ੍ਹਾਂ ਅਨੁਸਾਰ ਪ੍ਰਿਥੀ ਚੰਦ ਅਤੇ ਸੋਢੀ ਮੇਹਰਬਾਨ ਵਰਗੇ ਮਨਮੁਖ ਵਿਅਕਤੀ ਗੁਰਬਾਣੀ ਦੀ ਸ਼ੈਲੀ ਵਿਚ 'ਕੱਚੀ ਬਾਣੀ" ਦੀ ਰਚਨਾ ਕਰ ਰਹੇ ਸਨ। ਜਦੋਂ ਗੁਰੂ ਜੀ ਪਾਸ ਇਹੋ ਜਿਹੀਆਂ ਸ਼ਿਕਾਇਤਾਂ ਪੁੱਜੀਆਂ ਤਾਂ ਆਪ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਦਾ ਫ਼ੈਸਲਾ ਕਰ ਲਿਆ। ਦੇਖੋ :

ਇਕ ਸਿੱਖ ਬੋਲਯੋ ਜੋਰਿ ਕਰ 'ਗੁਰੂ ਜੀ ਬੁਨਿ ਲੀਜੈ ਪ੍ਰਿਥੀਆ ਆਦਿਕ ਅਪਰ ਬਹੁ ਤਿਨ ਕਰਮ ਲਖੀਜੈ। ਆਪ ਬਨਾਵਤ ਸ਼ਬਦ ਕੋ ਨਿਜ ਬੁਧਿ ਅਨੁਸਾਰੀ ਸ੍ਰੀ ਨਾਨਕ ਕੋ ਨਾਮ ਸ਼ੁਭ ਧਰਿ ਦੇਤ ਮਝਾਰੀ।

ਆਦਿ ਗ੍ਰੰਥ ਵਿਚ ਸੰਕਲਿਤ ਕਰਨ ਲਈ ਪਹਿਲੇ ਚਾਰ ਸਤਿਗੁਰਾਂ ਅਤੇ ਭਗਤ ਜਨਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਪਾਸ ਪਹਿਲਾਂ ਤੋਂ ਹੀ ਮੌਜੂਦ ਸੀ। ਆਪਣੀ ਅਤੇ ਹੋਰ ਭਗਤਾਂ ਦੀ ਬਾਣੀ ਨੂੰ ਪੋਥੀਆਂ ਦੇ ਰੂਪ ਵਿਚ ਸੰਭਾਲਣ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਆਪ ਹੀ ਸ਼ੁਰੂ ਕਰ ਦਿੱਤੀ ਸੀ। ਮੱਕੇ ਦੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਪਾਸ ਆਪਣੀ ਲਿਖੀ ਹੋਈ ਇਕ ਪੋਥੀ ਵੀ ਮੌਜੂਦ ਸੀ, ਜਿਸਦੀ ਪੁਸ਼ਟੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਵੀ ਹੁੰਦੀ ਹੈ :

ਪੁਛਨਿ ਫੋਲਿ ਕਿਤਾਬ ਨੂੰ ਹਿੰਦੂ ਵੱਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ ਸ਼ੁਭ ਅਮਲਾ ਬਾਝਹੁ ਦੋਨੋ ਰੋਈ॥

ਅਤੇ

ਬਾਬਾ ਫਿਰਿ ਮਕੇ ਗਇਆ ਨੀਲ ਬਸਤਰ ਧਾਰੇ ਬਨਵਾਰੀ॥
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾਧਾਰੀ॥

ਭਾਵੇਂ ਕੁਝ ਸਿਖ ਇਤਿਹਾਸਕਾਰਾਂ ਅਤੇ ਵਿਦਵਾਨਾਂ (ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਡਾ. ਗੋਪਾਲ ਸਿੰਘ, ਡਾ. ਰਤਨ ਸਿੰਘ ਜੱਗੀ ਆਦਿ) ਦਾ ਵਿਚਾਰ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪ ਤੋਂ ਪਹਿਲਾਂ ਹੋਏ ਸਤਿਗੁਰਾਂ ਦੀ ਬਾਣੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਤੋਂ ਹਾਸਲ ਕੀਤੀ ਅਤੇ ਇਸ ਮੰਤਵ ਲਈ ਆਪ ਨੇ ਬਾਬਾ ਮੋਹਨ ਜੀ ਦੀ ਉਸਤਤਿ ਵਿਚ ਇਕ ਸ਼ਬਦ ਦਾ ਉੱਚਾਰਣ ਵੀ ਕੀਤਾ :

ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰਿ ਜੀਉ ਸੰਤ ਧਰਮਸਾਲਾ॥

...

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥

*(ਗਉੜੀ ਮ. ੫, ਛੰਤ, ਪੰਨਾ ੨੪੮ )*

ਪਰੰਤੂ ਪ੍ਰੋ. ਸਾਹਿਬ ਸਿੰਘ ਨੇ ਆਪਣੀ ਪੁਸਤਕ "ਆਦਿ ਬੀੜ ਬਾਰੇ' ਵਿਚ ਡੂੰਘਾ ਵਿਸ਼ਲੇਸ਼ਣ ਕਰਕੇ ਇਹ ਸਿਟਾ ਕੱਢਿਆ ਹੈ ਕਿ "ਆਦਿ-ਗ੍ਰੰਥ' ਵਿਚ ਸ਼ਾਮਲ ਕੀਤੀ ਜਾਣ ਵਾਲੀ ਸਾਰੀ ਬਾਣੀ ਪੰਜਵੇਂ ਗੁਰੂ ਜੀ ਪਾਸ ਪਹਿਲਾਂ ਹੀ ਮੌਜੂਦ ਸੀ ਅਤੇ ਇਸ ਮੰਤਵ ਲਈ ਨਾ ਤਾਂ ਆਪ ਗੋਇੰਦਵਾਲ ਸਾਹਿਬ ਵਿਖੇ ਬਾਬਾ ਮੋਹਨ ਜੀ ਪਾਸ ਗਏ ਅਤੇ ਨਾ ਉਨ੍ਹਾਂ ਦੂਰ-ਨੇੜੇ ਵੱਸਦੇ ਗੁਰਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਮੰਗਵਾਈ ਸੀ।

ਇਸ ਬਾਣੀ ਨੂੰ ਹੋਰ ਸੋਮਿਆਂ ਨਾਲ ਮੇਲ ਕੇ ਪ੍ਰਮਾਣੀਕ/ਅਪ੍ਰਮਾਣੀਕ ਦਾ ਨਿਰਣਾ ਕਰਨ ਤੋਂ ਪਿਛੋਂ ਹੀ 'ਆਦਿ ਗ੍ਰੰਥ' ਵਿਚ ਸੰਕਲਿਤ ਕੀਤਾ ਗਿਆ। ਇਸ ਪਵਿਤਰ ਗ੍ਰੰਥ ਵਿਚ ਪਹਿਲੇ ਪੰਜ ਗੁਰੂ ' ਸਾਹਿਬਾਨ ਦੀ ਬਾਣੀ ਤੋਂ ਬਿਨਾਂ ਪੰਦਰਾਂ ਭਗਤਾਂ (ਜੈਦੇਵ, ਸ਼ੇਖ਼ ਫ਼ਰੀਦ, ਨਾਮਦੇਵ, ਤ੍ਰਿਲੋਚਨ, ਪਰਮਾਨੰਦ, ਸਧਨਾ, ਬੇਣੀ, ਰਾਮਾਨੰਦ, ਧੰਨਾ, ਪੀਪਾ, ਸੈਣ, ਕਬੀਰ, ਰਵਿਦਾਸ, ਭੀਖਣ, ਸੂਰ ਦਾਸ) ਬਾਬਾ ਸੁੰਦਰ, ਭਾਈ ਮਰਦਾਨਾ, ਸਤਾ ਬਲਵੰਡ ਅਤੇ ਗਿਆਰਾਂ ਭੱਟ ਕਵੀਆਂ ਦੀ ਬਾਣੀ ਸ਼ਾਮਲ ਹੈ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਨੇ 'ਦਮਦਮਾ ਸਾਹਿਬ ਵਾਲੀ ਬੀੜ' ਵਿਚ ਭਾਈ ਮਨੀ ਸਿੰਘ ਦੀ ਕਲਮ ਦੁਆਰਾ ਚੜ੍ਹਾਇਆ ਸੀ। ਇਸੇ ਗ੍ਰੰਥ ਨੂੰ ਗੁਰੂ ਜੀ ਨੇ 1708 ਈ. ਵਿਚ ਜੋਤੀ ਜੋਤਿ ਸਮਾਉਣ ਸਮੇਂ ਗੁਰੂ-ਪਦਵੀ ਦਿੱਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਦੇ ਅਨੁਸਾਰ ਬਾਣੀ ਸੰਕਲਿਤ ਕੀਤੀ ਗਈ ਹੈ। ਇਨ੍ਹਾਂ ਰਾਗਾਂ ਵਿਚ ਬਾਣੀਆਂ ਦੀ ਤਰਤੀਬ ਇਸ ਪ੍ਰਕਾਰ ਹੈ:

1. ਚਉਪਦੇ, ਦੁਪਦੇ, ਤਿਪਦੇ, ਪੰਚਪਦੇ ਜਾਂ ਛਿਪਦੇ-ਘਰ ਅਤੇ ਮਹਲੇ ਅਨੁਸਾਰ।
2. ਅਸ਼ਟਪਦੀਆਂ, ਘਰ ਅਤੇ ਮਹਲੇ ਅਨੁਸਾਰ।
3. ਸੋਹਲੇ, ਘਰ ਅਤੇ ਮਹਲੇ ਅਨੁਸਾਰ।
4. ਗੁਰੂ ਸਾਹਿਬ ਦੀ ਕੋਈ ਵਿਸ਼ੇਸ਼ ਰਚਨਾ, ਘਰ ਅਤੇ ਮਹਲੇ ਅਨੁਸਾਰ।
5. ਛੰਤ, ਘਰ ਅਤੇ ਮਹਲੇ ਅਨੁਸਾਰ
6. ਵਾਰਾਂ, ਘਰ ਅਤੇ ਮਹਲੇ ਅਨੁਸਾਰ ਅਤੇ ਉਨ੍ਹਾਂ ਤੋਂ ਮਗਰੋਂ ਕੋਈ ਹੋਰ ਵਾਰ।
7. ਭਗਤ ਬਾਣੀ ਪਹਿਲਾਂ ਕਬੀਰ,ਫ਼ੇਰਨਾਮਦੇਵ ਇਤਿਆਦਿ

'ਆਦਿ ਗ੍ਰੰਥ' ਦੇ ਆਰੰਭ ਵਿਚ ਜਪੁਜੀ, ਰਹਿਰਾਸ (ਸੋਦਰੁ) ਅਤੇ ਸੋਹਿਲਾ ਦਿੱਤੇ ਗਏ ਹਨ। ਇਸ ਪਿਛੋਂ ਸ੍ਰੀ ਰਾਗ ਤੋਂ ਜੈਜਾਵੰਤੀ ਤਕ 31 ਰਾਗਾਂ ਵਿਚ ਬਾਣੀ ਆਈ ਹੈ। ਜੈਜਾਵੰਤੀ ਰਾਗ ਤੋਂ ਪਿਛੋਂ ਸਲੋਕ ਅਤੇ ਸਵੱਈਏ ਸੰਕਲਿਤ ਕੀਤੇ ਗਏ ਹਨ, ਉਨ੍ਹਾਂ ਦੀ ਤਰਤੀਬ ਇਸ ਪ੍ਰਕਾਰ ਹੈ:

1. ਸਲੋਕ ਸਹਸਕ੍ਰਿਤੀ ਮਹਲਾ ੧ 4
2. ਸਲੋਕ ਸਹਸਕ੍ਰਿਤੀ ਮਹਲਾ ੫ 67
3. ਗਾਥਾ ਮਹਲਾ ੪ 24
4. ਫੁਨਹੇ ਮਹਲਾ ੪ 23
5. ਚਉਬੋਲੇ ਮਹਲਾ ੪ 11
6. ਸਲੋਕ ਕਬੀਰ 243
7. ਸਲੋਕ ਫ਼ਰੀਦ 130
8. ਸਵੈਯੇ ਸ੍ਰੀ ਮੁਖ ਵਾਕਯ 20
9. ਭੱਟਾਂ ਦੇ ਸਵੈਯੇ 123

10. ਸਲੋਕ ਵਾਰਾਂ ਤੇ ਵਧੀਕ 152

(ਮਹਲਾ ੧, ੩, ੪, ੫)

11. ਨਵੇਂ ਮਹਲੇ ਦੇ ਸਲੋਕ : 57

12. ਮੁੰਦਾਵਣੀ ਦੇ ਸਲੋਕ 2

ਵਾਰਾਂ-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਸੰਕਲਿਤ ਹਨ। ਇਨ੍ਹਾਂ ਵਿਚੋਂ 21 ਵਾਰਾਂ ਗੁਰੂ ਸਾਹਿਬਾਨ ਦੀਆਂ ਹਨ ਅਤੇ ਬਾਈਵੀਂ ਵਾਰ ਸਤਾ ਬਲਵੰਡ (ਰਾਗ ਰਾਮਕਲੀ) ਦੀ ਹੈ। ਕੁਲ ਵੇਰਵਾ ਇਸ ਪ੍ਰਕਾਰ ਹੈ :

1. ਗੁਰੂ ਨਾਨਕ ਦੇਵ ਜੀ : ਰਾਗ ਮਾਝ, ਆਸਾ ਅਤੇ ਮਲਾਰ ਵਿਚ, ਤਿੰਨ ਵਾਰਾਂ

2. ਗੁਰੂ ਅਮਰ ਦਾਸ ਜੀ : ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਵਿਚ, ਚਾਰ ਵਾਰਾਂ।

3. ਗੁਰੂ ਰਾਮਦਾਸ ਜੀ : ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲੁ, ਸਾਰੰਗ ਅਤੇ ਕਾਨੜਾ ਵਿਚ, ਅੱਠ ਵਾਰਾਂ।

4. ਗੁਰੂ ਅਰਜਨ ਦੇਵ ਜੀ : ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਵਿਚ, ਛੇ ਵਾਰਾਂ।

5. ਸਤਾ ਬਲਵੰਡ : ਰਾਗ ਰਾਮਕਲੀ ਵਿਚ ਇਕ ਵਾਰ

**ਭਗਤ ਬਾਣੀ**—ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ 22 ਰਾਗਾਂ ਵਿਚ ਭਗਤਾਂ ਦੀ ਬਾਣੀ ਰਚੀ ਗਈ ਹੈ। ਭਗਤਾਂ ਦੇ ਕੁਲ ਸ਼ਬਦ 349 ਹਨ ਅਤੇ ਭਗਤ-ਬਾਣੀ ਵਿਚ 3 ਸ਼ਬਦ ਗੁਰੂ ਅਰਜਨ ਦੇਵ ਜੀ ਦੇ ਹਨ। ਇਸ ਤਰ੍ਹਾਂ ਕੁਲ ਜੋੜ 352 ਹੋ ਗਿਆ ਹੈ। ਜਿਵੇਂ : ਕਬੀਰ ਜੀ (224 ਸ਼ਬਦ), ਨਾਮਦੇਵ ਜੀ (61 ਸ਼ਬਦ), ਰਵਿਦਾਸ ਜੀ (40 ਸ਼ਬਦ), ਤ੍ਰਿਲੋਚਨ ਜੀ (4 ਸ਼ਬਦ), ਫ਼ਰੀਦ ਜੀ (4 ਸ਼ਬਦ), ਬੇਣੀ ਜੀ (3 ਸ਼ਬਦ), ਧੰਨਾ ਜੀ (3 ਸ਼ਬਦ), ਜੈਦੇਵ ਜੀ (2 ਸ਼ਬਦ), ਭੀਖਣ ਜੀ (2 ਸ਼ਬਦ), ਪਰਮਾਨੰਦ ਜੀ, ਸੈਣ ਜੀ, ਪੀਪਾ ਜੀ, ਸਧਨਾ ਜੀ ਅਤੇ ਰਾਮਾਨੰਦ ਜੀ (ਇਕ-ਇਕ ਸ਼ਬਦ)। ਸੂਰਦਾਸ ਜੀ ਦੀ ਇਕ ਤੁਕ ਹੈ। ਸ਼ਬਦਾਂ ਤੋਂ ਬਿਨਾਂ ਗਉੜੀ ਰਾਗ ਵਿਚ ਕਬੀਰ ਜੀ ਦੀਆਂ 3 ਹੋਰ ਬਾਣੀਆਂ ਵੀ ਹਨ—ਬਾਵਨ ਅੱਖਰੀ, ਪੰਦ੍ਰਹ ਥਿਤੀ ਅਤੇ ਸਤ ਵਾਰ।

## 5.5 Summary (ਨਿਸ਼ਕਰਸ਼)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਬਹੁਤ ਮਹੱਤਵ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖ ਦੇ ਜੀਵਨ ਦਾ ਕੇਂਦਰ ਬਿੰਦੂ ਹਨ ਜੋ ਅਧਿਆਤਮਕ ਅਤੇ ਸਮਾਜਿਕ ਅਗਵਾਈ ਦੇ ਨਾਲ-ਨਾਲ ਵਿਸ਼ਵ ਭਾਈਚਾਰੇ ਮਦਭਾਵਨਾ ਤੇ ਸਹਿਣਸ਼ੀਲਤਾ ਦਾ ਸਰਬ ਸ੍ਰੇਸ਼ਟ ਉਪਦੇਸ਼ ਦਿੰਦੇ ਹਨ।

## 5.6 Glossary (ਔਖੇ ਸ਼ਬਦਾਂ ਦੇ ਅਰਥ)

ਅਖੰਡ-ਅਟੁੱਟ, ਜਾਗ੍ਰਿਤੀ-ਜਾਗਰਣ, ਸੰਤੁਲਿਤ-ਇਕੋ ਜਿਹਾ, ਮਾਨਵਤਾਵਾਦੀ-ਮਨੁਖਤਾਵਾਦ

## 5.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਸਮਾਜਿਕ ਪੱਖ ਨੂੰ ਪੇਸ਼ ਕਰੋ।

______________________________

______________________________

______________________________

______________________________

2. ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਸਭਿਆਚਾਰਕ ਪੱਖ ਨੂੰ ਵਿਸਤਾਰ ਸਹਿਤ ਉਲੀਕੋ।

______________________________

______________________________

______________________________

______________________________

3. ਗੁਰੂ ਗ੍ਰੰਥ ਸਾਹਿਬ ਜੀ ਦੇ ਇਤਿਹਾਸਕ ਪੱਖ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਓ।

________________________________________

________________________________________

________________________________________

________________________________________

## 5.8 Suggested Reading (ਸਹਾਇਕ ਪੁਸਤਕ ਸੂਚੀ)


1. ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਪਹਿਲੀ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ।
2. ਵਾਰਾਂ ਭਾਈ ਗੁਰਦਾਸ ਸਟੀਕ, ਭਾਈ ਵੀਰ ਸਿੰਘ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵੀ ਏਕਤਾ, ਮਹਿੰਦਰ ਕੌਰ ਗਿੱਲ (ਡਾ.)।

| | |
|---|---|
| **M.A. SEMESTER-1st** | **Lesson No. 6** |
| **UNIT-3rd** | **Course No. : Pbi104** |

# ਜਨਮਸਾਖੀ ਪਰੰਪਰਾ
# (1700 ਈ. ਤੋਂ 1800 ਈ. ਤੱਕ)

**Structure :**

6.1 **Objective (ਉਦੇਸ਼)**

6.2 **Introduction (ਜਾਣ-ਪਛਾਣ)**

6.3 **Content Section (ਵਿਸ਼ਾ ਪੱਖ)**

6.4 **Summary (ਨਿਸ਼ਕਰਸ਼)**

6.5 **Glossary (ਔਖੇ ਸ਼ਬਦਾਂ ਦੇ ਅਰਥ)**

6.6 **SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

6.7 **Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

6.8 **Suggested Reading (ਸਹਾਇਕ ਪੁਸਤਕ ਸੂਚੀ)**

## 6.1 Objective (ਉਦੇਸ਼)

1. ਵਿਦਿਆਰਥੀ ਜਨਮਸਾਖੀ ਪਰੰਪਰਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।
2. ਵਿਦਿਆਰਥੀ ਵੱਖ-ਵੱਖ ਜਨਮਸਾਖੀਆਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਪ੍ਰਾਪਤ ਕਰ ਸਕਣਗੇ।

## 6.2 Introduction (ਜਾਣ-ਪਛਾਣ)

ਜਨਮਸਾਖੀ ਸਾਹਿਤ ਬਹੁਤ ਪੁਰਾਣਾ ਸਾਹਿਤ ਹੈ। ਜਨਮਸਾਖੀ ਅਤੇ ਸਾਖੀ ਦਾ ਮਿਥਵਾਂ ਸ਼ਬਦ ਹੈ। ਉਹਨਾਂ ਰਚਨਾਵਾਂ ਨੂੰ ਜਨਮਸਾਖੀ ਕਿਹਾ ਜਾਂਦਾ ਹੈ ਜੋ ਸਿਖਾਂ ਦੇ ਪ੍ਰਥਮ ਗੁਰੂ ਨਾਨਕ ਦੇਵ ਜੀ ਦੁਆਰਾ ਜੀਵਨ ਰਚਿਤ ਹੈ। ਪੰਜਾਬੀ ਸਾਹਿਤ ਵਿਚ ਜਨਮਸਾਖੀਆਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਜਿਥੇ ਇਸ ਸਾਹਿਤ ਨੂੰ ਇਤਿਹਾਸ ਨਾਲ ਵੀ ਜੋੜਿਆ ਜਾਂਦਾ ਹੈ ਉਸੇ ਤਰ੍ਹਾਂ ਵਾਰਤਕ ਦਾ ਆਦਿ ਬਿੰਦੂ ਵੀ ਬਣਦਾ ਹੈ। ਮੱਧਕਾਲੀ ਪੰਜਾਬੀ ਵਾਰਤਕ ਸਾਹਿਤ ਵਿਚ ਜਨਮਸਾਖੀ ਸਾਹਿਤ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ।

## 6.3 Content Section (ਵਿਸ਼ਾ ਪੱਖ)

'ਜਨਮਸਾਖੀ'ਜਨਮ ਅਤੇ ਸਾਖੀ ਦਾ ਮਿਲਵਾਂ ਸ਼ਬਦ ਹੈ। 'ਸਾਖੀ' ਸ਼ਬਦ ਆਚਾਰੀਆ ਪਰਸ਼ੁਰਾਮ ਚਤੁਰਵੇਦੀ ਅਨੁਸਾਰ ਸੰਸਕ੍ਰਿਤ ਦੇ 'ਸਾਕ?ਸ਼ੀ (ਗੱਬੀ) ਦਾ ਰੂਪਾਂਤਰ ਹੈ ਅਤੇ ਇਸ ਦਾ ਮੂਲ ਅਰਥ ਹੈ ਉਹ ਪੁਰਸ਼ ਜਿਸ ਨੇ ਕਿਸੇ ਵਸਤੂ ਜਾਂ ਘਟਨਾ ਨੂੰ ਆਪਣੀ ਅੱਖੀਂ ਵੇਖਿਆ ਹੋਵੇ। ਅਜਿਹੇ ਸਾਖਿਆਤ ਅਨੁਭਵ ਰਾਹੀਂ ਹੀ ਕਿਸੇ ਗੱਲ ਦਾ ਯਥਾਰਥ ਗਿਆਨ ਹੋਣਾ ਸੰਭਵ ਹੈ। 'ਕਬੀਰ ਬੀਜਕ' ਦੀ ਮਹਾਤਮਾ ਪੂਰਨ ਸਾਹਿਬ ਤ 'ਗੁਰਮੁਖ ਟੀਕਾ' ਦੇ ਆਧਾਰ ਤੇ 'ਸਾਖੀ' ਦਾ ਅਰਥ 'ਪ੍ਰਤੱਖ ਗਿਆਨ' ਸਿੱਧ ਹੁੰਦਾ ਹੈ। ' ਇਹ ਪ੍ਰਤੱਖ ਗਿਆਨ ਗੁਰੂ ਸਿੱਖ ਨੂੰ ਦਿੰਦਾ ਹੈ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਨੇ ਇਸ ਸ਼ਬਦ ਦੀ ਵਰਤੋਂ ਬੌਧ ਸਿੱਧਾਂ ਅਤੇ ਨਾਥਾਂ ਦੇ ਸਾਹਿਤ ਵਿਚੋਂ ਲੱਭਣ ਦਾ ਯਤਨ ਕਰਦੇ ਹੋਇਆਂ ਇਸ ਨੂੰ ਗੁਰੂ ਦੇ ਬਚਨਾਂ ਲਈ ਪ੍ਰਯੁਕਤ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਹੈ।

ਭਾਈ ਕਾਨ੍ਹ ਸਿੰਘ ਨੇ ਗੁਰਬਾਣੀ ਦੀ ਇਕ ਤੁਕ (ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ) ਦੇ ਆਧਾਰ ਤੇ ਇਸ ਦਾ ਅਰਥ 'ਇਤਿਹਾਸ ਅਥਵਾ ਕਥਾ, ਜੋ ਅੱਖੀਂ ਡਿੱਠੀ ਕਹੀ ਗਈ ਹੋਵੇ ਕੀਤਾ ਹੈ। ਪਰ ਅਸਾਡੀ ਸਮਝ ਵਿਚ, ਇਥੇ 'ਸਾਖੀ' ਸ਼ਬਦ ਗੁਰੂ ਦੇ ਬਚਨ ਲਈ ਹੀ ਵਰਤਿਆ ਪ੍ਰਤੀਤ ਹੁੰਦਾ ਹੈ। ਅਸਲ ਵਿਚ ਗੁਰੂ ਨਾਨਕ ਨੇ ਆਪਣੇ ਜੀਵਨ-ਕਾਲ ਵਿਚ ਅਨੇਕ ਅਵਸਰਾਂ ਤੇ ਜਿਗਿਆਸੂਆਂ ਨੂੰ ਜੋ ਉਪਦੇਸ਼ ਰੂਪ ਵਿਚ ਬਚਨ ਜਾਂ ਸ਼ਬਦ ਕਹੇ, ਉਹੀ ਆਪਣੀ ਘਟਨਾ-ਪ੍ਰਧਾਨ ਵਾਰਤਕ ਉਥਾਨਿਕਾ ਸਹਿਤ ਸਾਖੀਆਂ ਦੇ ਰੂਪ ਵਿਚ ਪ੍ਰਸਿੱਧ ਹੋਏ। ਇਸ ਤਰ੍ਹਾਂ 'ਸਾਖੀ' ਸ਼ਬਦ ਉਥਾਨਿਕਾ ਜੁੜੇ 'ਗੁਰੂ ਬਚਨ' ਦਾ ਪ?ਯਾਯ ਬਣ ਗਿਆ ਅਤੇ ਸਹਿਜੇ ਸਹਿਜੇ ਇਹ 'ਵਾਰਤਾ' ਲਈ ਵਰਤਿਆ ਜਾਣ ਲਗਿਆ। ਇਸ ਦਾ ਇਕ ਨਾਮਾਂਤਰ 'ਗੋਸਟਿ' ਵੀ ਹੈ ਪਰ 'ਗੋਸਟਿ' ਸ਼ਬਦ ਅਧਿਕਤਰ ਉਨ੍ਹਾਂ ਸਾਖੀਆਂ ਲਈ ਵਰਤਿਆਂ ਜਾਂਦਾ ਹੈ ਜਿਸ ਵਿਚ ਵਾਰਤਾਲਾਪੀ ਸ਼ੈਲੀ ਅਪਣਾਈ ਗਈ ਹੋਵੇ।

ਜਨਮ' ਤੋਂ ਇਥੇ ਭਾਵ ਕੇਵਲ ਉਤਪੱਤੀ ਨਹੀਂ, ਸਗੋਂ ਸਾਰਾ ਜੀਵਨ ਹੈ। ਇਸ ਤਰ੍ਹਾਂ ਜਨਮਸਾਖੀ ਦਾ ਤਾਤਪਰਜ ਕਿਸੇ ਮਹਾਂ ਪੁਰਸ਼ ਦਾ ਆਧਿਆਤਮਿਕ ਜੀਵਨ- ਬ੍ਰਿਤਾਂਤ ਹੈ ਜਿਸ ਵਿਚ ਉਸ ਦੇ ਬਚਨ ਇਸ ਢੰਗ ਨਾਲ ਜੋੜੇ ਗਏ ਹੋਣ ਕਿ ਜਿਗਿਆਸੂਆਂ ਦੇ ਨਿੱਤ ਦੇ ਜੀਵਨ ਵਿਚ ਕਦੇ ਕਦੇ ਨੈਤਿਕ, ਆਧਿਆਤਮਿਕ ਅਤੇ ਵਿਵਹਾਰਿਕ ਝਮੇਲਿਆਂ ਜਾਂ ਸਮਸਿਆਵਾਂ ਦੇ ਪ੍ਰਸਤੁਤ ਹੋਣ ਤੇ ਉਨ੍ਹਾਂ ਨੂੰ ਨਜਿਠਣ ਲਈ ਸੰਕੇਤਿਕ ਪ੍ਰਮਾਣ ਪ੍ਰਾਪਤ ਕੀਤੇ ਜਾ ਸਕਣ। ਪਰ ਚੂੰਕਿ ਇਸ ਸਾਹਿਤ ਰੂਪ ਦਾ ਆਰੰਭ ਅਤੇ ਵਿਕਾਸ ਗੁਰੂ ਨਾਨਕ ਦੇ ਜੀਵਨ-ਬ੍ਰਿਤਾਂਤ ਨਾਲ ਹੋਇਆ ਹੈ, ਇਸ ਵਾਸਤੇ ਆਮ ਕਰਕੇ ਜਨਮਸਾਖੀ ਤੋਂ ਭਾਵ ਗੁਰੂ ਨਾਨਕ ਦੇਵ ਦਾ ਆਧਿਆਤਮਿਕ ਜੀਵਨ-ਬ੍ਰਿਤਾਂਤ ਹੈ, ਜਿਸ ਵਿਚ ਅਨੇਕਾਂ ਸਾਖੀਆਂ ਜਾਂ ਗੋਸ਼ਟੀਆਂ ਦਾ ਜੀਵਨ ਦੇ ਵਿਕਾਸ-ਕ੍ਰਮ ਵਿਚ ਸੰਕਲਨ ਹੋਇਆ ਹੋਵੇ। ਇਹ ਵਿਕਾਸ-ਕ੍ਰਮ ਕਈਆਂ ਥਾਂਵਾਂ ਤੇ ਭ੍ਰਮਕ ਵੀ ਹੈ।

ਜਨਮਸਾਖੀ ਇਕ ਨਹੀਂ, ਅਨੇਕ ਹਨ ਅਤੇ ਇਨ੍ਹਾਂ ਦਾ ਵਿਵਰਣ ਪਰਸਪਰ ਭਿੰਨ ਹੈ। ਇਨ੍ਹਾਂ ਵਿਚ ਆਧਿਆਤਮਿਕਤਾ ਤੋਂ ਛੁਟ ਜੀਵਨ ਦੇ ਹੋਰਨਾਂ ਪੱਖਾਂ ਦੇ ਚਿਤ੍ਰਣ ਦੀ ਲਗਭਗ ਅਣਹੋਂਦ ਹੈ। ਸਧੁੱਕੜੀ ਵਾਰਤਕ ਪ੍ਰਧਾਨ ਇਨ੍ਹਾਂ ਜਨਮਸਾਖੀਆਂ ਦੇ ਲਿਖਣ ਲਈ ਕੇਵਲ ਗੁਰਮੁਖੀ ਲਿਪੀ ਦੀ ਹੀ ਵਰਤੋਂ ਕੀਤੀ ਗਈ ਹੈ। ਜਨਮਸਾਖੀ ਆਪਣੇ ਮੂਲ ਰੂਪ ਵਿਚ ਬੜੀ ਸੰਖਿਪਤ ਰਹੀ ਹੋਵੇਗੀ। ਅਨੁਮਾਨ ਹੈ ਕਿ ਸਭ ਤੋਂ ਪਹਿਲਾਂ ਇਸ ਵਿਚ 20 ਜਾਂ 30 ਸਾਖੀਆਂ ਹੋਣਗੀਆਂ ਪਰ ਬਾਦ ਵਿਚ ਇਸ ਦਾ ਆਕਾਰ ਵਧਦਾ ਗਿਆ, ਜਿਸ ਦੇ ਮੁੱਖ ਤੌਰ 'ਤੇ ਤਿੰਨ ਕਾਰਣ ਹਨ—ਇਕ ਇਹ ਕਿ ਗੁਰੂ ਜੀ ਸੰਬੰਧੀ ਲੋਕਾਂ ਤੋਂ ਂ ਭੁਲੀਆਂ ਵਿਸਰੀਆਂ ਹੋਰ ਯਾਦਾਂ ਪ੍ਰਾਪਤ ਹੁੰਦੀਆਂ ਗਈਆਂ, ਦੂਜੇ ਕੁਝ ਸਾਖੀਆਂ ਅਨੁਮਾਨ ਤੇ ਘੜੀਆਂ ਜਾਣ ਲਗ ਪਈਆਂ, ਅਤੇ ਤੀਜੇ ਕੁਝ ਸਾਖੀਆਂ ਹੋਰਨਾਂ ਮਤ ਮਤਾਂਤਰਾਂ ਦੇ ਮੋਢੀਆਂ ਦੇ ਅਨੁਰੂਪ ਲਿਖ ਲਈਆਂ ਗਈਆਂ। ਇੰਜ ਇਨਾਂ ਦੀ ਗਿਣਤੀ ਵਧਦਿਆਂ ਵਧਦਿਆਂ 575 ਤਕ ਪਹੁੰਚ ਗਈ।

ਇਤਿਹਾਸਿਕਤਾ ਇਨ੍ਹਾਂ ਜਨਮਸਾਖੀਆਂ ਦੀ ਜੀਵਨੀ ਲਿਖਣ-ਵਿਧੀ ਵਿਗਿਆਨਿਕ ਨਹੀਂ, ਪੌਰਾਣਿਕ ਹੈ। ਫਲਸਰੂਪ, ਬਹੁਤ ਸਾਰੀਆਂ ਕਰਾਮਾਤਾਂ ਅਤੇ ਚਮਤਕਾਰ ਪ੍ਰਧਾਨ ਘਟਨਾਵਾਂ ਨੂੰ ਗੁਰੂ ਜੀ ਦੇ ਜੀਵਨ-ਬ੍ਰਿਤਾਂਤ ਵਿਚ ਸ਼ਾਮਲ ਕਰ ਲਿਆ ਗਿਆ। ਜਨਮਸਾਖੀਆਂ ਦੇ ਵੱਡੇ ਆਕਾਰ ਨੂੰ ਵੇਖ ਕੇ ਸੁਆਲ ਉਠਦਾ ਹੈ ਕਿ ਇਨ੍ਹਾਂ ਸਾਖੀਆਂ ਨੂੰ ਲਿਖਣ ਵੇਲੇ ਸਾਖੀਕਾਰ ਕਿਹੜੇ ਕਿਹੜੇ ਸ੍ਰੋਤਾਂ ਤੋਂ ਸਾਮਗ੍ਰੀ ਲੈਂਦੇ ਹਨ। ਗੁਰੂ ਨਾਨਕ ਦੇ ਅਵਤਰਣ-ਕਾਲ ਤਕ ਬੌਧ ਮਤ ਦੀਆਂ ਜਾਤਕ ਕਥਾਵਾਂ ਅਤੇ ਅਵਦਾਨ ਉਪਾਖਿਆਨ ਜਨ-ਜੀਵਨ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁਕੇ ਸਨ, ਦੇਵੀ ਦੇਵਤਿਆਂ ਬਾਰੇ ਉਪਾਖਿਆਨ ਅਨੁਯਾਈਆਂ ਦੀ ਸ਼ਰਧਾ ਦਾ ਅੰਗ ਬਣ ਚੁਕੇ ਸਨ, ਸਿੱਧਾਂ ਅਤੇ ਯੋਗੀਆਂ ਦੀਆਂ ਅਨੇਕ ਪ੍ਰਕਾਰ ਦੀਆਂ ਰਿੱਧੀਆਂ ਸਿੱਧੀਆਂ ਦੀ ਚਕਾਚੌਂਧ ਤੋਂ ਜਨਤਾ ਪ੍ਰਭਾਵਿਤ ਹੋ ਚੁਕੀ

ਸੀ ਅਤੇ ਪੁਰਾਣਾਂ ਦੀਆਂ ਕਪੋਲ ਕਲਪਨਾਵਾਂ ਵੀ ਜਨਤਾ ਦੇ ਮਨ ਵਿਚ ਆਪਣਾ ਸਥਾਨ ਬਣਾ ਚੁਕੀਆਂ ਸਨ।

ਗੁਰੂ ਨਾਨਕ ਦੇ ਜਨਮ ਤੋਂ ਕੁਝ ਸਦੀਆਂ ਪਹਿਲਾਂ ਭਾਰਤ ਵਿਚ ਇਸਲਾਮ ਦਾ ਪ੍ਰਵੇਸ਼ ਹੋਇਆ। ਇਸਲਾਮ ਧਰਮ ਵਿਚ ਕਰਾਮਾਤਾਂ ਪ੍ਰਤਿ ਅਤਿ ਅਧਿਕ ਆਸਥਾ ਪ੍ਰਗਟ ਕੀਤੀ ਜਾਂਦੀ ਹੈ। ਕੁਰਾਨ ਵਿਚ ਹਜ਼ਰਤ ਮਸੀਹ ਦੀਆਂ ਕਰਾਮਾਤਾਂ ਦਾ ਵਿਵਰਣ ਉਪਲਬਧ ਹੈ। ਅਸਲ ਵਿਚ, ਮੁਸਲਮਾਨਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਵਿਅਕਤੀ ਦਾ ਨਬੀ ਜਾਂ ਅਲੀਆ ਹੋਣ ਦਾ ਇਕ ਪ੍ਰਮਾਣ ਕਰਾਮਾਤ ਵਿਖਾਉਂਦਾ ਹੈ। ਮੁਸਲਮਾਨ ਸਾਧਕਾਂ ਅਤੇ ਸੂਫ਼ੀ-ਫ਼ਕੀਰਾਂ ਦੇ ਤਜ਼ਕਰੇ, ਮਲਫ਼ਜ਼ਾਤ ਜਾਂ ਅਕਵਾਲ ਕਰਾਮਾਤਾਂ ਨਾਲ ਭਰੇ ਪਏ ਹਨ। ਦਾਤਾ ਗੰਜ ਬਖਸ਼ (1009-1072 ਈ.) ਕ੍ਰਿਤ 'ਕਸ਼ਫੁਲ-ਮਹਿਜੂਬ' ਵਿਚ ਸੁਤੇ ਹੋਏ ਅਬਦੁੱਲਾ ਨਾਂ ਦੇ ਵਲੀ ਨੂੰ ਇਕ ਸੱਪ ਦੁਆਰਾ ਝਾੜੀ ਦਾ ਪੱਖਾ ਝਲਣ ਦਾ ਵਿਵਰਣ ਅੰਕਿਤ ਹੈ। ਫ਼ਰੀਦ-ਉਦ-ਦੀਨ ਅੱਤਾਰ (1119-1230 ਈ.) ਰਚਿਤ 'ਤਜ਼ਕਰਾ-ਤੁਲ-ਔਲੀਆ' ਵਿਚ ਰਾਬੀਆ ਨਾਂ ਦੀ ਸਾਧਿਕਾ ਕੋਲ ਜੰਗਲ ਵਿਚ ਮੱਕੇ ਦੇ ਆਉਣ ਦਾ ਉਲੇਖ ਮਿਲਦਾ ਹੈ। ਮੁਸਲਮਾਨ ਮਹਾਂ ਪੁਰਸ਼ਾਂ ਨਾਲ ਸੰਬੰਧਿਤ ਇਸ ਤਰ੍ਹਾਂ ਦੀਆਂ ਅਨੇਕ ਕਥਾਵਾਂ ਗੁਰੂ ਨਾਨਕ ਦੇ ਜਨਮ ਲੈਣ ਤਕ ਲੋਕਾਂ ਵਿਚ ਪ੍ਰਸਿੱਧ ਹੋ ਚੁਕੀਆਂ ਸਨ। ਇੰਜ ਪ੍ਰਤੀਤ ਹੁੰਦਾ ਹੈ ਕਿ ਜਨਮਸਾਖੀਆਂ ਦੇ ਲੇਖਕਾਂ ਨੇ ਗੁਰੂ ਨਾਨ?ਯ ਨੂੰ ਹੋਰਨਾਂ ਧਰਮ ਆਗੂਆਂ ਦੀ ਹਾ ਵਿਚ ਮਹਾਨ ਅਤੇ ਸ਼ੋਸ਼ਨ ਸਿੱਧ ਕਰਨ ਲਈ ਉਪਰੋਕਤ ਸਾਰੀਆਂ ਲੋਕ ਕਥਾਵਾਂ ਦੇ ਆਖ ਉਠਾਇਆ ਹੈ। ਅਸਲ ਵਿਚ, ਜਨਮਸਾਖੀ ਸਾਹਿਤ ਪ੍ਰਕਾਰਾਤਮਕ ਸਾਹਿਤ ਹੈ ਅਤੇ ਇਸ ਦਾ ਮੁੱਖ ਉਦੇਸ਼ ਗੁਰੂ ਨਾਨਕ ਦੀ ਮਹਾਨਤਾ ਸਥਾਪਿਤ ਕਰਨ ਲਈ ਉਹ ਸਭ ਆਪ ਉਨ੍ਹਾਂ ਦੇ ਨਾਂ ਨਾਲ ਜੋੜ ਦੇਣਾ ਹੈ, ਜੋ ਹੋਰਨਾਂ ਮਹਾਂਪੁਰਸ਼ਾਂ ਦੀ ਵਡਿਆਈ ਦਾ ਆਧਾਰ ਰਿਹਾ ਹੈ। ਇਸ ਲਈ ਜਨਮਸਾਖੀਆਂ ਦੇ ਵਿਵਰਣ ਦਾ ਕ੍ਰਾਂਤੀਪੂਰਣ ਹੋਣਾ ਸੁਭਾਵਿਕ ਹੈ। ਪਰ ਇਸ ਪ੍ਰਕਾਰ ਦੀਆਂ ਕ੍ਰਾਂਤੀਆਂ ਸਾਰੇ ਧਰਮ-ਆਗੂਆਂ ਬਾਰੇ ਫੈਲਾ ਦਿੱਤੀਆਂ ਜਾਂਦੀਆਂ ਰਹੀਆਂ ਹਨ। ਏਲਡ ਲਾਇਲ ਅਨੁਸਾਰ ਜਦ ਕੋਈ ਮਹਾਤਮਾ ਅਦਭੁਤ ਕਾਰਜ ਕਰਦਾ ਹੈ ਤਾਂ ਉਸ ਦੇ ਸੰਬੰਧ ਵਿਚ ਅਨੇਕ ਤਰ੍ਹਾਂ ਦੀਆਂ ਦੰਦ-ਕਥਾਵਾਂ ਪ੍ਰਚਲਿਤ ਹੋ ਜਾਂਦੀਆਂ ਹਨ। ਉਸ ਦੇ ਸਮਕਾਲੀ ਅਨੁਯਾਈ ਵਿਸਮਾਦ ਦੇ ਵਾਯੂਮੰਡਲ ਵਿਚ ਉਨ੍ਹਾਂ ਦੰਦ ਕਥਾਵਾਂ ਨੂੰ ਅਸਚਰਜ- ਮਈ ਕੌਤਕਾਂ ਅਤੇ ਕਰਾਮਾਤਾਂ ਦੇ ਰੂਪ ਵਿਚ ਵੇਖਦੇ ਹਨ। ਅਸਲ ਵਿਚ, ਮਨੁੱਖ ਜਾਤੀ ਦੇ ਇਤਿਹਾਸ ਦਾ ਵਿਕਾਸ ਇਨ੍ਹਾਂ ਦੰਦ-ਕਥਾਵਾਂ ਤੋਂ ਹੀ ਆਪਣਾ ਰੂਪ ਅਤੇ ਆਕਾਰ ਗ੍ਰਹਿਣ ਕਰਦਾ ਆਇਆ ਹੈ। ਸ਼ੁੱਧ ਇਤਿਹਾਸਕ ਦ੍ਰਿਸ਼ਟੀਕੋਣ ਤਾਂ ਮਨੁੱਖ ਦੇ ਮਸਤਕ ਦੀ ਬੜੀ ਬਾਦ ਦੀ ਉਪਜ ਹੈ।

ਗੁਰੂ ਨਾਨਕ ਦੀ ਜੀਵਨੀ ਬਾਰੇ ਵਿਵਰਣ ਦੀ ਜਨਮਸਾਖੀਆਂ ਵਿਚ ਘਾਟ ਨਹੀਂ ਹੈ, ਪਰ ਚੂੰਕਿ ਇਸ ਵਿਚ ਪੌਰਾਣਿਕ ਸਾਮਗ੍ਰੀ ਦੀ ਬਹੁਤਾਤ ਹੈ, ਇਸ ਲਈ ਇਨ੍ਹਾਂ ਵਿਚੋਂ ਇਤਿਹਾਸਿਕ ਤੱਥ ਬੜੀ ਸਾਵਧਾਨੀ ਨਾਲ ਲਭਣੇ ਹੋਣਗੇ। ਡਾ. ਮੈਕਲੌਡ ਅਨੁਸਾਰ ਤਾਂ ਉਪਾਖਿਆਨਾਂ ਦੀ ਤਹਿ ਵਿਚ ਵੀ ਇਤਿਹਾਸਿਕ ਤੱਥਾਂ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।" ਅਸਲ ਵਿਚ, ਜਨਮ ਸਾਖੀਆਂ ਇਕ ਇਤਿਹਾਸਿਕ ਵਿਅਕਤੀ ਦੇ ਜੀਵਨ-ਬ੍ਰਿਤਾਂਤ ਨੂੰ ਚਿਤ ਕਰਦੀਆਂ ਹਨ, ਇਸ ਵਾਸਤੇ ਇਨ੍ਹਾਂ ਵਿਚ ਕੁਝ ਇਤਿਹਾਸਿਕ ਸਾਮਗ੍ਰੀ ਅਵੱਸ਼ ਹੋ ਸਕਦੀ ਹੈ।

ਪੌਰਾਣਿਕ ਸਾਮਗ੍ਰੀ ਤੋਂ ਛੁਟ ਵੀ ਅਨੈਤਿਹਾਸਿਕਤਾ ਦੇ ਕੁਝ ਕਾਰਣ ਹਨ। ਇਕ ਇਹ ਕਿ ਜਨਮਸਾਖੀਕਾਰ ਗੁਰੂ ਨਾਨਕ ਦਾ ਜੀਵਨ-ਬ੍ਰਿਤਾਂਤ ਪੇਸ਼ ਕਰਨ ਵੇਲ ਉਨ੍ਹਾਂ ਦੇ ਜੋ ਸ਼ਬਦ ਜਾਂ ਚੁੱਕਾਂ ਪ੍ਰਸਤੁਤ ਕਰਦੇ ਹਨ, ਉਨ੍ਹਾਂ ਵਿਚੋਂ ਕੁਝ ਗੁਰੂ ਨਾਨਕ ਦੀ ਆਦਿ-ਗ੍ਰੰਥ ਵਾਲੀ ਪ੍ਰਾਮਾਣਿਕ ਬਾਣੀ ਵਿਚੋਂ ਨਹੀਂ ਹਨ, ਕੁਝ ਹੋਰਨਾਂ ਸਿੱਖ ਗੁਰੂਆਂ ਦੀਆਂ ਬਾਣੀਆਂ ਵਿਚੋਂ ਹਨ ਅਤੇ ਕੁਝ ਦਾ ਸੰਬੰਧ ਕਬੀਰ ਆਦਿ ਸੰਤਾਂ ਨਾਲ ਹੈ।

## 6.4 Summary (ਨਿਸ਼ਕਰਸ਼)

ਇਹ ਪੁਰਾਤਨ ਜਨਮਸਾਖੀ ਗੁਰੂ ਨਾਨਕ ਦਾ ਸਾਹਿਤਕ ਮੁਲਾਂਕਣ ਜਿਸ ਬਾਰੇ ਵਧੇਰੇ ਵਿਸਤਾਰ ਦੀ ਥਾਂ ਸੰਖੇਪ ਰੂਪ ਤੋਂ ਹੀ ਕੰਮ ਲਿਆ ਗਿਆ ਹੈ, ਉਸ ਸਮੇਂ ਇਹ ਜਨਮਸਾਖੀ ਗੁਰੂ ਸਾਹਿਬ ਦੇ ਹਜ਼ੂਰੀ ਸਿਖਾਂ ਵਲੋਂ ਕਲਮ ਬੰਦ ਹੁੰਦੀ ਰਹੀ, ਪੰਜਾਬੀ ਗੱਦ ਦਾ ਪ੍ਰਾਰੰਭ ਕਾਲ ਸੀ ਤੇ ਗੁਰੂ ਦਰਬਾਰੀ ਵੀ ਉਸ ਸਮੇਂ ਬਹੁਤੇ ਮਦ੍ਰ ਦੇਸ਼ ਦੇ ਜਮਪਲ ਤੇ ਪੰਜਾਬ ਦੇ ਵਸਨੀਕ ਸਨ।

## 6.5 Glossary (ਔਖੇ ਸ਼ਬਦਾਂ ਦੇ ਅਰਥ)

ਪਰੰਪਰਾ-ਪੁਰਾਣਾ ਰਿਵਾਜ਼, ਜਨਮਸਾਖੀ-ਜਨਮ ਨਾਲ ਸੰਬੰਧਿਤ ਰਚਨਾ, ਪ੍ਰਥਮ-ਪਹਿਲਾ, ਮੁਲਾਂਕਣ-ਅਲੋਚਨਾ।

## 6.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

1. ਜਨਮਸਾਖੀ ਪਰੰਪਰਾ ਤੋਂ ਤੁਸੀਂ ਕੀ ਸਮਝਦੇ ਹੋ ?
2. ਭਾਈ ਬਾਲੇ ਵਾਲੀ ਜਨਮਸਾਖੀ ਬਾਰੇ ਤੁਸੀਂ ਕੀ ਜਾਣਦੇ ਹੋ ?
3. ਪੁਰਾਤਨ ਜਨਮ ਸਾਖੀ ਬਾਰੇ ਸੰਖੇਪ ਜਾਣਕਾਰੀ ਦਿਓ।

## 6.7 Lesson End Exercise, Examination Oriented Questions (**ਅਭਿਆਸ ਅਰਥ ਪ੍ਰਸ਼ਨ**)

1. ਭਾਈ ਬਾਲੇ ਵਾਲੀ ਜਨਮਸਾਖੀ, ਡਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ

______________________________

______________________________

______________________________

______________________________

2. ਪੁਰਾਤਕ ਜਨਮਸਾਖੀ, ਭਾਈ ਸਾਹਿਬ ਭਾਈ ਵੀਰ ਸਿੰਘ

______________________________

______________________________

______________________________

______________________________

3. ਜਨਮਸਾਖੀ ਪਰੰਪਰਾ ਵਿਚ ਗੁਰੂ ਨਾਨਕ ਦਰਸ਼ਨ, ਹਰਪਾਲ ਸਿੰਘ ਪੁਨੂੰ

______________________________

______________________________

______________________________

______________________________

## 6.8 Suggested Reading (**ਸਹਾਇਕ ਪੁਸਤਕ ਸੂਚੀ**)


1. ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ਪਹਿਲੀ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ।
2. ਵਾਰਾਂ ਭਾਈ ਗੁਰਦਾਸ ਸਟੀਕ, ਭਾਈ ਵੀਰ ਸਿੰਘ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵੀ ਏਕਤਾ, ਮਹਿੰਦਰ ਕੌਰ ਗਿੱਲ (ਡਾ.)।

# ਵਾਰਿਸ਼ ਕਾਲ ਦਾ ਕਿੱਸਾ ਸਾਹਿਤ

**Structure :**

**1.1 Objective (ਉਦੇਸ਼)**

**1.2 Introduction (ਜਾਣ-ਪਛਾਣ)**

**1.3 Content Section (ਵਿਸ਼ਾ ਪੱਖ)**

**1.4 Summary (ਨਿਸ਼ਕਰਸ਼)**

**1.5 Glossary (ਔਖੇ ਸ਼ਬਦਾਂ ਦੇ ਅਰਥ)**

**1.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

**1.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

**1.8 Suggested Reading (ਸਹਾਇਕ ਪੁਸਤਕ ਸੂਚੀ)**

## 1.1 Objective (ਉਦੇਸ਼)

ਇਸ ਭਾਗ ਵਿਚ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂਨ ਵਾਰਿਸ ਕਾਲ ਦੇ ਕਿੱਸਾ ਸਾਹਿਤ ਬਾਰੇ ਦਸਿਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਾਰਿਸ ਕਾਲ ਦਾ ਮਸਾਂ 1700 ਈ: ਤੋਂ ਲੈ ਕੇ 1800 ਈ: ਤਕ ਦਾ ਮੰਨਿਆ ਗਿਆ ਹੈ। ਇਸ ਲਈ ਜਦੋਂ ਅਸੀਂ ਪੰਜਾਬੀ ਸਾਹਿਤ ਦੇ ਆਦਿ ਬਿੰਦੂ ਵਾਰੇ ਚਰਚਾ ਕਰਦੇ ਹਾਂ ਤਾਂ ਸਾਨੂੰ ਇਨ੍ਹਾਂ ਸਾਰਿਆਂ ਕਿੱਸੇ ਕਾਰਾਂ ਨੂੰ ਨਾਲ ਲੈ ਕੇ ਇਸ ਦਾ ਅਧਿਐਨ ਕਰਦੇ ਹਾਂ ਜੋ ਅਠਾਰਵੀ ਅਤੇ ਅਟਾਰਵੀ ਸਦੀ ਤੋਂ ਪਹਿਲਾਂ ਦੇ ਕਿਸਾਕਾਰ ਹਨ।

## 1.2 Introduction (ਜਾਣ-ਪਛਾਣ)

ਅਠਾਰਵੀਂ ਸਦੀ ਤੋਂ ਪਹਿਲਾਂ ਪੰਜਾਬੀ ਵਿਚ ਦਮੋਦਰ, ਪੀਲੂ, ਹਾਫਿਜ਼ ਬਰਖੁਰਦਾਰ, ਅਹਿਮਦ ਗੁਜਰ ਆਪਣੇ ਕਿੱਸੇ ਲਿਖ ਕੇ ਇਸ ਕਾਵਿ-ਰੂਪ ਦੇ ਵਿਕਾਸ ਦਾ ਮਾਰਗ ਮੋਕਲਾ ਕਰ ਚੁੱਕੇ ਸਨ, ਪਰ ਕਿੱਸਾਕਾਰੀ ਦਾ ਸਹੀ ਵਿਕਾਸ ਅਠਾਰਵੀਂ ਸਦੀ ਵਿਚ ਹੋਇਆ। ਇਸ ਕਾਲ ਦੇ ਕਿੱਸਾਕਾਰਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ-ਇਕ ਪ੍ਰਮੁੱਖ ਕਿੱਸਾਕਾਰ ਜਿਵੇਂ ਮੁਕਬਲ, ਵਾਰਿਸ, ਹਾਦਮ ਅਤੇ ਦੂਜੇ ਸਾਧਾਰਣ ਕਿੱਸਾਕਾਰ ਜਿਵੇਂ ਚਿਰਾਗ ਆਵਾਣ, ਆਡਤ, ਸਦੀਕ ਲਾਲੀ, ਸੁੰਦਰ ਦਾਸ ਆਰਾਮ, ਅਬਦੁਲ ਹਕੀਮ ਅਤੇ ਬਿਹਬਲ। ਪਹਿਲਾਂ ਪ੍ਰਮੁੱਖ ਕਿੱਸਾਕਾਰਾਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਉਸ ਪਿਛੋਂ ਸਾਧਾਰਣ ਕਿੱਸਾਕਾਰਾਂ ਬਾਰੇ ਚਾਨਣਾ ਪਾਇਆ ਹੈ।

## 1.3 Content Section (ਵਿਸ਼ਾ ਪੱਖ)

**ਮੁਕਬਲ** : ਵਾਰਿਸ ਸ਼ਾਹ ਤੋਂ ਪਹਿਲਾਂ ਹੀਰ ਸੰਬੰਧੀ ਲਿਖੇ ਕਿੱਸਿਆਂ ਵਿਚ ਮੁਕਬਲ ਦਾ ਨਾਂ ਸਰਬ ਪ੍ਰਮੁੱਖ ਹੈ। ਇਸ ਦੀਆਂ ਹੁਣ ਤੱਕ ਦੋ ਰਚਨਾਵਾਂ ਮਿਲੀਆਂ ਹਨ-ਜੰਗਨਾਮਾ ਅਤੇ ਹੀਰ। ਮੁਕਬਲ ਦੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਇਥੋਂ ਤੱਕ ਕਿ ਇਸ ਦੇ ਮਾਤਾ-ਪਿਤਾ, ਜਨਮ ਸਥਾਨ ਅਤੇ ਜਨਮ ਤਿਥੀ ਬਾਰੇ ਵੀ ਕੋਈ ਸੂਚਨਾ ਇਤਿਹਾਸ ਤੋਂ ਨਹੀਂ ਮਿਲਦੀ। ਇਸ ਦੇ ਰਚੇ ਜੰਗਨਾਮੇ ਦੇ ਅੰਦਰਲੇ ਪ੍ਰਮਾਣਾ ਦੇ ਆਧਾਰ ਤੇ ਇਤਿਹਾਸ ਦਾ ਪੂਰਾ ਨਾਂ ਸ਼ਾਹ ਜਹਾਨ ਸੀ ਅਤੇ ਮੁਕਬਲ ਇਸ ਦੀ ਕਵੀ-ਛਾਪ ਸੀ। ਪਰ ਅੱਖਾਂ ਦੀ ਜੋਤਿ ਦੇ ਨਾ ਹੋਣ ਕਾਰਣ ਬੜਾ ਆਜਿਜ ਸੀ-

ਤਖਲਸ ਏਸ ਫਕੀਰ ਦਾ ਮੁਕਬਲ ਹੈ ਮਸ਼ਹੂਰ।
ਇਹ ਆਜਜ਼ ਹੈ ਭਾਇਓ ਅਖੀਂ ਥੀਂ ਮਜਬੂਰ।

ਪਰ ਉਸ ਨੂੰ ਕਵੀ ਹਿਰਦਾ ਮਿਲਿਆ ਸੀ। ਉਸ ਨੇ ਅਹਿਮਦ ਗੁਜਰ ਦੀ ਹੀਰ ਦੇ ਆਧਾਰ ਤੇ ਆਪਣੇ ਕਿੱਸੇ ਦੀ ਰਚਨਾ ਕਰ ਕੇ ਉਸ ਵਿਚ ਜਾਨ ਪਾ ਦਿੱਤੀ ਅਤੇ ਬਾਅਦ ਵਿਚ ਉਸ ਨੂੰ ਵਾਰਿਸ ਨੇ ਸ਼ਿੰਗਾਰ ਕੇ ਪੰਜਾਬੀ ਦਾ ਸ਼ਾਹਕਾਰ ਬਣਾ ਦਿੱਤਾ। ਇਸੇ ਵਾਸਤੇ "ਸੈਫੁਲ ਮਲੂਕ" ਦੇ ਕਵੀ ਮੀਆਂ ਮੁਹੰਮਦ ਨੇ ਮੁਕਬਲ ਦੇ ਕਿੱਸੇ ਦੀ ਆਲੋਚਨਾ ਕਰਦਿਆਂ ਲਿਖਿਆ ਹੈ -

ਮੁਕਬਲ ਦੀ ਗਲ ਸਿਧੀ ਸਾਦੀ ਹੈ ਮਕਬੂਲ ਪਿਆਰੀ।
ਲਫ਼ਜ ਮਹੀਨ ਤੇ ਮਾਅਨੇ ਬਹੁਤੇ ਯਾਦ ਰੱਖਣ ਦੇ ਕਾਰੀ।
ਮੱਦਾ ਮੁਬਾਰਕ ਅੰਦਰ ਪਹਲਾ ਬੈਂਤ ਕਿਹਾ ਉਸ ਜੈਸਾ।
ਹਿਕੋ ਬਾਤ ਲੱਖਾਂ ਥੀ ਹੱਛੀ ਧੰਨ ਮੁਸੰਨਫ ਐਸਾ।

ਉਸ ਦੀਆਂ ਰਚਨਾਵਾਂ ਦੀ ਬੋਲੀ ਦੇ ਆਧਾਰ ਤੇ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਮਾਝੇ ਦੇ ਇਲਾਕੇ ਦਾ ਜੰਮਪਲ ਸੀ, ਕਿਉਂਕਿ ਉਸ ਦੀ ਬੋਲੀ-ਬੜੀ ਠੁਕਦਾਰ ਕੇਂਦਰੀ ਪੰਜਾਬੀ ਹੈ। ਜੰਗਨਾਮੇ ਦੀ ਇਕ ਅੰਦਰਲੀ ਗਵਾਹੀ ਦੇ ਆਧਾਰ ਤੇ ਇਸ ਦੀ ਰਚਨਾ 1159/ 1160 ਹਿਜਰੀ (1747-48 ਈ.) ਵਿਚ ਹੋਈ ਸੀ। ਪਰ ਹੀਰ ਦੀ ਰਚਨਾ ਤਿਥੀ ਬਾਰੇ ਕੋਈ ਕਿਧਰੇ ਵੀ ਸੰਕੇਤ ਦਿੱਤਾ ਹੋਇਆ ਨਹੀਂ ਮਿਲਦਾ। ਹਾਂ ਇਤਨਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕਿੱਸੇ ਦੀ ਰਚਨਾ ਵੀ ਜੰਗਨਾਮੇ ਦੇ ਨੇੜੇ-ਤੇੜੇ ਹੋਈ ਹੋਵੇਗੀ। ਇੱਥੇ ਇਕ ਹੋਰ ਗਲ ਧਿਆਨ ਰੱਖਣ ਵਾਲੀ ਇਹ ਹੈ ਕਿ ਵਾਰਿਸ ਸ਼ਾਹ ਨੇ ਆਪਣਾ ਕਿੱਸਾ 1765 ਈ. ਵਿਚ ਪੂਰਨ ਕੀਤਾ ਸੀ। ਵਾਰਿਸ ਦੇ ਕਿੱਸੇ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਨੇ ਕੇਵਲ ਮੁਕਬਲ ਦੇ ਘਟਨਾ ਕ੍ਰਮ ਨੂੰ ਹੀ ਅਪਨਾਇਆ ਹੈ ਸਗੋਂ ਉਸ ਦੀਆਂ ਅਨੇਕ ਤੁਕਾਂ ਵੀ ਥੋੜ੍ਹੇ ਹੇਰ ਫੇਰ ਨਾਲ ਵਰਤ ਲਈਆਂ ਹਨ। ਸੱਚ ਤਾਂ ਇਹ ਹੈ ਕਿ ਵਾਰਿਸ ਦੀ ਹੀਰ ਮੁਕਬਲ ਦੀ ਹੀਰ ਦਾ ਵਿਸਤਾਪੂਰਣ ਅਤੇ ਰਸਾਤਮਕ ਸੰਸਕਰਣ ਹੈ। ਇਸ ਤਰ੍ਹਾਂ ਇਹ ਰਚਨਾ ਵਾਰਿਸ ਦੀ ਰਚਨਾ ਤੋਂ ਘੱਟੋ-ਘੱਟ 15/20 ਵਰ੍ਹੇ ਪਹਿਲਾ ਜ਼ਰੂਰ ਲਿਖੀ ਗਈ ਹੋਵੇਗੀ।

ਮੁਕਬਲ ਨੇ ਆਪਣੇ ਕਿੱਸੇ ਦੀ ਕਥਾ ਨੂੰ ਨਿਸ਼ਚਿਤ ਢੰਗ ਨਾਲ ਉਸਾਰਿਆ ਹੈ ਅਤੇ ਆਪਣੇ ਬਿਰਤਾਂਤ ਦਾ ਢਾਂਚਾ ਅਹਿਮਦ ਗੁਜਰ ਦੀ ਹੀਰ ਦੇ ਸਮਾਨ ਰਖਿਆ ਹੈ ਪਰ ਇਸ ਦੇ ਕਿੱਸੇ ਵਿਚ ਪਾਤਰਾਂ ਦੀ ਅਧਿਕਤਾ ਨਹੀਂ ਹੈ। ਅਸਲੋਂ ਕਵੀ ਦਾ ਮਨ ਪਾਤਰ-ਉਸਾਰੀ ਵਿਚ ਨਹੀਂ ਰੰਮਿਆ, ਉਸ ਦਾ ਧਿਆਨ ਜ਼ਿਆਦਾ ਕਥਾ ਬ੍ਰਿਤਾਂਤ ਵਲ ਹੈ। ਉਸ ਨੇ ਆਪਣੇ ਭਾਵਾਂ ਨੂੰ ਬੜੇ ਸਰਲ ਅਤੇ ਸਪੱਸ਼ਟ ਢੰਗ ਨਾਲ ਪ੍ਰਗਟਾਇਆ ਹੈ। ਉਦਾਸ ਅਤੇ ਦੁਬਿਧਾ ਵਿਚ ਗ੍ਰਸੇ ਹੋਏ ਰਾਂਝੇ ਨੂੰ ਤਸੱਲੀ ਅਤੇ ਹੱਲਾਸ਼ੇਰੀ ਦਿੰਦੀ ਹੋਈ ਹੀਰ ਆਪਣੇ ਹਿਰਦੇ ਦੇ ਭਾਵਾਂ ਨੂੰ ਇੰਜ ਪ੍ਰਗਟਾਉਂਦੀ ਹੈ-

ਹੀਰ ਆਖਿਆ ਫਿਕਰ ਨ ਕਰੀ ਰਾਂਝਾ, ਤੇਰੀ ਝੂਰਦੀ ਬੁਰੀ ਬਲਾ ਮੀਆਂ।
ਨਹੀਂ ਸੰਗਦੀ ਸੂਲੀਆਂ ਫਾਸੀਆਂ ਤੋਂ, ਕਾਜੀ ਸ਼ਰਹਾ ਦੇ ਝਗੜਸਾਂ ਜਾਂ ਮੀਆਂ।
ਆਪ ਕਦਸਾਂ ਬਣੀ ਪਰ ਮੂਲ ਤੈਨੂੰ, ਤੱਤੀ ਲਗਣ ਨਾ ਦੇਵਸਾਂ ਵਾ ਮੀਆਂ।

ਮੁਕਬਲ ਨੇ ਕਿੱਸੇ ਵਿਚ ਪ੍ਰੇਮ ਨੂੰ ਪੂਰਾ ਮਹੱਤਵ ਦਿੱਤਾ ਹੈ ਕਿਉਂਕਿ ਇਸ ਨਾਲ 'ਹੱਕ' ਜਾਂ ਅਧਿਕਾਰ ਦੀ ਪ੍ਰਾਪਤੀ ਹੁੰਦੀ ਹੈ। ਇਕ ਵਾਰ ਇਸ਼ਕ ਦੇ ਰਾਹ ਉੱਤੇ ਅੱਗੇ ਵਧ ਕੇ ਫਿਰ ਪਿੱਛੇ ਨੂੰ ਕਦਮ ਚੁਕਣਾ ਆਸ਼ਕਾਂ ਲਈ ਉਚਿਤ ਨਹੀਂ ਹੁੰਦਾ-ਨੇਹੁ ਲਾਇਕੇ ਮੂਲ ਨ ਤੋੜੀਏ ਜੀ। ਮੁਕਬਲ ਨੇ ਹੀਰ ਰਾਂਝੇ ਦੀ ਪਹਿਲੀ ਮਿਲਣੀ ਨੂੰ ਹੀਰ ਵਲੋਂ ਰਾਂਝੇ ਦੇ ਸੌਣ ਵਿਚ ਪਾਏ ਵਿਘਨ ਲਈ ਮਾਫੀ ਮੰਗਵਾਦਾ ਹੋਇਆ ਬੜੇ ਨਾਟਕੀ ਢੰਗ ਨਾਲ ਪੇਸ਼ ਕਰਦਾ ਹੈ-

ਹੀਰ ਆਖਦੀ ਬਖਸ਼ ਗੁਨੇਹਾ ਮੇਰਾ, ਲੇਜੇ ਸੁਤੜਾ ਆਣ ਜਗਾਇਆ ਏਂ।
ਘੋਲ ਘਤੀਆਂ ਮੈਂ ਉਸ ਰਾਹ ਉਤੋਂ, ਜਿਸ ਰਾਹ ਤੇ ਚਲ ਕੇ ਆਇਆ ਏਂ।
ਬਾਪ ਦਾਦਿਓ ਜਾਤ ਦਾ ਹੈਂ ਤੂੰ, ਕਿਸ ਮਾਂ ਸਪੁਤੜੀ ਜਾਇਆ ਏਂ।
ਆਉਂਸੀ ਪਾਉਂਦੀ ਕਾਂ ਉਡਾਉਂਦੀ ਨੂੰ, ਮੈਨੂੰ ਮੁਕਬਲਾ ਰੱਬ ਮਿਲਾਇਆ ਏਂ।

ਮੁਕਬਲ ਦਮੋਦਰ ਵਾਂਗ ਕਹਾਣੀ ਦਾ ਅੰਤ ਸੁਖਾਂਤ ਕਰਦਾ ਹੈ ਅਤੇ ਹੀਰ ਰਾਂਝੇ ਨੂੰ ਅੰਤ ਵਿਚ ਮੱਕੇ ਨੂੰ ਤੋਰਦਾ ਹੈ। ਮੁਕਬਲ ਨੇ ਆਪਣੀ ਹੀਰ ਵਿਚ ਉਸ ਵੇਲੇ ਦੇ ਸਭਿਆਚਾਰ ਨੂੰ ਵੀ ਚਿੱਤਰਿਆ ਹੈ, ਪਰ ਦਮੋਦਰ ਤੋਂ ਬਹੁਤ ਘੱਟ। ਦਮੋਦਰ ਦੀ ਹੀਰ ਤਾਂ ਅਸਲੋਂ ਝੰਗ ਦੇ ਇਲਾਕੇ ਦੀਆਂ ਰਸਮਾਂ, ਰਿਵਾਜ਼ਾਂ ਦਾ ਇਕ ਦਰਪਣ ਹੈ। ਮੁਕਬਲ ਦੇ ਬਿਆਨ ਵਿਚ ਵਾਰਿਸ ਵਾਲੀ ਨਿਸੰਗਤਾ ਨਹੀਂ ਹੈ। ਹੀਰ ਰਾਂਝੇ ਦੇ ਆਉਣ ਦੀ ਖ਼ਬਰ ਬੜੇ ਉਮਾਹ ਭਰੇ ਬੋਲਾਂ ਨਾਲ ਦਿੰਦਿਆਂ ਕਹਿੰਦੀ ਹੈ-

ਹੀਰ ਆਖਦੀ ਸੁਣੋ ਸਹੇਲੀਓ ਨੀ, ਮੈਨੂੰ ਰਲ ਕੇ ਦਿਓ ਵਧਾਈਆਂ ਨੀ।
ਅੱਜ ਦੀ ਘੜੀ ਸੁਲੱਖਣੀ ਖੈਰ ਦੀ ਏ, ਰਾਂਝੇ ਨਾਲ ਮੈਂ ਅੱਖੀਆਂ ਲਾਈਆਂ ਨੀ।

ਕਵੀ ਕੋਲ ਵਰਨਣ ਸ਼ਕਤੀ ਕਮਾਲ ਦੀ ਹੈ। ਵਰਨਣ ਵੇਲੇ ਉਹ ਕਈ ਵਾਰ ਬੜੀ ਬਰੀਕੀ ਨਾਲ ਵੇਰਵਾ ਪੇਸ਼ ਕਰਦਾ ਹੈ। ਜੋਗੀ ਬਣ ਕੇ ਆਏ ਰਾਂਝੇ ਨੂੰ ਹੀਰ ਦੀਆਂ ਸਹੇਲੀਆਂ ਵੇਖਦੀਆਂ ਹਨ, ਉਸ ਉਤੇ ਆਪਣਾ ਪ੍ਰਭਾਵ ਪਾਉਂਦੀਆਂ ਹਨ। ਕਵੀ ਨੇ ਉਨ੍ਹਾਂ ਦੇ ਮਨੋਭਾਵਾਂ ਨੂੰ ਬੜੇ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਵਿਚ ਚਿੱਤਿਰਆ ਹੈ ਅਤੇ ਹੀਰ ਨੂੰ ਨਾ ਵੇਖਣ ਕਾਰਣ ਪੈਦਾ ਹੋਏ ਰਾਂਝੇ ਦੇ ਵਿਯੋਗ ਦੀ ਤੀਬਰਤਾ ਨੂੰ ਵੀ ਪ੍ਰਗਟ ਕੀਤਾ ਹੈ-

ਇਕ ਨਜ਼ਰ ਛੁਪਾਇ ਕੇ ਦੇਖਦੀਆਂ ਨੇ, ਇਕ ਜਾਹਿਰਾ ਮਾਰਦੀਆਂ ਕਾਤੀਆਂ ਨੀ।
ਇਕ ਕੱਢ ਕੇ ਘੁੰਡ ਸਰਮਾਵਦੀਆਂ ਨੀ, ਇਕ ਖੇਲ੍ਹ ਦਿਖਾਵੰਦੀਆਂ ਛਾਤੀਆਂ ਨੀ।
ਕੋਈ ਵਿਆਹੀਆਂ ਕੋਈ ਕੁਆਰੀਆਂ ਨੀ, ਸਭੇ ਰੰਗ ਭਰੀਆਂ ਰਸਮਾਤੀਆਂ ਨੀ।
ਰਾਝਾਂ ਵੇਖ ਰਿਹਾ ਹੀਰ ਕਿਸੇ ਨਾਹੀਂ, ਆਏ ਬ੍ਰਿਹੋ ਲਗਾਈਆਂ ਕੀਤੀਆਂ ਨੀ।

ਮੁਕਬਲ ਨੇ ਅਲੰਕਾਰ ਬਹੁਤ ਘਟ ਵਰਤੇ ਹਨ ਅਤੇ ਜੋ ਵਰਤੇ ਹਨ, ਉਨ੍ਹਾਂ ਦਾ ਸੰਬੰਧ ਸਾਧਾਰਣ ਜਨ-ਜੀਵਨ ਨਾਲ ਹੈ। ਕਈ ਪ੍ਰੰਪਰਾ ਤੇ ਚਲੇ ਆ ਰਹੇ ਉਪਮਾਨਾਂ ਨੂੰ ਮੁਕਬਲ ਨੇ ਪ੍ਰਵਾਨ ਨਹੀਂ ਕੀਤਾ। ਮੁਕਬਲ ਨੇ ਅਧਿਕਤਰ ਉਪਮਾ ਅਲੰਕਾਰ ਵਰਤਿਆ ਹੈ, ਜਿਵੇਂ ਬੋਲਿਆਂ ਮੁੱਖ ਥੀਂ ਫੁੱਲ ਕਿਰਦੇ, ਆਸ਼ਕ ਕੂੰਜ ਵਾਂਗੂ ਕੁਰਲਾਂਦੇ ਨੇ, ਜਿਉਂ ਦੁੱਧ ਦੁਧਾਨੇ ਦੇ ਵਿਚ ਕੜ੍ਹਦਾ,

ਭੜਕੀ ਇਸ਼ਕ ਦੀ ਭਾਹ ਵਾਂਗੂ, ਚੁੱਪ ਕਰ ਰਹੀ ਚੋਰ ਦੀ ਮਾਉ ਵਾਂਗੂ, ਪਰਵਾਰ ਪੈਂਦਾ ਜਿਵੇਂ ਚੰਦ ਤਾਂਈ ਆਦਿ। ਕਈ ਥਾਵਾਂ ਉੱਤੇ ਰੂਪਕ ਅਲੰਕਾਰ ਵੀ ਬੜੀ ਸੁੰਦਰਤਾ ਨਾਲ ਬੀੜੇ ਗਏ ਹਨ।

1. ਦੀਵਾ ਅਕਲ ਦਾ ਆਨ ਕੇ ਬਾਲਿਓ ਨੇ, ਅਗੇ ਬ੍ਰਿਹੋ ਦੀ ਵਗਦੀ ਵਾਇ ਮੀਆਂ।

2. ਤਸ਼ਬੀ ਆਸ਼ਕਾਂ ਦੀ ਮੋਤੀ ਹੰਝੂਆ ਦੇ, ਧਾਗੇ ਆਹੀ ਦੇ ਨਾਲ ਪਿਰੋਂਵਦੀ ਹੈ।

ਸ਼ਬਦ-ਅਲੰਕਾਰ ਵਿਚੋਂ ਕਵੀ ਨੇ ਅਨੁਪ੍ਰਾਸ ਦੀ ਕੁਝ ਵਰਤੋਂ ਕੀਤੀ ਹੈ। ਬ੍ਰਿਤ-ਅਨੁਪ੍ਰਾਸ ਦਾ ਨਮੂਨਾ ਵੇਖੋ-"ਪਰੇਸ਼ਾਨ ਹੈਰਾਨ ਵੈਰਾਨ ਹੋਏ।

ਮੁਕਲਬ ਦੇ ਕਿੱਸੇ ਦੀ ਇਕ ਵਿਸ਼ੇਸ਼ਤਾਂ ਇਹ ਵੀ ਹੈ ਕਿ ਇਸ ਨੇ ਬੈਂਤ ਛੰਦ ਦੀ ਵਰਤੋਂ ਬੜੀ ਸਫਲ ਕੀਤੀ ਹੈ। ਇਹ ਆਮ ਧਾਰਨਾ ਹੈ ਕਿ ਲੰਮੀਆਂ ਸੁਰਾਂ ਵਾਲੇ ਬੈਂਤ ਛੰਦ ਦਾ ਪੰਜਾਬੀ ਕਵਿਤਾ ਵਿਚ ਸਭ ਤੋਂ * ਪਹਿਲਾਂ ਸਫਲ ਪ੍ਰਯੋਗ ਮੁਕਬਲ ਨੇ ਹੀ ਕੀਤਾ। ਕਿਉਂਕਿ ਇਸ ਤੋਂ ਪਹਿਲਾਂ ਲਿਖੇ ਅਹਿਮਦ ਗੁਜਰ ਦੇ ਕਿੱਸੇ ਵਿਚ ਤੁਕਾਂਤ ਵਿਚ ਫ਼ਰਕ ਪੈ ਜਾਂਦਾ ਹੈ। ਪਰ ਮੁਕਬਲ ਨੇ ਤੁਕਾਂਤ ਨੂੰ ਬੜੀ ਨਿਪੁੰਨਤਾ ਨਾਲ ਨਿਭਾਇਆ ਹੈ। ਹਰ ਬੈਂਤ ਵਿਚ ਲਗਭਗ ਚਾਰ ਪੰਕਤੀਆਂ ਰਖੀਆਂ ਗਈਆਂ ਹਨ, ਪਰ ਕਿਤੇ-ਕਿਤੇ ਇਹ ਗਿਣਤੀ ਚਾਰ ਤੋਂ ਵਧਾਈ ਵੀ ਗਈ ਹੈ, ਜਿਵੇਂ ਛੰਦ ਅੰਕ 90, 92 ਅਤੇ 93 ਵਿਚ। ਉਂਜ ਕਵੀ ਨੇ ਬੜੀ ਕਾਮਯਾਬੀ ਨਾਲ ਤੋਲ ਨੂੰ ਨਿਭਾਇਆ ਹੈ। ਉਦਾਹਰਣ ਵਜੋਂ ਹੀਰ ਦੀ ਆਪਾ-ਨਿਛਾਵਰ ਕਰਨ ਦੀ ਭਾਵਨਾ ਨੂੰ ਪ੍ਰਗਟਾਉਣ ਵਾਲਾ ਹੇਠਲਾ ਬੈਂਤ ਵੇਖੋ-

ਹੀਰ ਆਖਦੀ ਰਾਂਝੇ ਦੇ ਨਾਓ ਉਤੇ, ਹਟ ਹਟ ਵਿਕਾਉਨੀ ਹਾਂ।
ਇਕੋ ਦਿਲ ਆਹ ਸੋਈ ਲਿਆ ਰਾਂਝੇ, ਮਿਟੀ ਖੇੜਿਆਂ ਦੇ ਸਿਰ ਪਾਉਨੀ ਹਾਂ।
ਮੀਆ ਹੋਰ ਤੇ ਬੰਦੀ ਨੂੰ ਯਾਦ ਨਹੀਂ, ਜਾਮਾ ਇਸ਼ਕ ਤੁਹਾਡੇ ਦਾ ਸੀਉਨੀ ਹਾਂ।
ਮੇਰੇ ਮਰਨ ਤੇ ਜੇ ਰਜਾ ਤੇਰੀ, ਜਹਰ ਘੋਲ ਪਿਆਲੜਾ ਪੀਉਨੀ ਆਂ।

ਮੁਕਬਲ ਦੇ ਕਿੱਸੇ ਦੀ ਭਾਸ਼ਾ ਫਾਰਸੀ ਤੋਂ ਘੱਟ ਪ੍ਰਭਾਵਿਤ ਹੋਈ ਹੈ। ਸਰਲਤਾ ਇਸ ਵਿਚ ਇਤਨੀ ਹੈ ਕਿ ਆਧੁਨਿਕ ਭਾਸ਼ਾ ਦੇ ਬਹੁਤ ਨੇੜੇ ਹੋ ਗਈ ਹੈ। ਇਸ ਨੇ ਤੁਕਾਂਤ ਦੇ ਮੋਹ ਵਿਚ ਪੈ ਕੇ ਸ਼ਬਦਾਂ ਦੇ ਸਰੂਪ ਨੂੰ ਮੋੜਿਆ, ਤੋੜਿਆ ਅਤੇ ਵਿਗਾੜਿਆ ਨਹੀਂ। ਪੰਜਾਬੀ ਮੁਹਾਵਰੇ ਦੀ ਬੜੀ ਪ੍ਰਵੀਨਤਾ ਨਾਲ ਵਰਤੋਂ ਕੀਤੀ ਹੈ, ਪਰੰਪਰਾ ਅਨੁਸਾਰ ਇਸ ਨੇ ਆਚਰਿਤ੍ਰ ਦੇ ਪ੍ਰਸੰਗ ਵਿਚ ਇਸਤਰੀ ਨਿੰਦਿਆ ਵੀ ਕੀਤੀ ਹੈ।

ਵਾਰਿਸ ਸ਼ਾਹ-ਪੰਜਾਬੀ ਦੇ ਸ਼੍ਰੋਮਣੀ ਕਿੱਸਾਕਾਰ ਸੱਯਦ ਵਾਰਿਸ ਸ਼ਾਹ ਦੇ ਜਨਮ ਅਤੇ ਦੇਹਾਂਤ

ਬਾਰੇ ਕੋਈ ਪ੍ਰਮਾਣਿਕ ਤੱਥ ਪ੍ਰਾਪਤ ਨਹੀਂ ਹਨ। ਪਰ ਇਕ ਇਤਿਹਾਸਕਾਰ ਨੇ ਅਨੁਮਾਨ ਦੇ ਆਧਾਰ ਤੇ ਇਸ ਦੇ ਜਨਮ ਮਰਨ ਦੇ ਬਾਰੇ ਵੱਖ-ਵੱਖ ਤਾਰੀਖਾਂ ਦਿੱਤੀਆਂ ਹਨ। ਪਰ ਡਾ. ਜੀਤ ਸਿੰਘ ਸ਼ੀਤਲ ਨੇ ਇਸ ਸੰਬੰਧੀ ਵਧੇਰੀ ਖੋਜ ਕਰਕੇ ਕਵੀ ਦਾ ਜਨਮ 1725 ਈ. ਵਿਚ ਅਤੇ ਮ੍ਰਿਤੂ 1795 ਈ. ਵਿਚ ਦੱਸੀ ਹੈ। ਇਸ ਦੇ ਪਿਤਾ ਦਾ ਨਾਂ ਕੁਤਬਸਾਰ ਸੀ ਜੋ ਜੰਡਿਆਲਾ ਪਿੰਡ ਦਾ (ਜ਼ਿਲਾ ਸੇਖੂਪੁਰਾ) ਦਾ ਵਸਨੀਕ ਸੀ। ਇਸ ਦੇ ਉਸਤਾਦ ਨਾਂ ਮਖਦੂਮ ਕਸੂਰੀ ਸੀ-

ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ ਤੇ ਸ਼ਾਗਿਰਦ ਮਖਦੂਮ ਕਸੂਰੀ ਦਾ ਈ।

ਗਨੇਸ਼ ਦਾਸ ਵਡਹਿਰਾ ਨੇ ਆਪਣੀ ਪੁਸਤਕ 'ਚਾਰ ਬਾਗਿ ਪੰਜਾਬ' ਵਿਚ ਪਿੰਡ ਦਾ ਨਾਂ ਬੂਚਾਚਠਾ ਲਿਖਿਆ ਹੈ, ਜੋ ਚਨਾਬ ਦਰਿਆ ਦੇ ਕੰਢੇ ਵਸਿਆ ਸੀ। ਪਰ ਉਜੜ ਜਾਣ ਤੋਂ ਬਾਅਦ ਉਸ ਦੀ ਥਾਂ ਚੌਧਰੀ ਗੁਲਾਮ ਮੁਹੰਮਦ ਨੇ ਚੱਠਾ ਕਸਬਾ ਰਸੂਲ ਨਗਰ ਵਸਾਇਆ ਸੀ। ਜੋ ਹੁਣ ਰਾਮ ਨਗਰ ਦੇ ਨਾਂ ਨਾਲ ਪ੍ਰਸਿੱਧ ਹੈ। ਵਾਰਿਸ ਸ਼ਾਹ ਦੇ ਦੋ ਭਰਾ ਵੀ ਦੱਸੇ ਜਾਂਦੇ ਹਨ-ਨਾਦਰ ਸ਼ਾਹ ਅਤੇ ਬਹਾਦਰ ਸ਼ਾਹ। ਕਵੀ ਦੇ ਮਾਤਾ ਪਿਤਾ ਦਾ ਦੇਹਾਂਤ ਉਸ ਦੇ ਬਚਪਨ ਵਿਚ ਹੀ ਹੋ ਗਿਆ। ਇਸ ਲਈ ਸ਼ੁਰੂ ਤੋਂ ਹੀ ਮਾਪਿਆਂ ਦੇ ਪਿਆਰ ਤੋਂ ਉਹ ਵਾਂਝਿਆ ਗਿਆ। ਨਾਲੇ ਸੱਯਦ ਕੁਲ ਨਾਲ ਸੰਬੰਧਿਤ ਹੋਣ ਕਾਰਣ ਉਹ ਕੁਝ ਅਧਿਆਤਮਕ ਰੁਚੀਆਂ ਵਾਲਾ ਸੀ। ਚੜ੍ਹਦੀ ਜਵਾਨੀ ਵਿਚ ਹੀ ਘਰ ਬਾਰ ਦਾ ਤਿਆਗ ਕਰਕੇ ਤੁਰ ਪਿਆ ਅਤੇ ਕਸੂਰ ਵਿਚ ਸੂਫੀਆਂ ਦੇ ਡੇਰੇ ਆ ਗਿਆ-

ਹਥ ਪਕੜ ਜੁੱਤੀ ਮੋਢੇ ਮਾਰ ਬੁਕਲ ਰਾਂਝਾ ਹੋ ਤੁਰਿਆ ਵਾਰਿਸ ਸ਼ਾਹ ਜੇਹਾ।

ਕਸੂਰ ਆ ਕੇ ਉਹ ਹਜ਼ਰਤ ਮਖਦੂਮ ਮੁਰਤਜ਼ਾ ਦਾ ਮਰੀਦ ਬਣ ਗਿਆ। ਇਥੇ ਆ ਕੇ ਉਸ ਨੇ ਆਪਣੇ ਉਸਤਾਦ ਦੀ ਬਹੁਤ ਸੇਵਾ ਕੀਤੀ ਅਤੇ ਤੀਬਰ ਬੁੱਧੀ ਕਾਰਣ ਉਸ ਦੀ ਮਿਹਰ ਦਾ ਪਾਤਰ ਬਣਿਆ। ਇਸ ਕਰਕੇ ਹੋਰ ਮੁਰੀਦ ਉਸ ਨਾਲ ਵੈਰ ਦੀ ਭਾਵਨਾ ਰੱਖਣ ਲੱਗੇ। ਰੁੱਸੜੇ ਹੋਏ ਵਾਤਾਵਰਨ ਵਿਚ ਨਾ ਟਿਕ ਕੇ ਕਵੀ ਪਾਕ-ਪਟਨ ਨੂੰ ਟੁਰ ਪਿਆ ਅਤੇ ਸ਼ੇਖ ਫਰੀਦ ਸ਼ੰਕਰਗਜ ਦੀ ਦਰਗਾਹ ਵਿਚ ਆਤਮਿਕ ਗਿਆਨ ਪ੍ਰਾਪਤ ਕਰਨ ਲਈ ਜਾ ਬਿਰਾਜਿਆ। ਬਾਬਾ ਫ਼ਰੀਦ ਨੂੰ ਸ਼ਰਧਾ ਦੇ ਫੁੱਲ ਚੜ੍ਹਾਂਦਿਆਂ ਕਵੀ ਨੇ ਲਿਖਿਆ ਹੈ-

ਮੌਦੂਦ ਦਾ ਲਾਡਲਾ ਪੀਰ ਚਿਸ਼ਤੀ, ਸ਼ਕਰਗੰਜ ਮਸਊਦ ਭਰਪੂਰ ਹੈ ਜੀ।

ਪਾਕ ਪਟਨ ਤੋਂ ਉਠ ਕੇ ਕਵੀ ਪਿੰਡ ਠਠਾ ਜਾਹਿਦ ਵਿਚ ਚਲਾ ਗਿਆ। ਉਥੇ ਉਸਨੇ ਇਕ ਮਸੀਤ ਵਿਚ ਡੇਰਾ ਲਾਇਆ ਅਤੇ ਇਸਲਾਮ ਧਰਮ ਵਿਚ ਲੋਕਾਂ ਨੂੰ ਪੱਕਾ ਕਰਨ ਦਾ ਉਪਦੇਸ਼ ਦੇਣ ਲੱਗਾ। ਪ੍ਰਸਿੱਧ ਰਵਾਇਤ ਅਨੁਸਾਰ ਉਥੇ ਭਾਗਪਰੀ ਨਾਂ ਦੀ ਇਕ ਜੱਟੀ ਨਾਲ ਕਵੀ ਦਾ

ਇਸ਼ਕ ਹੋ ਗਿਆ। ਪਹਿਲਾਂ ਤਾਂ ਗੱਲ ਲੁੱਕੀ ਰਹੀ, ਪਰ ਆਖਿਰ ਕਦ ਤੱਕ। ਜਦੋਂ ਲੋਕਾਂ ਵਿਚ ਚਰਚਾ ਚਲ ਪਿਆ ਤਾਂ ਕਵੀ ਲੋਕ ਲਾਜ ਦਾ ਮਾਰਿਆ ਉਥੋਂ ਤੁਰ ਪਿਆ ਅਤੇ ਪਾਕ ਪਟਨ ਦੇ ਨੇੜੇ ਪਿੰਡ ਮਲਾਕ ਹਾਂਸ ਜਾ ਡੇਰਾ ਲਾਇਆ। ਇਸ਼ਕ ਦੀ ਚੇਟਕ ਲੱਗ ਚੁੱਕੀ ਸੀ। ਮਲਕਾ ਹਾਂਸ ਪਹੁੰਚ ਕੇ ਵਿਯੋਗ ਦੇ ਸੱਲ ਨੇ ਫਿਰ ਪੀੜ੍ਹ ਜਗ੍ਹਾ ਦਿੱਤੀ ਅਤੇ ਕਵੀ ਨੇ ਆਪਣੇ ਦਿਲ ਵਿਚ ਲੁਕੀ ਗੱਲ ਨੂੰ ਨਸ਼ਰ ਕਰਨ ਲਈ ਹੀਰ ਰਾਂਝੇ ਦਾ ਕਿੱਸਾ ਲਿਖ ਦਿੱਤਾ। ਕਵੀ ਆਪ ਲਿਖਦਾ ਹੈ-

ਤਦੋ ਸ਼ੋਕ ਹੋਇਆ ਕਿੱਸਾ ਜੋੜਨੇ ਦਾ, ਜਦੋਂ ਇਸ਼ਕ ਦੀ ਗੱਲ ਇਜ਼ਹਾਰ ਹੋਈ।

ਵਾਰਿਸ ਨੇ ਹੀਰ ਦੀ ਕਹਾਣੀ ਵਿਚ ਕਈ ਥਾਵਾਂ ਉਤੇ ਤਬਦੀਲੀਆਂ ਲਿਆਂਦੀਆਂ ਅਤੇ ਇਸ ਨੂੰ ਵੱਧ ਤੋਂ ਵੱਧ ਸੋਹਜ ਭਰਪੂਰ ਬਣਾਇਆ। ਵਾਰਿਸ ਦੀ ਹੀਰ ਵਿਚ ਉਸ ਵੇਲੇ ਦੀਆਂ ਸਮਾਜਿਕ, ਧਾਰਮਿਕ, ਰਾਜਨੈਤਿਕ ਅਵਸਥਾਵਾਂ ਦੀ ਵਿਆਖਿਆ ਬੜੀ ਰੀਝ ਨਾਲ ਕੀਤੀ ਹੋਈ ਹੈ। ਪੰਜਾਬ ਵਿਚ ਸਿੱਖ ਗੁਰੂਆਂ ਦੁਆਰਾ ਚਲਾਈ ਜਨਤਕ ਲਹਿਰ ਕਾਰਣ ਵਾਤਾਵਰਣ ਬੜਾ ਅਸੁਰਖਿਅਤ ਸੀ। ਮੁਗ਼ਲ ਰਾਜ ਦੀ ਅਧੋਗਤੀ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ ਅਤੇ ਸਹਿਜੇ ਸਹਿਜੇ ਸ਼ਕਤੀ ਉਨ੍ਹਾਂ ਹੱਥੋਂ ਖੁਸ਼ਦੀ ਜਾ ਰਹੀ ਸੀ। ਵਾਰਿਸ ਦੇ ਕਿੱਸੇ ਵਿਚ ਸਮਾਜ ਦੀਆਂ ਰੀਤਾਂ, ਰਿਵਾਜ਼ਾਂ, ਵਿਆਹ ਸ਼ਾਦੀਆਂ ਦੀਆਂ ਸਾਰੀਆਂ ਕਾਰਵਾਈਆਂ ਦਾ ਬੜਾ ਸਜੀਵ ਚਿੱਤਰ ਮਿਲ ਜਾਂਦਾ ਹੈ। ਅਸਲੋਂ ਵਾਰਿਸ ਦੀ ਹੀਰ ਉਸ ਵੇਲੇ ਦੇ ਪੰਜਾਬ ਦਾ ਬੜਾ ਸੁੰਦਰ ਚਿੱਤਰ ਪੇਸ਼ ਕਰਨ ਵਿਚ ਸਫ਼ਲ ਹੋਈ ਹੈ। ਉਹ ਜਾਗੀਰਦਾਰੀ ਯੁੱਗ ਸੀ। ਉਦੋਂ ਇਸਤਰੀ ਜਾਤੀ ਦੀ ਸਥਿਤੀ ਸੰਤੋਸ਼ ਜਨਕ ਨਹੀਂ ਸੀ। ਕੰਵਾਰੇ ਨੌਜਵਾਨ ਮੁੰਡਿਆਂ ਕੁੜੀਆਂ ਨੂੰ ਪ੍ਰੇਮ ਕਰਨ ਲਈ ਸਮਾਜ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਸੀ। ਨਾ ਹੀ ਉਨ੍ਹਾਂ ਦੇ ਵਿਆਹ ਬਾਰੇ, ਉਨ੍ਹਾਂ ਦੀ ਕਿਸੇ ਇੱਛਾ ਨੂੰ ਮਹੱਤਵ ਦਿੱਤਾ ਜਾਂਦਾ ਸੀ। ਜੋ ਸਮਾਜ ਦੇ ਨਿਯਤ ਕੀਤੇ ਬੰਧਨਾ ਦਾ ਪਾਲਣ ਨਹੀਂ ਕਰਦੇ ਸਨ, ਉਨ੍ਹਾਂ ਦਾ ਅੰਤ ਬੜਾ ਗੰਭੀਰ ਹੁੰਦਾ ਸੀ-

ਵਾਰਿਸ਼ ਸ਼ਾਹ ਮੂਲ ਰੂਪ ਵਿਚ ਸੁੰਦਰਤਾ ਦਾ ਕਵੀ ਹੈ। ਕਵੀ ਸਦਾ ਹੀ ਸੁੰਦਰਤਾ ਦਾ ਖੋਜੀ ਅਤੇ ਉਪਾਸਕ ਹੁੰਦਾ ਹੈ। ਸੱਚ ਪੁਛੋਂ ਤਾਂ ਕਵਿਤਾ ਸੁੰਦਰਤਾ ਦਾ ਹੀ ਪ੍ਰਗਟਾਵਾ ਹੈ। ਵਾਰਿਸ ਸ਼ਾਹ ਖੁੱਲ੍ਹਾ ਡੁਲ੍ਹਾ ਸੂਫੀ ਕਵੀ ਹੈ। ਉਹ ਗੱਲ ਮਜ਼ਾਜ਼ੀ ਇਸ਼ਕ ਦੀ ਕਰਕੇ ਉਸ ਨੂੰ ਫਿਰ ਸਥੂਲ ਦਬੀ ਨਹੀਂ ਕਿਉਂਕਿ ਉਹ ਨਿਰਾ ਪੂਰਾ ਭੇਖੀ ਨਹੀਂ, ਵਾਸਤਵਿਕਤਾ ਉਤੇ ਉਹ ਪਰਦਾ ਨਹੀਂ ਪਾਉਣਾ ਚਾਹੁੰਦਾ। ਤਦੇ ਤਾਂ ਜੋਗੀ ਬਣੇ ਰਾਂਝੇ ਤੋਂ ਵਾਰਿਸ ਸਹਿਤੀ ਨੂੰ ਅਖਵਾਂਦਾ ਹੈ-

ਰਨੇ ਵੇਖਣੀ ਐਬ ਹੈ ਅੰਨ੍ਹਿਆਂ ਨੂੰ, ਰੱਬ ਅੱਖੀਆਂ ਦਿੱਤੀਆਂ ਵੇਖਣੇ ਨੂੰ।
ਸਭ ਖਲਕ ਦਾ ਵੇਖ ਕੇ ਲਉ ਮੁਜਰਾ, ਕਰੇ ਦੀਦਨਾ ਜਗ ਦੇ ਪੇਖਣੇ ਨੂੰ।

ਸਭਾ ਦੀਦ ਮੁਆਫ ਹੈ ਆਸ਼ਕਾਂ ਨੂੰ, ਰਬ ਨੈਣ ਦਿੱਤੇ ਜਗ ਵੇਖਣੇ ਨੂੰ।

ਹੁਸਨ ਦੇ ਕਦਰਦਾਨ ਵਾਰਿਸ ਨੇ ਜ਼ਿਆਦਾ ਜ਼ੋਰ ਹੀਰ ਦੀ ਸੁੰਦਰਤਾ ਨੂੰ ਚਿਤਰਣ ਉੱਤੇ ਲਗਾਇਆ ਹੈ। ਵਾਰਿਸ ਦੀ ਹੀਰ ਹੁਸਨ ਦਾ ਪ੍ਰਤੀਕ ਬਣ ਗਈ ਹੈ। ਜੋ ਹੀਰ ਦੀ ਤਸਵੀਰ ਸ਼ਬਦਾਂ ਰਾਹੀਂ ਵਾਰਿਸ ਨੇ ਖਿਚੀ ਹੈ, ਅਜਿਹਾ ਨਮੂਨਾ ਸਾਹਿਤ ਵਿਚੋਂ ਮਿਲਣਾ ਦੁਰਲਭ ਹੈ। ਵਾਰਿਸ ਦੀ ਹੀਰ ਹੁਸਨ ਦੀ ਹਨੇਰੀ ਹੈ ਜਿਸ ਦੇ ਸਾਹਮਣੇ ਕੋਈ ਠਹਿਰ ਨਹੀਂ ਸਕਦਾ, ਸਭ ਉਡ-ਪੁਡ ਜਾਂਦੇ ਹਨ। ਹੀਰ ਰਾਹੀਂ ਉਸ ਨੇ ਸਮੁੱਚੇ ਪੰਜਾਬ ਦੀ ਸੁੰਦਰਤਾਂ ਨੂੰ ਜਬਾਨ ਦੇ ਦਿੱਤੀ ਹੈ। ਹੀਰ ਦਾ ਅੰਗ-ਪ੍ਰਤਿ-ਅੰਗ ਉੱਤਮ ਹੈ, ਸੁੰਦਰ ਹੈ। ਸੰਸਾਰ ਦੀਆਂ ਸਾਰੀਆਂ ਵਸਤੂਆਂ ਦੇ ਸੁੰਦਰ ਅੰਗਾਂ ਨੂੰ ਇਕੱਠਾ ਕਰਕੇ ਤਿਲੋਤਮਾ ਵਾਂਗ ਬਣੀ ਹੀਰ ਦੀ ਤਸਵੀਰ ਦਾ ਸ਼ਾਹਕਾਰ ਹੈ-

"ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸਿਉਂ ਵਾਲਾਇਤੀ ਸਾਰ ਵਿਚੋਂ।  
ਨਕ ਅਲਫ ਹੁਸੈਨੀ ਦਾ ਪਿਪਲਾ ਸੀ, ਜ਼ੁਲਫ ਨਾਗ ਖਜ਼ਾਨੇ ਦੀ ਬਾਰ ਵਿਚੋਂ।

ਇਸ ਸੁੰਦਰਤਾ ਦੇ ਨਾਲ-ਨਾਲ ਹੀਰ ਦੇ ਬਸਤਰਾਂ ਅਤੇ ਹਾਰ ਸਿੰਗਾਰ ਦੇ ਸਾਮਾਨ ਨੂੰ ਵੀ ਕਵੀ ਨੇ ਬੜੀ ਭਾਵਾਨਮਈ ਸ਼ੈਲੀ ਵਿਚ ਚਿਤਰਿਆ ਹੈ ਅਤੇ ਨਾਲ-ਨਾਲ ਅਲੰਕਾਰਾਂ ਦੇ ਵੀ ਸੁੰਦਰ ਗੁਲਦਸਤੇ ਸਜਾਏ ਹਨ-

ਬੁਕ ਬੁਕ ਮੋਤੀਆਂ ਦੇ ਕੰਨੀ ਛਣਕਦੇ ਸਨ, ਕੋਈ ਰੂਹ ਤੇ ਪਰੀਂ ਦੀ ਸ਼ਾਨ ਦੀ ਸੀ।  
ਕੁੜਤੀ ਸੂਹੀ ਦੀ ਹਿਕ ਦੇ ਨਾਲ ਫਬੀ, ਹੋਸ਼ ਰਹੀ ਨ ਜਿਮੀ ਆਸਮਾਨ ਦੀ ਸੀ।

ਅਸਲੋਂ ਹੀਰ ਦੀ ਉਸਤਤ ਕੀਤੀ ਵੀ ਨਹੀਂ ਜਾ ਸਕਦੀ, ਉਹ ਤਾਂ ਹੁਸਨ ਦਾ ਅਵਤਾਰ ਹੈ। ਉਸ ਨੂੰ ਵੇਖਦਿਆਂ ਹੀ ਦਰਸ਼ਕ ਦੇ ਮਨ ਵਿਚ ਰੂਪ ਦੀ ਬਿਜਲੀ ਚਮਕ ਪੈਂਦੀ ਹੈ, ਉਹ ਸੁਧ ਬੁਧ ਭੁਲ ਕੇ ਵਿਸਮਾਦੀ ਅਵਸਥਾ ਵਿਚ ਆ ਜਾਂਦਾ ਹੈ। ਸਚਮੁਚ ਜਿਸ ਹੀਰ ਦੀ ਜਾਣਕਾਰੀ ਵਾਰਿਸ ਨੇ ਦਿੱਤੀ ਹੈ, ਉਹ ਹੀਰ ਹਜ਼ਾਰਾਂ ਲੱਖਾਂ ਵਿਚ ਪ੍ਰਤੱਖ ਹੈ-

ਕਵੀ ਫ਼ਾਰਸੀ ਦੀ ਕਵਿਤਾ ਅਤੇ ਸਭਿਆਚਾਰ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਸੀ। ਇਸ ਲਈ ਬਹੁਤ ਸਾਰੇ ਅਲੰਕਾਰ ਉਸ ਪਿਛੋਕੜ ਤੋਂ ਲਿਆ ਕੇ ਪਾਠਕਾਂ ਦੇ ਗਿਆਨ ਵਿਚ ਵਾਧਾ ਕੀਤਾ ਹੈ। ਹੀਰ ਦੇ ਹੁਸਨ ਦੇ ਵਰਨਣ ਵੇਲੇ ਅਜਿਹੇ ਅਲੰਕਾਰਾਂ ਤੋਂ ਵਿਸ਼ੇਸ਼ ਲਾਭ ਉਠਾਇਆ ਗਿਆ ਹੈ। ਕਈਆਂ ਥਾਵਾਂ ਤੇ ਕਵੀ ਨੇ ਸ਼ਬਦ-ਅਲੰਕਾਰਾਂ ਦੇ ਮੇਲ ਨਾਲ ਨਾਦ-ਚਿੱਤਰ ਵੀ ਪੇਸ਼ ਕੀਤੇ ਹਨ-

ਮੂੰਹ ਘੁੱਟ ਰਹੇ ਵਾਲ ਪੁਟ ਰਹੇ, ਲਿੰਗ ਕੁਟ ਰਹੇ ਮੈਨੂੰ ਤਾਇਆ ਈ।  
ਜੰਗ ਜੁਟ ਰਹੇ ਝਾਟਾ ਪੁਟ ਰਹੇ, ਅੰਤ ਹੁਣ ਰਹੇ ਗੈਬ ਚਾਇਆ ਈ।

ਵਾਰਿਸ ਨੇ ਪ੍ਰਕ੍ਰਿਤੀ ਦਾ ਚਿਤਰਣ ਵੀ ਬੜੇ ਸਫ਼ਲ ਢੰਗ ਨਾਲ ਕੀਤਾ ਹੈ। ਇਸ ਦੇ ਦੋ ਕਾਰਣ ਸਪੱਸ਼ਟ ਹਨ। ਇਕ ਤਾਂ ਇਹ ਹੈ ਕਿ ਮਨੁੱਖ ਅਤੇ ਪ੍ਰਕ੍ਰਿਤੀ ਦਾ ਬੜਾ ਡੂੰਘਾ ਸੰਬੰਧ ਹੈ। ਜੰਮਣ ਤੋਂ ਲੈ ਕੇ ਮਰਨ ਤਕ ਮਨੁੱਖ ਪ੍ਰਕ੍ਰਿਤੀ ਦੀ ਗੋਦ ਵਿਚ ਖੇਡਦਾ ਹੈ, ਪ੍ਰਕ੍ਰਿਤੀ ਨਾਲ ਮਨੁੱਖ ਦਾ ਇਕ ਭਾਈ ਚਾਰਾ ਹੈ। ਉਸ ਨੂੰ ਖਿੜ੍ਹਿਆਂ ਵੇਖ ਉਹ ਖਿੜ੍ਹਦਾ ਹੈ, ਉਸ ਨੂੰ ਕ੍ਰੋਧਿਤ ਵੇਖ ਕੇ ਉਹ ਸਹਿਮ ਜਾਂਦਾ ਹੈ। ਦੂਜੇ ਹੀਰ ਅਤੇ ਰਾਂਝੇ ਦੀ ਪਿਆਰ ਦੀ ਖੇਡ ਦਾ ਸਾਰਾ ਅਖਾੜਾ ਸਾਰੀ ਰੰਗਸਾਲਾ ਪ੍ਰਕ੍ਰਿਤੀ ਦੀ ਗੋਦ ਵਿਚ ਜਾਂ ਉਸ ਦੇ ਪਿਛੋਕੜ ਉਤੇ ਉਸਾਰੀ ਹੈ, ਫਿਰ ਕਵੀ ਹਿਰਦਾ ਅਤੇ ਖਾਸ ਕਰਕੇ ਵਾਰਿਸ ਵਰਗਾ ਕੋਮਲ ਕਵੀ ਉਸ ਦਾ ਬਿਆਨ ਕੀਤੇ ਬਿਨਾਂ ਕਿਵੇਂ ਰਹਿ ਸਕਦਾ ਹੈ।

ਵਾਰਿਸ ਦੀ ਕਵਿਤਾ ਵਿਚ ਪ੍ਰਵਾਹ ਬਹੁਤ ਅਧਿਕ ਹੈ। ਕਵੀ ਦਾ ਬਿਆਨ ਕਿਤੇ ਰੁਕਦਾ ਨਹੀਂ। ਜੋ ਪ੍ਰਸੰਗ ਛੇੜ ਦਿੱਤਾ, ਉਸ ਲਈ ਨਾ ਉਸ ਪਾਸ ਵਰਨਣ ਦੀ ਘਾਟ ਹੈ, ਨਾ ਤੱਥਾਂ ਦੀ ਅਤੇ ਨਾ ਹੀ ਸ਼ਬਦਾਵਲੀ ਦੀ। ਉਸ ਪਾਸ ਵਿਦਵਤਾ ਹੈ ਅਤੇ ਨਾਲ-ਨਾਲ ਵੇਖਣ ਅਤੇ ਸਮਝਣ ਦੀ ਸ਼ਕਤੀ ਵੀ ਹੈ। ਉਹ ਆਪਣੇ ਅਨੁਭਵ ਨੂੰ ਜਿਤਨੇ ਸਾਹਿਜ ਨਾਲ ਬਿਆਨ ਕਰ ਸਕਿਆ ਹੈ, ਉਹ ਉਸ ਦਾ ਮੀਰੀ ਗੁਣ ਹੈ। ਉਸ ਨੂੰ ਵਰਨਣ ਵੇਲੇ ਕੋਈ ਸੰਗ ਸੰਕੋਚ ਨਹੀਂ, ਗੱਲ ਕਹਿਣ ਦੀ ਉਸ ਵਿਚ ਦਲੇਰੀ ਹੈ ਅਤੇ ਢੁੱਕਵੀਂ ਸ਼ਬਦਾਵਲੀ ਵੀ ਹੈ। ਉਹ ਮੂੰਹ ਆਈ ਗੱਲ ਨੂੰ ਰੋਕਦਾ ਨਹੀਂ, ਕਹਿ ਦਿੰਦਾ ਹੈ। ਅਜਿਹੇ ਕਥਨਾਂ ਵੇਲੇ ਉਹ ਕਈ ਵਾਰ ਅਸ਼ਲੀਲ ਵੀ ਹੋ ਗਿਆ ਹੈ ਪਰ ਉਸ ਦੇ ਅਸ਼ਲੀਲ ਬਿਆਨ ਵਿਚ ਵੀ ਕਵਿਤਾ ਦੇ ਸਾਰੇ ਗੁਣ ਮੌਜੂਦ ਹਨ।

ਵਾਰਿਸ ਦੀ ਹੀਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੀ ਬਲਵਾਨ ਅਤੇ ਜੋਰਦਾਰ ਭਾਸ਼ਾ ਹੈ। ਉਸ ਦੀ ਭਾਸ਼ਾ ਦੀ ਸ਼ਕਤੀ ਉਸ ਦੇ ਅਨੁਭਵ ਦੀ ਵਿਸ਼ਾਲਤਾ ਅਤੇ ਬਿਆਨ ਦੇ ਵਿਸਤਾਰ ਵਿਚ ਲੁਕੀ ਹੋਈ ਹੈ। ਇਹ ਭਾਸ਼ਾ ਗੰਭੀਰ ਨਹੀਂ ਢੁੱਕਵੀ ਹੈ। ਵਾਰਿਸ ਮੁਹਾਵਰਾਬਾਜੀ ਅਤੇ ਅਖੌਤਾਂ ਦੀ ਵਰਤੋਂ ਕਰਨ ਵਿਚ ਬਹੁਤ ਪ੍ਰਵੀਨ ਹੈ। ਜਿਤਨੇ ਅਖੌਤਾਂ ਅਤੇ ਮੁਹਾਵਰੇ ਵਾਰਿਸ ਦੀ ਹੀਰ ਵਿਚ ਮਿਲਦੇ ਹਨ ਇੰਨ੍ਹੇ ਸ਼ਾਇਦ ਹੀ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਇਲਾਵਾ ਹੋਰ ਕਿਧਰੇ ਮਿਲਦੇ ਹੋਣ। ਇਸ ਕਿੱਸੇ ਦੀਆਂ ਬਹੁਤ ਸਾਰੀਆਂ ਪੰਕਤੀਆਂ ਅਤੇ ਖਾਸ ਕਰ ਬੈਂਤਾਂ ਦੇ ਅੰਤ ਦੀਆਂ ਤੁੱਕਾਂ ਸਤਿ-ਕਥਨਾਂ ਜਾਂ ਸੁਭਾਸਿਤਾਂ ਦਾ ਰੂਪ ਧਾਰਨ ਕਰ ਗਈਆਂ ਹਨ:

1. ਵਾਰਿਸ ਸ਼ਾਹ ਨ ਆਦਤਾਂ ਜਾਂਦੀਏ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।
2. ਜਿਹੜੀਆਂ ਲੈਣ-ਉਡਾਰੀ ਨਾਲ ਬਾਜ਼ਾਂ, ਉਹੋ ਬੁਲਬੁਲਾਂ ਥੱਕ ਮਰੀਦੀਆਂ ਨੀ।
3. ਇਹ ਆਸ਼ਕੀ ਵੇਲ ਅੰਗੂਰ ਦੀ ਏ, ਜੜੋ ਪੁੱਟ ਕੇ ਮੂਲ ਨ ਸੁਟੀਏ ਜੀ।

ਵਾਰਿਸ ਦੀ ਭਾਸ਼ਾ ਵਿਚ ਪੱਛਮੀ ਅਤੇ ਕੇਂਦਰੀ ਪੰਜਾਬੀ ਦਾ ਸੁੰਦਰ ਸੁਮੇਲ ਹੋਇਆ ਹੈ। ਪਰ ਇਹਨਾਂ ਦੋਵਾਂ ਵਿਚੋਂ ਕੇਂਦਰੀ ਪੰਜਾਬੀ ਦਾ ਅੰਸ਼ ਜ਼ਿਆਦਾ ਹੈ। ਵਾਰਿਸ ਨੇ ਫ਼ਾਰਸੀ ਸ਼ਬਦਾਵਲੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਪਰ ਹੋਰਨਾਂ ਕਿੱਸਾਕਾਰਾਂ ਵਾਂਗ ਇਹ ਸ਼ਬਦ ਖਟਕਦੇ ਨਹੀਂ ਅਤੇ ਨ ਹੀ ਅਰਥਾਂ ਸੰਬੰਧੀ ਕੋਈ ਔਖਿਆਈ ਆਉਂਦੀ ਹੈ, ਸ਼ਬਦਾਂ ਵਿਚ ਸੰਗੀਤਕ ਅੰਸ਼ ਅਧਿਕ ਹੈ। ਇਸ ਦਾ ਕਾਰਣ ਸ਼ਬਦ ਦੀ ਸੁੰਦਰ ਯੋਜਨਾ ਹੈ।

ਵਾਰਿਸ ਨੇ ਪੰਜਾਬੀ ਦੇ ਸਾਰੇ ਕਿੱਸਕਾਰਾਂ ਨਾਲੋਂ ਜ਼ਿਆਦਾ ਨਾਂ ਖੱਟਿਆ ਹੈ। ਸ਼ਾਇਦ ਹੀ ਇਸ ਦੀ ਹੀਰ ਜਿੰਨ੍ਹਾ ਕੋਈ ਹੋਰ ਕਿੱਸਾ ਪੜ੍ਹਿਆ ਗਿਆ ਹੋਵੇ, ਇਹ ਵਾਰਿਸ ਲਈ ਕੋਈ ਘਟ ਮਾਣ ਦੀ ਗੱਲ ਨਹੀਂ। ਉਹ ਇਕ ਬਹੁਤ ਹੀ ਵਧੀਆ ਗਾਇਕ ਵੀ ਸੀ। ਉਸ ਨੇ ਜਦੋਂ ਪਹਿਲੀ ਵਾਰ ਹੀਰ ਦੀ ਤਰਜ਼ ਕੱਢੀ ਤਾਂ ਲੋਕਾਂ ਨੂੰ ਕੀਲ ਹੀ ਲਿਆ। ਇਹ ਹੀਰ ਪ੍ਰੇਮ ਦੀ ਗੱਲ ਦੇ ਨਾਲ-ਨਾਲ ਪਾਠਕ ਅਤੇ ਸਰੋਤਾਂ ਦੇ ਗਿਆਨ ਵਿਚ ਵਾਧਾ ਵੀ ਕਰਦੀ ਹੈ। ਅਜਿਹੀ ਰਸ ਦੀ ਖ਼ਾਨ 'ਹੀਰ' ਨੂੰ ਕੌਣ ਪਸੰਦ ਨਹੀਂ ਕਰੇਗਾ।

ਵਾਰਿਸ ਸ਼ਾਹ ਸੁਖਨ ਦਾ ਵਾਰਿਸ ਨਿੰਦੇ ਕੌਣ ਉਹਨਾਂ ਨੂੰ। ਹਰਫ ਉਹਦੇ ਤੇ ਉਂਗਲ ਧਰਤੀ ਨਾਹੀਂ ਕਦਰ ਅਸਾਂ ਨੂੰ।

ਹਾਮਦ : ਹੀਰ ਦੇ ਕਿੱਸਾਕਾਰਾਂ ਵਿਚੋਂ ਹਾਮਦ ਦਾ ਨਾਂ ਵੀ ਉਲੇਖਯੋਗ ਹੈ। ਹਾਮਦ ਦਾ ਪੂਰਾ ਨਾਂ ਹਾਮਦ ਸ਼ਾਹ ਅਤੇ ਕੁਲ ਪਰੰਪਰਾ ਤੋਂ ਅਬਾਸੀ ਸੱਯਦ ਸੀ। ਇਸ ਦੇ ਪਿਤਾ ਦਾ ਨਾਂ ਸੱਯਦ ਅਤਾਉਲਾ ਸੀ ਜੋ ਆਪਣੇ ਬਜ਼ੁਰਗਾਂ ਸਹਿਤ ਈਰਾਨ ਤੋਂ ਪੰਜਾਬ ਵਿਚ ਆਇਆ। ਇਸ ਪਰਿਵਾਰ ਦਾ ਪੰਜਾਬ ਵਿਚ ਆਉਣ ਦਾ ਮੁੱਖ ਉਦੇਸ਼ ਧਰਮ ਪ੍ਰਚਾਰ ਸੀ। ਹਾਮਦ ਨੇ ਆਪਣੇ ਜਨਮ ਬਾਰੇ ਆਪ ਜੰਗਿ-ਹਾਮਦ' ਵਿਚ ਲਿਖਿਆ ਹੈ ਕਿ ਜਦੋਂ ਉਹ ਵੀਹਾਂ ਵਰ੍ਹਿਆਂ ਦਾ ਸੀ ਤਾਂ ਉਸ ਨੇ ਇਹ ਰਚਨਾ ਲਿਖਣੀ ਸ਼ੁਰੂ ਕੀਤੀ ਅਤੇ ਦਸਾਂ ਵਰ੍ਹਿਆਂ ਤੋਂ ਬਾਅਦ ਪੂਰੀ ਕੀਤੀ। ਉਦੋਂ ਹਿਜ਼ਰੀ ਦਾ 1191 ਸੰਨ ਸੀ, ਜਿਵੇਂ-

ਹਿਜਰਤ ਬਾਅਦ ਰਸੂਲ ਦੇ ਜਿਸ ਦਿਨ ਥੀਆ ਤਯਾਰ। ਆਹਾ ਸੰਨ ਇਕਾਨਵੇਂ ਇਕ ਸੋ ਇਕ ਹਜ਼ਾਰ।

ਇਸ ਤੋਂ ਸਪੱਸ਼ਟ ਹੈ ਕਿ ਹਾਮਦ ਦਾ ਜਨਮ 1748 ਈ. (1161 ਹਿ.) ਵਿਚ ਹੋਇਆ। ਇਸ ਨੂੰ ਆਪਣੇ ਪਿੰਡ ਚੌਤਾਂ ਤਹਿਸੀਲ ਪਠਾਨਕੋਟ ਵਿਚ ਹੀ ਇਮਾਮ ਦਾ ਕੰਮ ਮਿਲ ਗਿਆ। ਇਹ ਸਦਾ ਮੁਸਲਮਾਨਾਂ ਨੂੰ ਈਨ ਵਿਚ ਪਰਪੱਕ ਹੋਣ ਲਈ ਤਾਕੀਦ ਕਰਦਾ ਸੀ। ਇਸ ਨੇ ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਤੋਂ ਇਲਾਵਾ ਜੋਤਿਸ਼ ਸ਼ਾਸਤਰ ਦਾ ਵੀ ਕੁਝ ਗਿਆਨ ਪ੍ਰਾਪਤ ਕੀਤਾ। ਇਸ

ਦੀਆਂ ਕੁਝ ਕੁ ਰਚਨਾਵਾਂ ਦੇ ਨਾਂ ਇਸ ਪ੍ਰਕਾਰ ਹਨ-ਜੰਗ-ਹਾਮਦ, ਅਖਬਾਰਿ-ਹਾਮਦ, ਹੀਰ ਹਾਮਦ, ਗੁਲਜਾਰ ਹਾਮਦ, ਤਫਸੀਰ ਹਾਦਮ ਅਤੇ ਫਕਰਨਾਮਾ ਹਾਮਦ। ਇਹਨਾਂ ਵਿਚੋਂ ਬਹੁਤੀਆਂ ਕਿਰਤਾਂ ਦਾ ਸੰਬੰਧ ਇਸਲਾਮ ਧਰਮ ਅਤੇ ਉਸ ਦੀ ਰਹਿਤ ਬਹਿਤ ਨਾਲ ਹੈ। ਪਰ ਇਸ ਦੀ ਸਾਹਿਤਿਕ ਦ੍ਰਿਸ਼ਟੀ ਤੋਂ ਪ੍ਰਸਿੱਧ ਰਚਨਾ ਹੈ 'ਹੀਰ'।

ਹਾਮਦ ਨੇ ਆਪਣੀ 'ਹੀਰ' ਦੀ ਰਚਨਾ ਦਾ ਆਰੰਭ ਸੰਨ 1783 ਈ. ਵਿਚ ਕੀਤਾ ਅਤੇ ਇਸ ਨੂੰ 1805 ਈ. ਵਿਚ ਪੂਰਾ ਕੀਤਾ। ਇਸ ਤਰ੍ਹਾਂ ਹਾਮਦ ਨੂੰ ਹੀਰ ਲਿਖਣ ਵਿਚ 22 ਵਰ੍ਹੇ ਲੱਗੇ। ਅਸਲ ਵਿਚ ਇਸ ਨੇ ਹੀਰ ਦੇ ਕਿੱਸੇ ਸੰਬੰਧੀ ਚੰਗਾ ਗਿਆਨ ਪ੍ਰਾਪਤ ਕਰ ਕੇ ਹੀ ਲਿਖਣਾ ਸ਼ੁਰੂ ਕੀਤਾ। ਇਹ ਨਾਲ-ਨਾਲ ਲਿਖਦਾ ਵੀ ਸੀ ਅਤੇ ਪਹਿਲੇ ਭਾਗਾਂ ਦੀ ਸੋਧ ਵੀ ਕਰਦਾ ਜਾਂਦਾ ਸੀ। ਕਿੱਸੇ ਦੀ ਅੰਦਰਲੀ ਗਵਾਹੀ ਤੋਂ ਪ੍ਰਤੀਤ ਹੁੰਦਾ ਹੈ ਕਿ ਹਾਮਦ ਆਪਣੇ ਤੋਂ ਪਹਿਲਾਂ ਹੋਏ ਹੀਰਕਾਰਾਂ ਤੋਂ ਸੰਤੁਸ਼ਟ ਨਹੀਂ ਸੀ। ਇਸ ਨੇ ਹਰ ਇਕ ਵਿਚ ਕੋਈ ਨ ਕੋਈ ਦੋਸ਼ ਪ੍ਰਗਟ ਕੀਤਾ ਹੈ:

ਕਿੱਸਾ ਹੀਰ ਤੇ ਰਾਂਝੇ ਦਾ ਸ਼ਾਇਰਾਂ ਨੇ, ਬਹੁਤਾ ਵਿਚ ਪੰਜਾਬ ਬਣਾਇਆ ਹੈ।
ਇਕ ਚਾਲ ਨਾਹੀਂ ਰੰਗਾਂ ਰੰਗ ਕਿੱਸਾ, ਮੂਲ ਕਥਾ ਦਾ ਅੰਤ ਨਾ ਪਾਇਆ ਹੈ।
ਅਹਿਮਦ ਹੋਰ ਕਿਹਾ ਮੁਕਬਲ ਹੋਰ ਆਖੇ, ਬਾਗਾ ਕਾਦਰੀ ਹੋਰ ਸੁਣਾਇਆ ਹੈ।
ਰਾਮਾ ਅਤੇ ਗੁਰਦਾਸ ਕੁਝ ਹੋਰ ਆਖਣ, ਸਭ ਸ਼ਾਇਰਾਂ ਜ਼ੋਰ ਲਗਾਇਆ ਹੈ।

ਹਾਮਦ ਪਹਿਲਾ ਕਵੀ ਹੈ ਜਿਸ ਨੇ ਆਪਣੇ ਤੋਂ ਪਹਿਲਾਂ ਹੋਏ ਹੀਰ-ਕਾਰਾਂ ਦਾ ਉਲੇਖ ਕੀਤਾ ਹੈ। ਅਹਿਮਦ ਗੁਜਰ, ਮੁਕਬਲ ਅਤੇ ਗੁਰਦਾਸ ਦੀਆਂ ਹੀਰਾਂ ਤਾਂ ਮਿਲਦੀਆਂ ਹਨ, ਪਰ ਬਾਗੇ ਕਾਦਰੀ ਅਤੇ ਰਾਮੇ ਦੀਆਂ ਹੀਰਾਂ ਹੁਣ ਪ੍ਰਾਪਤ ਨਹੀਂ ਹਨ। ਆਪਣਾ ਕਿੱਸਾ ਲਿਖਣ ਵਲ ਵੀ ਹਾਮਦ ਨੇ ਸੰਕੇਤ ਕੀਤਾ ਹੈ। ਉਸ ਨੂੰ ਹੀਰ ਦੇ ਕਿੱਸੇ ਤੋਂ ਚਿੜ ਸੀ। ਉਹ ਹੀਰ ਬਾਰੇ ਕੋਈ ਗਲ ਸੁਣਨ ਲਈ ਤਿਆਰ ਨਹੀਂ ਸੀ ਸਗੋਂ ਗਾਲਾਂ ਦੇਂਦਾ ਸੀ। ਇਹ ਕਿਹਾ ਜਾਂਦਾ ਹੈ ਕਿ ਇਕ ਵਾਰ ਉਹ ਨੂਰਪੁਰੋਂ ਦੱਖਣ ਵਲ ਜਾ ਰਿਹਾ ਸੀ। ਦਿਨ ਡੁੱਬ ਰਿਹਾ ਸੀ। ਅਚਾਨਕ ਜਾਂਦੇ ਨੂੰ ਬਿਜਲੀ ਵਾਂਗ ਚਮਕਦੀਆਂ ਦੋ ਸੂਰਤਾਂ ਦਿੱਸੀਆ। ਡਰੇ ਹੋਏ ਹਾਮਦ ਨੇ ਪੈਰ ਜਮਾ ਕੇ ਤਲਵਾਰ ਖਿਚ ਲਈ-

ਪੈਰੀ ਆਪਣੀ ਖੜਾ ਹੋ ਗਿਆ ਉਥੇ, ਲਈ ਧੂ ਮੈਂ ਹੱਥ ਤਲਵਾਰ ਜਾਣੋਂ।
ਕਹਿੰਦੇ ਏਸ ਕਿਉ ਧੂ ਤਲਵਾਰ ਕੱਢੀ, ਹਸ ਬੋਲੇ ਹੀ ਦੋਵੇਂ ਯਾਰ ਜਾਣੋਂ।
ਨਿਤ ਜੀਭ ਤਲਵਾਰ ਚਲਾਉਂਦਾ ਹੈ, ਸਾਨੂੰ ਦੇਣ ਗਾਲੀ ਇਹਦੀ ਕਾਰ ਜਾਣੋਂ।
ਬੁਰੇ ਭਲੇ ਦਾ ਰੱਬ ਨਿਆਉ ਕਰਦਾ, ਕਿਨੀ ਨਾਲ ਸਾਡੇ ਬਦੀ ਖਾਰ ਜਾਣੋਂ।

ਜਦੋਂ ਇਹ ਗਲ ਹਾਮਦ ਸੁਣੀ ਤਾਂ ਹੈਰਾਨ ਹੋ ਗਿਆ। ਤੁਰੰਤ ਸੰਭਲ ਕੇ ਪੁੱਛਣ ਲੱਗਾ, ਤੁਸੀਂ ਕੌਣ ਹੋ ਅਤੇ ਕਿੱਥੇ ਦੇ ਰਹਿਣ ਥੀਣ ਵਾਲੇ ਹੋ? ਇਹ ਸੁਣ ਕੇ ਦੋਵੇ ਵਾਰੋ ਵਾਰੀ ਬੋਲ ਪਏ :

ਇਕ ਵਾਜ ਹੋਈ ਮੈਂ ਹਾਂ ਸਿਆਲਾਂ ਦੀ ਧੀ, ਜਿਸ ਨੂੰ ਦਿੱਤੀ ਤੂੰ ਗਾਲ ਹਜਾਰ ਭਾਈ।
ਦੂਜੇ ਕਿਹਾ ਮੈਂ ਤਖ਼ਤ ਹਜਾਰਿਓ ਹਾਂ, ਜਗਤ ਨਾਲ ਨਾਹੀ ਸਾਨੂੰ ਕਾਰ ਭਾਈ।

ਇੰਨੀ ਗੱਲ ਸੁਣਦਿਆਂ ਹੀ ਹਾਮਦ ਦਾ ਮਨ ਬਦਲ ਗਿਆ। ਹੀਰ ਦੇ ਕਿੱਸੇ ਵਿਚਲੀ ਦੁਰਗੰਧ ਸੁਗੰਧ ਵਿਚ ਬਦਲ ਗਈ। ਉਨ੍ਹਾਂ ਦੇ ਪਿਆਰ ਨੂੰ ਉਸ ਨੇ ਜਿੰਨਸੀ ਹੱਦਾਂ ਤੋਂ ਪ੍ਰਗਿਆ ਹੋਇਆ ਵੇਖਿਆ ਅਤੇ ਸ਼ਰਧਾ ਵਜੋਂ ਕਿੱਸਾ ਲਿਖ ਕੇ ਆਪਣਾ ਫਰਜ ਨਿਭਾਣ ਲੱਗਾ।

**ਚਿਰਾਗ ਆਵਾਣ** : ਇਹ ਪਿੰਡ ਖੇਟੜ ਜ਼ਿਲਾ ਡੇਰਾ ਗਾਜੀ ਖਾਂ (ਹੁਣ ਪਾਕਿਸਤਾਨ) ਦਾ ਰਹਿਣ ਵਾਲਾ ਸੀ। ਸੰਨ 1667 ਈ. (1080 ਹਿ.) ਵਿਚ ਇਸ ਦਾ ਜਨਮ ਆਵਾਣਾ ਦੇ ਘਰ ਹੋਇਆ। ਇਸ ਦਾ ਪੂਰਾ ਨਾਂ ਚਿਰਾਗਦੀਨ ਸੀ ਅਤੇ ਉਪਨਾਮ ਵਜੋਂ ਇਹ ਆਪਣੇ ਆਪ ਨੂੰ 'ਚਿਰਾਗ' ਲਿਖਦਾ ਸੀ। ਕਹਿੰਦੇ ਹਨ ਇਸ ਨੇ ਔਰੰਗਜ਼ੇਬ ਦੇ ਪੁੱਤਰ ਸਹਿਜਾਦਾ ਮੁਅਜਮ ਬਹਾਦਰ ਸ਼ਾਹ ਦੀ ਪ੍ਰੇਰਣਾ ਤੇ ਹੀਰ ਰਾਂਝੇ ਦਾ ਕਿੱਸਾ 1709-1710 ਈ. (1121 ਹਿ.) ਵਿਚ ਲਿਖਿਆ। ਇਸ ਦੇ ਕਿੱਸੇ ਵਿੱਚ ਲਹਿੰਦੀ ਉਪ-ਭਾਸ਼ਾ ਦਾ ਅੰਸ਼ ਅਧਿਕ ਹੈ। ਸ਼ਾਇਦ ਇਸੇ ਕਰ ਕੇ ਇਹ ਬਹੁਤਾ ਪ੍ਰਸਿੱਧ ਨਹੀਂ ਹੋ ਸਕਿਆ। ਅਰਬੀ ਫ਼ਾਰਸੀ ਦੀ ਸ਼ਬਦਾਵਲੀ ਵੀ ਆਮ ਵਰਤੀ ਗਈ ਹੈ। ਇਸ ਨੇ ਇਸ ਕਾਲ ਦੇ ਬਾਕੀ ਕਿੱਸਾਕਾਰਾਂ ਵਾਂਗ ਬੈਂਤ ਛੰਦ ਨਹੀਂ ਵਰਤਿਆ, ਸਗੋਂ ਦਵੈਯੇ ਛੰਦ ਵਿਚ ਆਪਣੇ ਭਾਵਾਂ ਨੂੰ ਪ੍ਰਗਟਾਇਆ ਹੈ। ਉਂਜ ਇਹ ਕਿੱਸਾ ਕਾਵਿ ਦ੍ਰਿਸ਼ਟੀ ਤੋਂ ਸਰਲ ਅਤੇ ਸੰਪੂਰਣ ਰਚਨਾ ਕਹੀ ਜਾ ਸਕਦੀ ਹੈ। ਇਸ ਦਾ ਬ੍ਰਿਤਾਂਤ ਬੜਾ ਸੰਖਿਪਤ ਹੈ। ਦਮੋਦਰ ਵਾਂਗ ਇਸ ਨੇ ਵੀ ਉਸ ਵੇਲੇ ਦੀਆਂ ਅਵਸਥਾਵਾਂ ਅਤੇ ਸਭਿਆਚਾਰ ਦਾ ਵਿਵਰਣ ਦਿੱਤਾ ਹੈ। ਹੀਰ ਦੀ ਖੇੜੇ ਨਾਲ ਹੋਈ ਸ਼ਾਦੀ ਦਾ ਵਰਨਣ ਕਵੀ ਇਸ ਪ੍ਰਕਾਰ ਕਰਦਾ ਹੈ :

ਵਕਤ ਸੁਬ ਪਰਭਾਤ ਨੂਰਾਨੀ ਪੜਿਆ ਵਿਆਹ ਮਸਤਾਜੀ।
ਮੱਲ ਖੁਰੇ ਖਿਨ ਮੱਲ ਫਟੇ ਤਨ ਖਾਨ ਸਿਆਲ ਨਿਆਜ਼ੀ।
ਸ਼ਾਦੀ ਵਿਚ ਮੁਬਾਰਕਬਾਦੀ ਖੇੜੇ ਝਲਣ ਭਰਾਜੀ।
ਦੇਖ ਚਰਾਗਾ ਘਰਾਂ ਦੀ ਸ਼ਾਦੀ ਫਲਕ ਕਰੇਂਦਾ ਬਾਜੀ।

**ਆਡਤ ਕਵੀ** : ਇਸ ਕਵੀ ਦੇ ਜੀਵਨ ਸੰਬੰਧੀ ਕੋਈ ਜਾਣਕਾਰੀ ਨਹੀਂ ਮਿਲਦੀ। ਡਾ. ਮੋਹਨ ਸਿੰਘ ਨੇ ਆਪਣੀ ਇਤਿਹਾਸ ਦੀ ਪੁਸਤਕ ਵਿਚ ਇਸ ਨੂੰ ਮੁਸਲਮਾਨ ਕਵੀ ਮੰਨਦੇ ਹੋਇਆ ਦੱਸਿਆ ਹੈ ਕਿ ਇਸ ਨੇ ਸੰਨ 1711/12 ਈ. (1123 ਹਿ.) ਵਿਚ ਸੱਸੀ ਪੁੰਨੂੰ ਦੀ ਪ੍ਰੇਮ ਕਹਾਣੀ ਨੂੰ ਪਹਿਲੀ ਵਾਰ ਪੰਜਾਬ ਵਿਚ ਲਿਖਿਆ। ਉਹ ਅਸਲੋਂ ਆਡਤ ਹੀ ਹੈ। ਆਡਤ ਦੀਆਂ ਦੋ ਰਚਨਾਵਾਂ ਮਿਲਦੀਆਂ ਹਨ-'ਇਕ ਦੋਹੜੇ ਸੱਸੀ ਪੁਨੂੰ' ਕੇ ਜਿਸ ਵਿਚ 90 ਬੰਦ ਹਨ ਅਤੇ ਦੂਜੀ

'ਮਾਝਾਂ ਸੱਸੀ ਪੁਨੂੰ ਦੀਆਂ ਜਿਸ ਵਿਚ ਕੁਲ 13 ਬੰਦ ਹਨ। ਦਮੋਦਰ ਤੋਂ ਬਾਅਦ ਆਡਤ ਨੇ ਲਹਿੰਦੀ ਵਿਚ ਕਵਿਤਾ ਲਿਖ ਕੇ ਇਸ ਉਪਭਾਸ਼ਾ ਦਾ ਗੌਰਵ ਵਧਾਇਆ। ਉਸ ਉਤੇ ਅਰਬੀ ਫ਼ਾਰਸੀ ਦਾ ਵੀ ਬਹੁਤ ਪ੍ਰਭਾਵ ਹੈ। ਅਠਾਰਵੀਂ ਸਦੀ ਦੇ ਆਰੰਭ ਵਿਚ ਉਸ ਨੇ ਸੱਸੀ ਪੁੰਨੂੰ ਦੀ ਜਿਸ ਪ੍ਰੇਮ ਕਹਾਣੀ ਨੂੰ ਪੰਜਾਬੀ ਵਿਚ ਲਿਖਿਆ ਉਸੇ ਨੂੰ ਹੀ ਅੱਗੇ ਹਾਸ਼ਮ ਨੇ ਆਪਣੇ ਸੋਜ਼ ਭਰੇ ਬਿਆਨ ਨਾਲ ਚਮਕਾ ਦਿੱਤਾ ਅਤੇ ਹੀਰ ਦੇ ਕਿੱਸੇ ਵਾਂਗ ਕਿੱਸਿਆਂ ਦੀ ਮੂਹਰਲੀ ਕਤਾਰ ਵਿਚ ਆ ਖਲੋਤਾ। ਸੰਖੇਪਤਾ ਇਸ ਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਹੈ, ਪਰ ਬਿਆਨ ਬੜਾ ਸਿਧਾ ਸਾਦਾ ਅਤੇ ਜਨ-ਜੀਵਨ ਦੇ ਬਹੁਤ ਨੇੜੇ ਹੈ। ਭਰਾਵਾਂ ਦੁਆਰਾ ਪੁੰਨੂ ਨੂੰ ਸ਼ਰਾਬ ਦੇ ਨਸ਼ੇ ਵਿਚ ਧੋਖੇ ਨਾਲ ਖਿਸਕਾ ਕੇ ਲੈਣ ਜਾਣ ਦਾ ਅਹਿਸਾਸ ਸੱਸੀ ਨੂੰ ਉਦੋਂ ਹੋਇਆ ਜਦੋਂ ਉਹ ਸਵੇਰੇ ਜਾਗੀ ਅਤੇ ਪੁੰਨੂੰ ਦੀ ਸੇਜ ਸੱਖਣੀ ਵੇਖੀ। ਉਸ ਦੇ ਮਨ ਦੀ ਉਦੋਂ ਦੀ ਅਵਸਥਾ ਨੂੰ ਕਵੀ ਨੇ ਇੰਜ ਚਿਤਰਿਆ ਹੈ :

ਮੈਂ ਕੁ ਖਬਰ ਨ ਹੋਈ ਭੋਰਾ, ਹੋਤ ਡਿਵਾਲੇ ਆਏ।
ਪਿਲਵਾਇ ਸ਼ਰਾਬ ਕੀਤੇ ਨੇ ਖੀਵਾ, ਰਾਤੀ ਘਿਣ ਸਿਧਾਏ।
ਸੁੰਝੀ ਨਿੰਦੂ ਅਵੇਰੀ ਆਈ, ਮੈਂ ਨੂੰ ਕੌਣ ਜਗਾਏ।
ਆਡਤ ਉਠਿ ਕਰਾਹੂ ਡੇਖੋ, ਪੁਨਣ ਨਜਰ ਨ ਆਏ।

**ਸਦੀਕ ਲਾਲੀ** : ਇਸ ਕਵੀ ਦਾ ਲਿਖਿਆ "ਯੂਸਫ਼ ਜ਼ੁਲੇਖਾਂ" ਨਾਂ ਦਾ ਕਿੱਸਾ ਮਿਲਦਾ ਹੈ। ਇਹ ਕਵੀ ਕੌਣ ਸੀ। ਇਸ ਬਾਰੇ ਬਹੁਤੀ ਵਾਕਫੀ ਨਹੀਂ ਮਿਲਦੀ। ਇਤਨਾ ਪਤਾ ਲੱਗਦਾ ਹੈ ਕਿ ਇਹ ਲਾਲੀਆਂ ਨਾਂ ਦੇ ਪਿੰਡ ਦਾ ਵਸਨੀਕ ਸੀ ਜੋ ਜ਼ਿਲਾ ਝੰਗ (ਪੱਛਮੀ ਪੰਜਾਬ) ਦੀ ਚਨਿਊਟ ਤਹਿਸੀਲ ਵਿਚ ਹੈ। ਇਸ ਦਾ ਪੂਰਾ ਨਾਂ ਮੁਹੰਮਦ ਸਦੀਕ ਸੀ ਅਤੇ ਉਪਨਾਮ ਵਜੋਂ ਸਦੀਕ ਹੀ ਲਿਖਦਾ ਸੀ। ਇਸ ਦੇ ਕਿੱਸੇ ਦੇ ਇਕ ਅੰਦਰਲੇ ਪ੍ਰਮਾਣ ਅਨੁਸਾਰ ਉਸ ਨੇ ਇਹ ਕਿੱਸਾ ਜਦੋਂ ਲਿਖਿਆ ਉਦੋਂ ਮੁਹੰਮਦ ਸ਼ਾਹ ਚੌਗੇਤ ਨੂੰ ਦਿੱਲੀ ਦੇ ਤਖ਼ਤ ਉੱਤੇ ਬੈਠਿਆਂ 7 ਵਰ੍ਹੇ ਹੋ ਗਏ ਸਨ। ਇਸ ਹਿਸਾਬੋਂ ਇਹ 1726 (1138 ਹਿ.) ਦੇ ਨੇੜੇ ਤੇੜੇ ਦੀ ਰਚਨਾ ਬਣਦੀ ਹੈ। ਕਵੀ ਦੀ ਬੋਲੀ ਲਹਿੰਦੀ ਦੇ ਰੰਗ ਵਾਲੀ ਹੈ। ਅਰਬੀ ਫਾਰਸੀ ਦੇ ਸ਼ਬਦਾਵਲੀ ਦੀ ਆਮ ਵਰਤੀ ਗਈ ਹੈ। ਇਸ ਕਿੱਸੇ ਦਾ ਬ੍ਰਿਤਾਂਤ ਬੜਾ ਸੰਖੇਪ ਹੈ ਅਤੇ ਸ਼ੈਲੀ ਬੜੀ ਸਿਧੀ ਸਾਦੀ ਅਤੇ ਆਮ ਜੀਵਨ ਨਾਲ ਸੰਬਧਿਤ ਹੈ। ਅਹਿਮਦਯਾਰ ਨੇ ਪੂਰਵ ਵਰਤੀ ਕਿੱਸਾਕਾਰਾਂ ਬਾਰੇ ਆਪਣੀ ਆਲੋਚਨਾਤਮਕ ਟਿੱਪਣੀਆਂ ਵਿਚ ਇਸ ਦੀ ਕੋਈ ਖ਼ਾਸ ਤਾਰੀਫ ਨਹੀਂ ਕੀਤੀ। ਇਸਲਾਮੀ ਮਿਥਿਹਾਸ ਦੀ ਇਸ ਪ੍ਵਿਤ ਕਥਾ ਨੂੰ ਚਿਤਰਣ ਦੇ ਸੰਬੰਧ ਵਿਚ ਕਵੀ ਇੰਜ ਲਿਖਦਾ ਹੈ :

ਕਿੱਸਾ ਇਸ਼ਕ ਮੁਹੱਬਤ ਵਾਲਾ, ਆਪ ਇਲਾਹੀ ਚੁਣਿਆ।
ਹਾਲ ਰਬੀਬਾਂ ਤੇ ਮਹਿਬੂਬਾ, ਕੁਲ ਆਲਮ ਵਿਚ ਸੁਣਿਆ।

ਜਾਰ ਅਜਲ ਦੀ ਰਾਗ ਉਠਾਇਆ, ਕੰਨ ਪਿਆ ਮੁਸਤਾਕਾਂ।
ਮਸਤ ਪਿਆਲਾ ਦਿਲਬਰ ਵਾਲਾ, ਪੀ ਸੁਟੇ ਵਿਚ ਖਾਕਾਂ।

**ਸੁੰਦਰਦਾਸ ਆਰਾਮ** : ਇਸ ਕਵੀ ਦਾ ਪੂਰਾ ਨਾ ਸੁੰਦਰਦਾਸ ਸੀ ਅਤੇ ਆਰਾਮ ਇਸ ਦਾ ਉਪਨਾਮ ਸੀ। ਇਸ ਦੇ ਪਿਤਾ ਦਾ ਨਾਂ ਸੀਤਾ ਰਾਮ ਸੀ ਅਤੇ ਇਹ ਮੀਰ ਮੰਨੂ ਦੇ ਵੇਲੇ ਝੰਗ ਦੇ ਇਲਾਕੇ ਵਿਚ ਮੀਰ ਮੁਨਸ਼ੀ ਸੀ। ਇਸ ਦੇ ਜੰਮਣ-ਮਰਨ, ਕੁਲ ਪਰੰਪਰਾ ਅਤੇ ਨਿਵਾਸ ਸਥਾਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਨੇ ਸੱਸੀ ਪੁਨੂੰ ਦਾ ਕਿੱਸਾ ਮਸ਼ਨਵੀ ਸ਼ੈਲੀ ਵਿਚ 1757 ਈ. (1172 ਹਿ.) ਵਿਚ ਲਿਖਿਆ ਹੈ। ਇਸ ਨਿੱਕੀ ਜਿਹੀ ਰਚਨਾ ਨੂੰ ਕਵੀ ਨੇ ਪੰਜ ਨਦਾਂ ਅਰਥਾਤ ਭਾਗਾਂ ਵਿਚ ਵੰਡਿਆ ਹੈ ਅਤੇ ਇਸ ਦੇ ਅਖੀਰ ਉੱਤੇ 28 ਬੰਦਾਂ ਦੀ ਇਕ ਸੀਹਰਫੀ ਲਿਖੀ ਹੈ। ਇਸ ਦੇ ਫਾਰਸੀ ਵਿਚ ਲਿਖੇ ਕਿੱਸੇ ਵੀ ਮਿਲਦੇ ਹਨ। ਸੱਸੀ ਦੀ ਸੁੰਦਰਤਾ ਦੇ ਵਰਨਣ ਦੀ ਇਕ ਵੰਨਗੀ ਵੇਖੋ-

ਆਖਣ ਐਸੀ ਹੁਸਨ ਦੀ ਮੂਰਤ ਦੁਨੀਆਂ ਵਿਚ ਨ ਕਾਈ।
ਰਬ ਨੇ ਹੂਰ ਬਹਿਸ਼ਤ ਦੀ ਸਾਨੂੰ ਕਰਕੇ ਲੁਤਫ਼ ਭਿਜਾਈ।
ਆਪ ਜੇ ਲੁਤਫਿ ਕਰਮ ਤੇ ਆਵੇ ਖਰਿਓ ਬੂਦ ਵਸਾਂਦਾ।
ਸੁਕੇ ਬਨ ਆ ਕਰ ਹਰਿਆਵਲ ਮੇਲੇ ਨਾਲ ਲਗਾਂਦਾ।

**ਅਬਦੁਲ ਹਕੀਮ** : ਇਸ ਦਾ ਜਨਮ ਬਹਾਵਲਪੁਰ ਰਿਆਸਤ ਵਿਚ ਸੰਨ 1747 ਈ. (1160 ਹਿ.) ਵਿਚ ਹੋਇਆ। ਉਦੋਂ ਨਵਾਬ ਬਾਹਵਲ ਖਾਂ ਦੀ ਹਕੂਮਤ ਸੀ। ਇਹ ਪਿੰਡ ਉਚ-ਸ਼ਰੀਫ ਦੇ ਮਦਰਸੇ ਵਿਚ ਮੁੰਡਿਆਂ ਨੂੰ ਪੜ੍ਹਾ ਕੇ ਆਪਣਾ ਜੀਵਨ ਨਿਰਵਾਹ ਕਰਦਾ ਸੀ। ਇਸ ਦੀ ਇਕੋ ਇਕ ਰਚਨਾ "ਯੂਸਫ਼ ਜੁਲੇਖਾ" ਮਿਲਦੀ ਹੈ ਜੋ ਸੰਨ 1218 ਵਿਚ ਰਚੀ ਗਈ ਹੈ। ਕਿੱਸੇ ਦੀ ਅੰਦਰਲੀ ਗਵਾਹੀ ਦੇ ਆਧਾਰ ਤੇ ਕਵੀ ਉਦੋਂ ਬਿਰਧ ਅਵਸਥਾ ਵਿਚ ਪ੍ਰਤੀਤ ਹੁੰਦਾ ਹੈ। ਇਸ ਦੇ ਕਿੱਸੇ ਦਾ ਆਧਾਰ ਸੂਫੀ ਕਵੀ ਜਾਮੀ ਦੀ ਰਚਨਾ 'ਯੂਸਫ਼ ਜੁਲੇਖਾ' ਹੈ ਕਿਉਂਕ ਇਸ ਦਾ ਵਿਸ਼ਾ ਵਸਤੂ ਅਤੇ ਉਸ ਦਾ ਨਿਭਾ ਜਾਮੀ ਦੇ ਕਿੱਸੇ ਨਾਲ ਮੇਲ ਖਾਂਦਾ ਹੈ। ਛੰਦ ਵੀ ਇਸ ਦਾ ਨਵਾਂ ਹੈ। ਛੰਦ ਪੱਖੋਂ ਵੀ ਕਵੀ ਜਾਮੀ ਦਾ ਰਿਣੀ ਪ੍ਰਤੀਤ ਹੁੰਦਾ ਹੈ। ਇਸ ਦਾ ਕਿੱਸਾ ਭਾਵੇਂ ਲਹਿੰਦੀ ਵਿਚ ਲਿਖਿਆ ਹੈ, ਪਰ ਇਸ ਉਤੇ ਅਰਬੀ ਫਾਰਸੀ ਦਾ ਅਧਿਕ ਪ੍ਰਭਾਵ ਹੈ। ਕੁਝ ਇਸ ਲਈ ਕਿ ਇਸ ਕਿੱਸੇ ਦਾ ਸੰਬੰਧ ਹੀ ਫਾਰਸ਼ੀ ਭਾਸ਼ਾ ਵਾਲੇ ਸਭਿਆਚਾਰ ਨਾਲ ਹੈ ਅਤੇ ਦੂਜਾ ਕਵੀ ਆਪ ਅਰਬੀ ਫਾਰਸੀ ਦਾ ਵਿਦਵਾਨ ਸੀ। ਪਰ ਇਸ ਕਿੱਸੇ ਨੂੰ ਪੰਜਾਬੀ ਰੰਗ ਦੇਣ ਲਗਿਆਂ ਉਸ ਵਿਚ ਕਥਨ ਦਾ ਕੋਈ ਚਮਤਕਾਰ ਨਹੀਂ ਹੈ। ਇਸ ਦੇ ਪ੍ਰਕ੍ਰਿਤੀ-ਚਿਤਰਣ ਦੀ ਇਕ ਵੰਨਗੀ ਵੇਖੋ :

ਜਦੋਂ ਕਾਂ ਰਾਤ ਦੇ ਪਰਵਾਜ ਕੀਤਾ।
ਫ਼ਜਰ ਵੇਲੇ ਕੁਕੜ ਅਵਾਜ ਕੀਤਾ।
ਹੋਇਆ ਆਵਾਜ ਖੁਸ਼ ਉਹ ਬੁਲਬਲਾਂ ਦਾ।
ਪਿਛੇ ਜ਼ਾਹਿਰ ਹੋਇਆ ਜਲਵਾ ਗੁਲਾਂ ਦਾ।

**ਬਿਹਬਲ :** ਇਸ ਕਵੀ ਦਾ ਜਨਮ ਸੰਨ 1752 ਈ. (1165 ਹਿ.) ਦੇ ਨੇੜੇ ਤੇੜੇ ਹੋਇਆ ਦੱਸਿਆ ਜਾਂਦਾ ਹੈ। ਇਹ ਫਤਹਿ ਅਲ੍ਹਾ ਚਿਸ਼ਤੀ ਦਾ ਮੁਰੀਦ ਅਤੇ ਲਾਹੌਰ ਦਾ ਵਸਨੀਕ ਸੀ। ਇਸ ਦੇ ਦੋ ਕਿੱਸੇ ਰਚੇ ਹੋਏ ਮਿਲਦੇ ਹਨ-ਇਕ ਹੀਰ ਰਾਂਝਾ ਜੋ ਬੈਤਾਂ ਵਿਚ ਲਿਖਿਆ ਸੀਹਰਫੀ ਕਾਵਿ ਰੂਪ ਹੈ ਅਤੇ ਦੂਜਾ ਸੱਸੀ ਪੁਨੂੰ ਜੋ ਮਸਨਵੀ ਕਾਵਿ-ਰੂਪ ਹੈ ਅਤੇ ਸੰਨ 1192 ਹਿ. ਵਿਚ ਲਿਖਿਆ ਗਿਆ। ਇਸ ਦੇ ਕੁਲ 550 ਬੰਦ ਹਨ ਅਤੇ ਤੋਲ ਡਿਉਢ ਦਾ ਹੈ। ਇਸ ਦੀ ਕਵਿਤਾ ਵਿਚ ਸੋਜ ਵੀ ਹੈ ਅਤੇ ਪੀੜ ਵੀ ਵਰਨਣ ਵਿਚ ਕੋਈ ਖਾਸ ਚਮਤਕਾਰ ਨਹੀਂ ਹੈ। ਇਸ ਦੀ ਬੋਲੀ ਸਾਦ-ਮੁਰਾਦੀ ਹੈ ਅਤੇ ਉਸ ਉਤੇ ਇਸਲਾਮ ਧਰਮ ਦਾ ਪ੍ਰਭਾਵ ਸਪੱਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਸੱਸੀ ਦੇ ਜਨਮ ਤੋਂ ਪੂਰਬਲੀ ਅਵਸਥਾ ਅਤੇ ਸੱਸੀ ਦੇ ਜਨਮ ਦੀ ਲੋੜ ਦੇ ਵਰਨਣ ਦਾ ਨਮੂਨਾ ਦੇਖੋ:

ਇਕ ਅਜਾਇਬ ਬਾਦਸ਼ਾਹ ਆਹਾ ਆਦਮ ਜਾਮ।
ਖਲਕਤ ਤਾਬਿਆ ਉਸ ਦੀ ਕਰਦੀ ਬਹੁਤ ਸਲਾਮ ਵਾਲੀ ਸ਼ਹਿਰ ਤੰਬੋਰ ਦਾ ਆਹਾ ਸ਼ੇਰ ਜਵਾਨ।
ਸਾਨੀ ਆਦਮ ਜਾਮੀ ਦਾ ਨਾ ਆਹਾ ਕੋਈ ਸੁਲਤਾਨ।

## 1.4 Summary (ਨਿਸ਼ਕਰਸ਼)

ਇਸ ਤਰ੍ਹਾਂ ਵਾਰਿਸ ਸ਼ਾਹ ਨੇ ਆਪਣੀ ਹੱਡ-ਬੀਤੀ ਨੂੰ ਹੀਰ ਰਾਂਝੇ ਦੀ ਕਹਾਣੀ ਰਾਹੀਂ ਰੂਪਮਾਣ ਕੀਤਾ ਹੈ ਅਤੇ ਇਹ ਹੀਰ ਪੰਜਾਬ ਸਾਹਿਤ ਦੀ ਮਹੱਤਵਪੂਰਣ ਅਤੇ ਗੌਰਵਮਈ ਰਚਨਾ ਹੈ। ਇਸ ਇਕੋ ਇਕ ਰਚਨਾ ਨੇ ਹੀ ਕਵੀ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਦਮੋਦਰ, ਅਹਿਮਦ ਗੁਜਰ ਅਤੇ ਮੁਕਬਲ ਹੀਰ ਦੇ ਕਿੱਸੇ ਦੀ ਰਚਨਾ ਕਰ ਚੁੱਕੇ ਸਨ। ਦਮੋਦਰ ਦੇ ਕਿੱਸੇ ਤੋਂ ਕਵੀ ਕੋਈ ਖ਼ਾਸ ਪ੍ਰਭਾਵਿਤ ਨਹੀਂ ਹੋਇਆ ਪਰ ਮੁਕਬਲ ਦੀ ਹੀਰ ਦੇ ਢਾਂਚੇ ਨੂੰ ਉਹ ਜ਼ਰੂਰ ਅਪਣਾਉਂਦਾ ਹੈ। ਅਹਿਮਦ ਦੀ ਹੀਰ ਤਾਂ ਉਸ ਦੇ ਕੰਠ ਤੇ ਚੜ੍ਹੀ ਹੋਈ ਸੀ, ਕਿਉਂਕਿ ਉਸ ਦੀਆਂ ਬਹੁਤ ਸਾਰੀਆਂ ਪੰਕਤੀਆਂ ਉਸੇ ਤਰ੍ਹਾਂ ਵਾਰਿਸ ਨੇ ਆਪਨਾ ਲਈਆਂ ਹਨ।

### 1.5 Glossary (**ਔਖੇ ਸ਼ਬਦਾਂ ਦੇ ਅਰਥ**)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

### 1.6 SAQ/CYP/Possible (**ਵਸਤੂਨਿਸ਼ਠ ਪ੍ਰਸ਼ਨੋਤਰੀ**)

1. ਵਾਰਿਸ ਕਾਲ ਦਾ ਸਮਾਂ ਕਿਥੋਂ ਸੁਰੂ ਹੁੰਦਾ ਹੈ।
2. ਪੰਜਾਬੀ ਸਾਹਿਤ ਵਿਚ ਪਹਿਲਾ ਕਿਸਾਕਾਰ ਕੌਣ ਹੈ।
3. ਕਿਸ ਕਿੱਸਾਕਾਰ ਨੇ ਸੱਭ ਤੋਂ ਵੱਧ ਕਿਸੇ ਲਿਖੇ ਹਨ।
4. ਵਾਰਿਸ ਸਾਹ ਦਾ ਜਨਮ ਕਦੋ ਹੋਇਆ।
5. ਮੁਕਬਲ ਦੇ ਕੋਈ ਦੋ ਕਿੱਸੇ ਦਾ ਨਾਲ ਲਿਖੋ।

### 1.7 Lesson End Exercise, Examination Oriented Questions (**ਅਭਿਆਸ ਅਰਥ ਪ੍ਰਸ਼ਨ**)

1. ਪੰਜਾਬੀ ਸਾਹਿਤ ਵਿਚ ਕਿੱਸੇ ਦੇ ਅਰੰਭ ਬਾਰੇ ਚਰਚਾ ਕਰੋ।

2. ਵਾਰਿਸ ਸਾਹ ਦਾ ਕਿੱਸਾ ਸਾਹਿਤ ਵਿਚ ਯੋਗਦਾਣ ਦਸੋ।

## 1.8 Suggested Reading (ਸਹਾਇਕ ਪੁਸਤਕ ਸੂਚੀ)

1. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ , ਵਾਰਿਸ਼ ਸ਼ਾਹ ਫ਼ਾਉਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ,
3. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ ਲਾਹੌਰ ਬੁੱਕ ਲੁਧਿਆਣਾ, 2007

| | |
|---|---|
| **M.A. SEMESTER-1st** | **Lesson No. 2** |
| **UNIT-4th** | **Course No. : Pbi104** |

# ਵਾਰਿਸ਼ ਕਾਲ ਦਾ ਸੂਫੀ ਸਾਹਿਤ

**Structure :**

**2.1 Objective (ਉਦੇਸ਼)**

**2.2 Introduction (ਜਾਣ-ਪਛਾਣ)**

**2.3 Content Section (ਵਿਸ਼ਾ ਪੱਖ)**

**2.4 Summary (ਨਿਸ਼ਕਰਸ਼)**

**2.5 Glossary (ਔਖੇ ਸ਼ਬਦਾਂ ਦੇ ਅਰਥ)**

**2.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)**

**2.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)**

**2.8 Suggested Reading (ਸਹਾਇਕ ਪੁਸਤਕ ਸੂਚੀ)**

**2.1 Objective (ਉਦੇਸ਼)**

**2.2 Introduction (ਜਾਣ-ਪਛਾਣ)**

ਅਠਾਰ੍ਹਵੀਂ ਸਦੀ ਵਿੱਚ ਸੂਫੀ ਕਾਵਿ-ਧਾਰਾ ਵੀ ਲਗਾਤਾਰ ਚਲਦੀ ਰਹੀ। ਇਸ ਸਦੀ ਵਿਚ ਸਭ ਨਾਲੋਂ ਵਧ ਸੂਫੀ ਹੋਏ ਹਨ ਪਰ ਫਿਰ ਵੀ ਸੂਫੀ-ਮਤ ਮੁਸਲਮਾਨੀ ਸਭਿਆਚਾਰਕ ਤੇ ਰਾਜਸੀ ਸੱਤਾ ਅਨੁਸਾਰ ਢਲਦੇ ਬੰਨੇ ਜਾ ਰਿਹਾ ਸੀ। ਇਸ ਮਤ ਦੇ ਕਵੀਆਂ ਦੀ ਕਵਿਤਾ ਵਿਚੋਂ ਮੁਸਲਮਾਨੀ ਰਾਜਸੀ ਪ੍ਰਭਾਵ ਦੀ ਅਧੋਗਤੀ ਦਾ ਭਾਵ ਸਾਫ ਦਿਸ ਰਿਹਾ ਹੈ। ਕੁਝ ਸੂਫੀ ਬਾਬਾ ਫਰੀਦ ਵਾਂਗ

ਦੀਨੀ ਕਟੜਤਾ ਤੋਂ ਮੁਕਤ ਨਹੀਂ ਸਨ ਅਤੇ ਕੁਝ ਸ਼ਾਹ ਹੁਸੈਨ ਵਾਂਗ ਉਦਾਰ ਚਿਤ ਵਾਲੇ ਮਸਤ ਮਲੰਗ ਸਨ। ਇਹਨਾਂ ਸੂਫੀਆਂ ਨੇ ਫਾਰਸੀ ਅਤੇ ਹਿੰਦਵੀ ਤੋਂ ਇਲਾਵਾ ਪੰਜਾਬੀ ਵਿਚ ਵੀ ਕਾਵਿ ਲਿਖਿਆ ਜਿਸ ਨਾਲ ਪੰਜਾਬੀ ਵਿਚ ਸੂਫੀ ਸਾਧਨਾ ਦੀ ਇਕ ਨਵੀ ਦ੍ਰਿਸ਼ਟੀ ਸਾਹਮਣੇ ਆਈ। ਨਵੇਂ ਰੰਗ, ਬੇ-ਮੁਹਾਰੀ ਖੁਲ੍ਹ, ਅਣਛੋਹੇ ਉਪਮਾਨ, ਸਰਲ ਅਤੇ ਰਸੀਲੀ ਭਾਸ਼ਾ ਆਦਿ ਇਸ ਕਾਲ ਦੇ ਸੂਫੀ ਕਾਵਿ ਦੀਆਂ ਕੁਝ ਵਿਸ਼ੇਸ਼ਤਾਵਾਂ ਹਨ। ਪਰ ਸਰਬ ਪ੍ਰਮੁੱਖ ਵਿਸ਼ੇਸ਼ਤਾਂ ਇਹ ਹੈ ਕਿ ਇਸ ਸਦੀ ਵਿਚ ਪਹਿਲੀ ਵਾਰ ਸੂਫੀ ਕਵੀ ਸਮਾਜਿਕ ਕਾਣੀ ਵੰਡ ਅਤੇ ਹਾਕਮਾਂ ਦੇ ਅਤਿਆਚਾਰ ਵਿਰੁੱਧ ਬੋਲ ਪਏ। ਉਨ੍ਹਾਂ ਦੇ ਕਟਾਖ, ਵਿਅੰਗ ਅਤੇ ਪਾਖੰਡ-ਖੰਡਨੀ ਸ਼ੈਲੀ ਦਾ ਆਪਣਾ ਹੀ ਨਿਖਾਰ ਹੈ। ਇਸ ਕਾਲ ਦੇ ਕੁਝ ਕੁ ਪ੍ਰਮੁੱਖ ਸੂਫੀਆਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ।

**ਬੁੱਲ੍ਹੇ ਸ਼ਾਹ** : (1680-1758ਈ.) ਇਸ ਕਾਲ ਦਾ ਸਭ ਤੋਂ ਵੱਡਾ ਉੱਘਾ ਤੇ ਹਰਮਨ ਪਿਆਰਾ ਸੂਫੀ ਫਕੀਰ ਹੋਇਆ ਹੈ। ਡਾ. ਲਾਜਵੰਤੀ ਉਸ ਨੂੰ ਪੰਜਾਬੀ ਸੂਫੀ ਕਵੀਆਂ ਵਿਚੋਂ ਸਭ ਤੋਂ ਸ੍ਰੇਸ਼ਟ ਮੰਨਦੀ ਹੈ, ਜਿਸ ਦਾ ਦਰਜਾ ਜਗਤ ਪ੍ਰਸਿੱਧ ਸੂਫੀ ਸ਼ਮਸਤਬਰੇਜ਼ ਤੇ ਜਲਾਲੁ-ਦੀਨ ਰੂਮੀ ਦੇ ਸਮਾਨ ਹੈ।

ਆਪ ਸੱਯਦ ਘਰਾਣੇ ਨਾਲ ਸੰਬੰਧ ਰੱਖਦੇ ਸਨ। ਆਪ ਦਾ ਜਨਮ ਜ਼ਿਲ੍ਹਾ ਲਾਹੌਰ ਵਿਚ ਕਸੂਰ ਦੇ ਨੇੜੇ ਪਿੰਡ ਪੰਡੋਕੀ ਵਿਚ 1680 ਈਸਵੀਂ ਵਿਚ ਹੋਇਆ। ਬੁਲ੍ਹਾ ਸ਼ਾਹ ਇਨਾਇਤ ਦਾ ਮੁਰੀਦ ਸੀ, ਜੋ ਜਾਤ ਦਾ ਅਰਾਈਂ ਸੀ। ਇਸ ਗੱਲ ਦਾ ਜ਼ਿਕਰ ਆਪ ਦੀ ਰਚਨਾ ਵਿਚ ਕਈ ਥਾਂ ਮਿਲਦਾ ਹੈ—

ਬੁਲ੍ਹੇ ਸ਼ਾਹ ਵੇ ਨੀਚ ਕਮੀਨੀ ਸ਼ਾਹ ਇਨਾਇਤ ਤਾਰੀ।
ਬੁਲ੍ਹੇ ਸ਼ਾਹ ਦੀ ਸੁਣੋ ਹਕਾਇਤ, ਹਾਦੀ ਪਕੜਿਆ ਹੋਗ ਹਦਾਇਤ।
ਮੇਰਾ ਮੁਰਸ਼ਦ ਸ਼ਾਹ ਇਨਾਇਤ, ਉਹੋ ਲੰਘਾਏ ਪਾਰ।

ਸ਼ਾਹ ਇਨਾਇਤ (ਕਾਦਰੀ, ਜੋ ਬੁਲ੍ਹੇ ਦੇ ਮੁਰਸ਼ਦ ਸਨ, ਫਾਰਸੀ ਦੇ ਪ੍ਰਸਿੱਧ ਲੇਖਕ ਮੰਨੇ ਗਏ ਹਨ। ਪੰਜਾਬ ਦੇ ਕਾਦਰੀ ਉਸ ਤਰ੍ਹਾਂ ਵੀ ਆਪਣੇ ਦਾਰਸ਼ਨਿਕ ਗਿਆਨ ਕਰਕੇ ਪ੍ਰਸਿੱਧ ਹਨ। ਸ਼ਾਹ ਇਨਾਇਤ ਦੀ ਸਿੱਖਿਆ ਦਾ ਬੁਲ੍ਹੇ ਉੱਤੇ ਸਿੱਧੇ ਜਾਂ ਟੇਢੇ ਢੰਗ ਨਾਲ ਅਸਰ ਜ਼ਰੂਰ ਹੋਇਆ।

ਬੁਲ੍ਹੇ ਸ਼ਾਹ ਨੇ ਬਹੁਤ ਸਾਰੀਆਂ ਕਾਫੀਆਂ, ਬਾਰਾਂ ਮਾਹ, ਅਠਵਾਰੇ, ਗੰਢਾਂ, ਸੀਹਰਫੀਆਂ ਤੇ ਦੋਹੜੇ ਆਦਿ ਲਿਖੇ ਹਨ। ਪਰ ਸਭ ਤੋਂ ਵਧ ਪ੍ਰਸਿੱਧੀ ਉਸਦੀਆਂ ਕਾਫੀਆਂ ਨੂੰ ਮਿਲੀ ਹੈ। ਵੱਡੇ ਸੂਫੀਆਂ ਵਿਚ ਅਸੀਂ ਬੁਲ੍ਹੇ ਨੂੰ ਆਖ਼ਰੀ ਸੂਫੀ ਕਹਿ ਸਕਦੇ ਹਾਂ। ਆਪ ਦੀ ਭਾਸ਼ਾ ਵਧੇਰੇ ਠੇਠ, ਸਾਦਾ

ਤੇ ਲੋਕ-ਪੱਧਰ ਦੇ ਨੇੜੇ ਦੀ ਹੈ। ਅਲੰਕਾਰਾਂ ਤੇ ਆਪਣੀ ਕਵਿਤਾ ਦਾ ਚੋਗਿਰਦਾ ਬੰਨ੍ਹਣ ਵਿਚ ਵੀ, ਉਹ ਕਾਫੀ ਹੱਦ ਤੱਕ ਪੰਜਾਬੀ ਜੀਵਨ ਦੇ ਨੇੜੇ ਹੀ ਰਿਹਾ ਹੈ।

ਸ਼ਾਹ ਹੁਸੈਨ ਵਾਂਗ ਬੁਲ੍ਹੇ ਸ਼ਾਹ ਵੀ ਅਦਵੈਤਵਾਦੀ ਸੂਫੀ ਸੀ ਅਤੇ ਉਸ ਨੇ ਰੱਬ ਤੇ ਜੀਵ-ਆਤਮਾ ਦੀ ਏਕਤਾ ਦੇ ਗੀਤ ਗਾਏ ਹਨ। ਹੋਰ ਸੂਫੀਆਂ ਵਾਂਗ ਬੁੱਲ੍ਹੇ ਦਾ ਇਹ ਵਿਚਾਰ ਹੈ ਕਿ ਰੱਬ ਦੀ ਪ੍ਰਾਪਤੀ ਦਾ ਸਭ ਤੋਂ ਸੌਖਾ ਤੇ ਯੋਗ ਸਾਧਨ ਇਸ਼ਕ ਹੀ ਹੈ। ਸ਼ਰ੍ਹਾ ਤੋਂ ਉੱਪਰ ਉਠ ਕੇ ਆਤਮਕ ਤੌਰ ਤੇ ਉਸ ਦੇ ਰਹੱਸ ਨੂੰ ਮਾਣੋ, ਮੁਰਸ਼ਦ ਦੀ ਟੇਕ ਫੜ੍ਹੋ, ਰੱਬ ਵਿਚ ਆਪਣੇ ਮਨ ਨੂੰ ਜੋੜੀ ਤੇ ਅਭੇਦ ਰੱਖੋ। ਇਸ ਪਦਾਰਥਕ ਸੰਸਾਰ ਤੋਂ ਮਨੁੱਖ ਨੂੰ ਉਪਰਾਮਤਾ ਗ੍ਰਹਿਣ ਕਰਨੀ ਚਾਹੀਦੀ ਹੈ। ਇਸ ਲਈ ਸੁੰਦਰਤਾ ਕਸੁੰਭੇ ਵਰਗੀ ਸੋਖ ਤੇ ਥੋੜ੍ਹ ਚਿਰੀ ਹੈ-

ਮੈਂ ਕੰਸੁਭੜਾ ਚੁਗ ਚੁਗ ਹਾਨੀ ਨੀ,
ਮੈਂ ਕੰਸੁਭੜਾ ਚੁਗ ਚੁਗ ਹਾਰੀ।
ਏਸ ਕੁੰਸੁਭੇ ਦੇ ਫੂਲ ਨੇ ਭਲੇਰੇ,
ਅੜ ਅੜ ਚੁਨੜੀ ਪਾੜੀ।

ਬੁਲ੍ਹੇ ਨੇ ਆਪਣੀ ਕਵਿਤਾ ਵਿਚ ਮੁਰਸ਼ਦ ਦੀ ਟੇਕ ਉੱਤੇ ਬਹੁਤ ਜੋਰ ਦਿੱਤਾ ਹੈ। ਸ਼ਾਹ ਇਨਾਇਤ ਅਰਾਈ ਸੀ ਅਤੇ ਬੁਲ੍ਹਾ ਸੱਯਦ। ਬੁਲ੍ਹੇ ਦੇ ਸੰਬੰਧੀਆਂ ਨੇ ਉਸ ਨੂੰ ਅਰਾਈਂ ਦੀ ਮੁਰੀਦੀ ਤੋਂ ਰੋਕਿਆ, ਪਰ ਬੁਲ੍ਹੇ ਨੂੰ ਸ਼ਾਹ ਇਨਾਇਤ ਉਤੇ ਪੂਰਾ ਨਿਸ਼ਚਾ ਸੀ, ਉਹ ਕਹਿੰਦਾ ਹੈ :

ਜਿਹੜਾ ਸਾਨੂੰ ਸੱਯਦ ਆਖੇ,
ਦੋਜ਼ਖ ਮਿਲਣ ਸਜਾਈਆਂ।
ਜਿਹੜਾ ਸਾਨੂੰ ਰਾਈ ਆਖੇ,
ਬਹਿਸ਼ਤੀ ਪੀਂਘਾ ਪਾਈਆਂ।
ਜੇ ਤੂੰ ਲੋੜੇ ਬਾਗ ਬਹਾਰਾ,
ਬੁਲ੍ਹਿਆ ਤਾਲਬ ਹੋ ਜਾ ਗਈਆਂ।

ਬੁਲ੍ਹੇ ਸ਼ਾਹ ਤੇ ਉਸ ਦੇ ਮੁਰਸ਼ਦ ਸ਼ਾਹ ਇਨਾਇਤ ਬਾਰੇ ਕਈ ਕਥਾਵਾਂ ਵੀ ਪ੍ਰਚਲਿਤ ਹਨ। ਆਮ ਰਵਾਇਤ ਹੈ ਕਿ ਬੁਲ੍ਹਾ ਸ਼ਾਹ ਸਾਰੀ ਉਮਰ ਹੀ ਕੁਆਰਾ ਰਿਹਾ। ਡਾ. ਲਾਜਵੰਤੀ ਦਾ ਖਿਆਲ ਹੈ ਕਿ ਇਸੇ ਕਰਕੇ ਹੀ ਬੁਲ੍ਹੇ ਦੀ ਕਵਿਤਾ ਵਿਚ ਵੀ ਰੱਬ ਦੀ ਭਗਤੀ ਵਾਸਤੇ ਬਾਬਾ ਫਰੀਦ ਵਾਲਾ ਪਤੀ ਪਤਨੀ ਦਾ ਅਲੰਕਾਰ ਬਹੁਤੀ ਤੀਬਰਤਾ ਤੇ ਧੂ ਵਾਲਾ ਨਹੀਂ ਬਣ ਸਕਿਆ।

ਡਾ. ਲਾਜਵੰਤੀ ਬੁਲ੍ਹੇ ਦੇ ਰਹੱਸਵਾਦ ਨੂੰ ਤਿੰਨਾਂ ਅਵੱਸਥਾਵਾਂ ਵਿਚੋਂ ਦੀ ਗੁਜਰਿਆ ਮੰਨਦੀ ਹੈ :

(ੳ) ਸ਼ਾਹ ਇਨਾਇਤ ਦੀ ਮੁਰੀਦੀ ਦਾ ਦੌਰ : ਜਿਸ ਵਿਚ ਉਨ੍ਹਾਂ ਨੇ ਸੂਫੀ ਵਿਦਿਆ ਨੂੰ ਜਾਣਿਆ ਤੇ ਸੂਫੀ ਸਿਧਾਂਤਾ ਉਤੇ ਅਮਲ ਕਰਨ ਦੇ ਯਤਨ ਕੀਤੇ। ਇਸ ਅਵੱਸਥਾ ਵਿਚ ਹਾਲੀ ਸ਼ਰ੍ਹਾ ਦੀ ਪਾਬੰਦੀ ਤੇ ਇਸਲਾਮੀ ਵਿਚਾਰਾਂ ਦੀ ਪ੍ਰਬਲਤਾ ਹੈ। ਦੋਜਖ, ਜੱਨਤ ਦਾ ਜ਼ਿਕਰ ਆਮ ਆਉਂਦਾ ਹੈ ਅਤੇ ਮੌਤ ਦਾ ਸਹਿਮ ਵੀ ਹੈ। ਇਸ ਅਵੱਸਥਾ ਵਿਚ ਉਸ ਨੇ ਆਵਾਗਮਨ ਨੂੰ ਨਹੀਂ ਮੰਨਿਆ। ਪਰ ਇਹ ਅਵਸਥਾ ਬਹੁਤੀ ਦੇਰ ਤੱਕ ਨਹੀਂ ਰਹਿ ਸਕੀ, ਕਿਉਂ ਜੋ ਇਸ ਪ੍ਰਥਾ ਦੀ ਬੁਲ੍ਹੇ ਦੀ ਬਹੁਤ ਘੱਟ ਰਚਨਾ ਮਿਲਦੀ ਹੈ :

ਇਕ ਰੋਜ਼ ਜਹਾਨੋਂ ਜਾਣਾ ਹੈ,
ਜਾ ਕਬਰੇ ਵਿਚ ਸਮਾਣਾ ਹੈ।
ਤੇਰਾ ਗੋਸ਼ਤ ਕੀੜਿਆਂ ਖਾਣਾ ਹੈ,
ਕਰ ਚੇਤਾ ਮਨੋਂ ਵਿਸਾਰ ਨਹੀਂ।
ਉਠ ਜਾਗ ਘੁਰਾੜੇ ਮਾਰ ਨਹੀਂ।

ਇਸੇ ਤਰ੍ਹਾਂ 'ਦਿਲ ਲੋਚੇ ਮਾਹੀ ਯਾਰ ਨੂੰ—ਇਹ ਸਾਰੀ ਰਚਨਾ ਡਾ. ਲਾਜਵੰਤੀ ਅਨੁਸਾਰ ਉਸ ਪੱਧਰ ਦੀ ਨਹੀਂ, ਜੋ ਬੁਲ੍ਹੇ ਨੇ ਬਾਅਦ ਵਿਚ ਪ੍ਰਾਪਤ ਕੀਤੀ।

(ਅ) ਦੂਜੇ ਦੌਰ ਵਿਚ, ਬੁਲ੍ਹਾ ਭਾਰਤੀ ਵੈਸ਼ਨੂੰ ਮਤ ਦੇ ਵੇਦਾਂਤ ਤੋਂ ਪ੍ਰਭਾਵਿਤ ਹੋਇਆ ਹੈ। ਇਥੇ ਹੀ ਬੁਲ੍ਹੇ ਦਾ ਅਨੁਭਵ ਨਿਖਰਨਾ ਸ਼ੁਰੂ ਹੋ ਜਾਂਦਾ ਹੈ ਅਤੇ ਕਵਿਤਾ ਵਿਚ ਵੀ ਪਕਿਆਈ ਆਉਣੀ ਸ਼ੁਰੂ ਹੋ ਜਾਂਦੀ ਹੈ :

ਇਕ ਅੰਧੇਰੀ ਕੋਠੜੀ,
ਦੂਜਾ ਦੀਵਾਨ ਵੱਟੀ ਬਾਹੋਂ ਫੜ ਕੇ ਲੈ ਚਲੇ,
ਸ਼ਾਮ ਵੇ, ਕੋਈ ਸੰਗ ਨ ਸਾਥੀ।
ਭਾਵੇ ਜਾਣ ਨ ਜਾਣ ਵੇ,
ਵੇਹੜੇ ਆ ਵੜ ਮੇਰੇ ਮੈਂ ਤੈਥੋਂ ਕੁਰਬਾਨ ਵੇ,
ਵੇਹੜੇ ਆ ਵੜ ਮੇਰੇ।

ਇਸ ਅਵੱਸਥਾ ਵਿਚ ਹੀ ਬੁਲ੍ਹੇ ਨੂੰ ਰੱਬ ਦੀ ਹੋਂਦ ਦਾ ਅਨੁਭਵ ਹੁੰਦਾ ਹੈ। ਭਾਵੇਂ ਇਸ ਵਿਚ ਅਭੇਦ ਹੋਣ ਦਾ ਉਹ ਦਾਅਵਾ ਨਹੀਂ ਕਰਦਾ :

ਹੁਣ ਮੈਂ ਲਖਿਆ ਯਾਰ,
ਜਿਸ ਦੇ ਹੁਸਨ ਦਾ ਗਰਮ ਬਜ਼ਾਰ।
ਜਦ ਅਹਿਲ ਇਕ ਇੱਕਲਾ ਸੀ
ਨਾ ਜਾਹਿਰ ਕੋਈ ਤਜ਼ੱਲਾ ਸੀ।
ਨ ਰੱਬ, ਰਸੂਲ, ਨ ਅੱਲ੍ਹਾ ਸੀ, ਨ ਜਾਬਰ ਕਹਾਰ।
ਪਿਆਰਾ ਪਹਿਣ ਪੁਸ਼ਾਕਾਂ ਆਇਆ, ਆਦਮ ਆਪਣਾ ਨਾਮ ਧਰਾਇਆ।
ਅਹਿਦ ਤੋਂ ਬਣ ਅਹਿਮਦ ਆਇਆ, ਨਬੀਆਂ ਦਾ ਸਰਦਾਰ।

(ੲ) ਤੀਜੀ ਅਵਸਥਾ ਵਿਚ, ਉਸ ਦਾ ਰਹੱਸਵਾਦ ਪੂਰੇ ਜੋਬਨ ਵਿਚ ਆ ਕੇ ਨਿਖਰਦਾ ਹੈ। ਇਥੇ ਉਹ ਨਾ ਕਿਸੇ ਹੋਰ ਭਾਰਤੀ ਜਾਂ ਪੰਜਾਬੀ ਸੂਫੀ ਨਾਲ ਮਿਲਦਾ ਹੈ ਅਤੇ ਨਾ ਹੀ ਵੈਸ਼ਨੂੰ-ਮਤੀਏ ਭਗਤ ਨਾਲ। ਇਸ ਅਵੱਸਥਾ ਵਿਚ ਉਹ ਪੂਰਨ ਤੌਰ ਤੇ ਅਦਵੈਤ ਵਿਚ ਰੱਬ ਤੇ ਉਸੇ ਗੁੱਝੇ ਭੇਦਾਂ ਦਾ ਪਤਾ ਲੱਗਣ ਦਾ ਐਲਾਨ ਕਰਦਾ ਹੈ-ਕੀ ਕਰਦਾ ਕੀ ਕਰਦਾ, ਕੋਈ ਪੁੱਛੋ ਦਿਲਬਰ ਕੀ ਕਰਦਾ। ਅਤੇ ਪਾਇਆ ਹੈ ਕੁਝ ਪਾਇਆ ਹੈ, ਸਤਿਗੁਰ ਨੇ ਅਲਖ ਵਖਾਇਆ ਹੈ, ਵਿਚ ਤੇ 'ਮੇਰੀ ਬੁਕਲ ਦੇ ਵਿਚ ਚੋਰ' ਵਿਚ ਉਸ ਨੇ ਇਸੇ ਰਹੱਸਵਾਦੀ ਪ੍ਰਾਪਤੀ ਦਾ ਜ਼ਿਕਰ ਕੀਤਾ ਹੈ। ਉਸਨੂੰ ਪ੍ਰਮਾਤਮਾ ਹੁਣ ਹਰ ਹਰ ਵਿਚ ਸਮਾਇਆ ਪ੍ਰਤੀਤ ਹੁੰਦਾ ਹੈ-

ਸਈਓ! ਹੁਣ ਸੱਜਣ ਮੈਂ ਪਾਇਓ, ਹਰ ਹਰ ਦੇ ਵਿਚ ਸਮਾਇਓ।

ਇਥੇ ਪੁਜ ਕੇ ਬੁਲ੍ਹਾ ਹਰ ਮੱਤ ਨੂੰ ਇਕੋ ਜਿਹਾ ਵੇਖਦਾ ਹੈ-

ਬਿੰਦਰਾ ਬਨ ਮੈਂ ਗਊ ਚਰਾਵੈ। ਲੰਕਾ ਸਾੜ ਕੇ ਨਾਦ ਵਜਾਵੇ। ਮੱਕੇ ਦਾ ਹਾਜੀ ਬਣ ਬਣ ਆਵੇ। ਵਾਹ ਵਾਹ ਰੰਗ ਵਟਾਈਦਾ ਹੁਣ ਕਾਹਨੂੰ ਆਪ ਛੁਪਾਈ ਦਾ।

ਬੁੱਲੇ ਸ਼ਾਹ ਦੀਆਂ ਕਾਫੀਆਂ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਭਾਵੇਂ ਬੁਲ੍ਹੇ ਸ਼ਾਹ ਦੇ ਸਮੇਂ ਦੇ ਹਾਲਾਤ ਉਸ ਦੇ ਇਸ਼ਟ ਮਤ ਦੇ ਅਨੁਸਾਰੀ ਨਹੀਂ ਸਨ, ਫਿਰ ਵੀ ਇਹ ਮੰਨਣਾ ਹੀ ਪੈਂਦਾ ਹੈ ਕਿ ਉਹ ਅਪਣੀ ਸ਼ਖਸੀਅਤ ਦੀ ਉੱਚਤਾ ਤੇ ਪ੍ਰਤਿਭਾ ਕਾਰਨ ਸੂਫੀ ਕਾਵਿ ਧਾਰਾ ਵਿਚ ਉਚੇਰੇ ਪੱਧਰ ਦੀ ਅਨੁਭਵੀ ਤੇ ਮਾਅਰਫਤ ਦੇ ਰੰਗ ਵਿਚ ਰੰਗੀ ਹੋਈ, ਕਾਵਿ ਰਚਨਾ ਕਰਨ ਵਿਚ ਸਫਲ ਹੋਇਆ ਹੈ।

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।

ਰਾਂਝਾ ਮੈਂ ਵਿਚ, ਮੈਂ ਰਾਂਝੇ ਵਿਚ, ਹੋਰ ਖਿਆਲ ਨਾ ਕੋਈ
ਮੈਂ ਨਾਂਹੀ, ਉਹ ਆਪੇ ਕੋਈ, ਆਪਣੀ ਆਪ ਕਰੇ ਦਿਲਜੋਈ।

ਬੁਲ੍ਹੇ ਸ਼ਾਹ ਦੇ ਸਮੇਂ ਹੀ ਸੂਫੀ ਮੱਤ ਨੂੰ ਢਾਅ ਲੱਗਣੀ ਸ਼ੁਰੂ ਹੋ ਗਈ ਸੀ। ਉਹ ਸੂਫੀ ਮਤ ਦਾ ਸਭ ਤੋਂ ਆਖਰੀ ਪ੍ਰਸਿੱਧ ਸੂਫੀ ਹੋਇਆ ਹੈ। ਨਿਰਾ ਏਨਾ ਹੀ ਨਹੀਂ ਕਿ ਬੁਲ੍ਹੇ ਨੇ ਰਹੱਸਵਾਦੀ ਹੁਲਾਰੇ ਹੈ ਮਾਣੇ ਹਨ, ਸਗੋਂ ਉਸ ਵਿਚੋਂ ਸਮੇਂ ਦੇ ਰੰਗ ਦੇ ਵੀ ਝਲਕਾਰੇ ਮਿਲਦੇ ਹਨ। ਉਹ ਕਹਿੰਦਾ ਹੈ-

ਮਸਜਦ ਦੇ ਵਿਚ ਕਾਫਰ ਵਸਦੇ,
ਠਾਕੁਰ ਦੁਆਰੇ ਠੱਗ।
ਬੁਲ੍ਹਿਆਂ ਆਸ਼ਕ ਰਹਿਣ ਅਲੱਗ।

ਇਸੇ ਤਰ੍ਹਾਂ ਸਮੇਂ ਦੀ ਜੁਗ ਗਰਦੀ ਦਾ ਜ਼ਿਕਰ ਉਸਨੇ ਇਸ ਤਰ੍ਹਾਂ ਕੀਤਾ ਹੈ :

ਦਰ ਖੁਲ੍ਹਾ ਹਸ਼ਰ ਅਜ਼ਾਬ ਦਾ।
ਬੁਰਾ ਹਾਲ ਹੋਇਆ ਪੰਜਾਬ ਦਾ।
ਭੂਰਿਆਂ ਵਾਲੇ ਰਾਜੇ ਕੀਤੇ।
ਮੁਗਲਾਂ ਜ਼ਹਿਰ ਪਿਆਲੇ ਪੀਤੇ।

ਅਲੀ ਹੈਦਰ (1690-1751 ਈ.) ਇਹ ਕਾਜ਼ੀਆਂ ਜਿਲ੍ਹਾ ਮੁਲਤਾਨ ਦੇ ਰਹਿਣ ਵਾਲੇ ਸਨ। ਅਤੇ ਦਿੱਲੀ ਦੇ ਖਵਾਜ਼ਾ ਫਕਰਦੀਨ ਦੇ ਮੁਰੀਦ ਸਨ ਪੰਜਾਬੀ ਵਿਚ ਆਪ ਦੀਆਂ ਪੰਜ ਸੀਹਰਫੀਆਂ ਅਤੇ ਰਦੀਫਾਂ ਵਿਚ ਇਕ ਦੀਵਾਨ ਮਿਲਦਾ ਹੈ। ਇਸ ਤੋਂ ਛੁੱਟ ਫਾਰਸੀ ਅਰਬੀ ਆਪ ਨੇ ਪੁਸਤਕ ਲਿਖੀਆਂ ਹਨ। ਇਹਨਾਂ ਸੀ-ਹਰਫੀਆਂ ਵਿਚ ਕਿਤੇ-ਕਿਤੇ ਹੂਕ ਤੇ ਵਲਵਲਾ ਤੀਖਣ ਹੈ ਅਤੇ ਵਲੇ ਆਦਿ ਸ਼ਬਦਾਂ ਦੀ ਵਰਤੋਂ ਚੰਗਾ ਸਰੋਦੀ ਰੰਗ ਬੰਨ੍ਹਦੀ ਹੈ। ਮੁਸਲਮਾਨਾਂ ਦੀ ਅਧੋਗਤੀ ਦੇ ਸਮੇਂ ਉੱਤੇ, ਇਹ ਕਵੀ ਸ਼ੋਕ ਨਹੀਂ ਮਨਾਉਂਦਾ ਅਤੇ ਉਨਾਂ ਨੂੰ ਝਾਂੜਾ ਪਾਉਂਦਾ ਹੈ—ਜਿਨ੍ਹਾਂ ਵਿਚ ਕੌਮੀ ਅਣਖ ਨਹੀਂ।

ਬੇ ਬਿਖ ਜਹਿਰ ਨਹੀਂ, ਜੋ ਥਾ ਮਰਨ, ਕੁਝ ਸਰਮ ਨਾ ਹਿੰਦੁਸਤਾਨੀਆਂ ਨੂੰ।

ਕਿਹਾ ਹਯਾ ਇਹਨਾਂ ਰਾਜਿਆਂ ਨੂੰ, ਕੁੱਝ ਲੱਜ ਨਾਹੀ ਤੁਰਾਨੀਆਂ ਨੂੰ।

ਭੈੜੇ ਭਰ ਭਰ ਦੇਵਨ ਖਜ਼ਾਨੇ, ਫਾਰਸੀਆਂ ਖੁਰਾਸਾਨੀਆਂ ਨੂੰ। ਛੁਣੀਆਂ ਪਾਣੀ ਨੱਕ ਡੋਬਣ, ਜੇ ਲਹਿਣ ਨ ਵੱਡਿਆਂ ਪਾਣੀਆਂ ਨੂੰ।

ਹੈਦਰ ਆਖ ਏਹਨਾਂ ਹੀਜੜਿਆਂ ਨੂੰ, ਹੈਫ ਇਨ੍ਹਾਂ ਮਰਦਾਨਿਆਂ ਨੂੰ,

ਹੇਠਲੇ ਬੰਦ ਵਿਚ ਸ਼ਬਦ-ਅਲੰਕਾਰ ਤੇ ਧੁਨੀ-ਪ੍ਰਯੋਗ ਵਰਣਨ ਯੋਗ ਹਨ।

ਮੀਮ ਮਾਰ ਵੇ ਢੋਲ ਵਿਖਾਂ, ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ।
ਕਰ ਧੌਂ ਧੌਂ ਧਾਣਾ, ਇਸ਼ਕ ਅਵੱਲੜਾ, ਧੂ ਧੂ ਕੀਤੰਸ ਬਾਲ ਵਲੇ।
ਮੈਂ ਤਾਂ ਸੋਹਣੀਆਂ ਖੇਡਾਂ ਖੇਡੀਆਂ, ਵੱਤ ਖੇਡਾਂ ਇਸ਼ਕ ਧਮਾਲ ਵਲੇ।

ਮੈਂ ਯਾਰ ਦੇ ਵੇਹੜੇ ਝਾਤ ਪਏਸਾਂ, ਟੱਪ ਟੱਪ ਉਚੀ ਛਾਲ ਵਲੇ। ਮੈਂ ਵਤ ਡੰਗੀਆਂ ਨਾਗ ਇਆਣੇ, ਹਾਲ ਵੇ ਲੋਕਾ ਹਾਲ ਵਲੇ। ਮੈਂ ਵਲ ਵਲ ਆਵਾਂ ਕਲਾਵੇ ਕਰਦੀ, ਤੂੰ ਲਗ ਸੀਨੇ ਦੇ ਨਾਲ ਵਲੇ।

ਵੇਖੋ ਛਣ ਛਣ ਚੂੜਾ, ਛਣ ਛਣ ਨੇਵਰ, ਤੀਲ ਅਤੇ ਤੌਂ ਤਾਲ ਵਲੇ।
ਮੈਂ ਝੂਮਨੀ ਆਖਾਂ, ਦੋਹੜੇ ਆਖਾਂ, ਹੈਦਰ ਵਾਲੇ ਖਿਆਲ ਵਲੇ।

ਭਾਵੇਂ ਅਲੀ ਹੈਦਰ ਦੀ ਕਵਿਤਾ ਵਿਚ ਕੁਝ ਖੂਬੀਆਂ ਵੀ ਹਨ, ਪਰੰਤੂ ਇਹ ਕਵਿਤਾ ਕਦੇ ਵੀ ਬੁਲ੍ਹੇ, ਹੁਸੈਨ ਤੇ ਫਰੀਦ ਦੇ ਪਾਏ ਤੇ ਨਹੀਂ ਪਹੁੰਚਾਂ ਸਕਦੀ। ਪ੍ਰੋ. ਸੇਖੋਂ ਦੇ ਸ਼ਬਦਾਂ ਵਿਚ ਅਲੀ ਹੈਦਰ ਦੀਆਂ ਸੀ-ਹਰਫੀਆਂ ਨੂੰ ਵੇਖ ਕੇ ਇਹੀ ਅਨੁਮਾਨ ਲੱਗਦਾ ਹੈ ਕਿ ਪੰਜਾਬੀ ਬੋਲੀ ਹਾਲੀ ਆਪਣੀ ਜਾਗਦੀ ਅਵਸਥਾ ਵਿਚੋਂ ਨਿਕਲ ਰਹੀ ਸੀ। ਇਹਨਾਂ ਦੀ ਮਹਾਨਤਾ ਕੇਵਲ ਇਤਿਹਾਸਕ ਤੌਰ ਤੇ ਹੀ ਹੈ। ਛੰਦ ਤੇ ਬਹਿਰ ਤਾਂ ਇਸ ਕਵਿਤਾ ਦੇ ਬਹੁਤ ਹੀ ਢਿੱਲੇ ਤੇ ਕਿੱਤੇ-ਕਿੱਤੇ ਕੋਹਜੇ ਹਨ। ਅੱਡ ਅੱਡ ਇਲਾਕੇ ਦੀਆਂ ਸੁੰਦਰ ਯੁਵਤੀਆਂ ਦਾ ਬਿਆਨ ਬੜੇ ਰੁਮਾਂਟਿਕ ਤੇ ਰੋਚਕ ਢੰਗ ਨਾਲ ਕੀਤਾ ਗਿਆ ਹੈ। ਇਸ ਵਿਚ ਇਸ਼ਕ ਹਕੀਕੀ ਤੇ ਇਸ਼ਕ ਮਿਜਾਜ਼ੀ ਦੋਵੇਂ ਰੰਗ ਮਿਲ ਗਏ ਹਨ।

**ਸੱਯਦ ਗੁਲਾਮ ਕਾਦਿਰਸ਼ਾਹ** : ਇਸ ਸੂਫੀ ਕਵੀ ਦਾ ਜਨਮ ਬਟਾਲਾ ਸ਼ਹਿਰ ਵਿਚ ਸੰਨ 1707 ਹਿ. ਵਿਚ ਸੱਯਦ ਮੁਹੰਮਦ ਫਾਜਿਲ ਸ਼ਾਹ ਦੇ ਘਰ ਹੋਇਆ। ਇਸ ਦਾ ਪੂਰਾ ਨਾਂ ਸੱਯਦ ਗੁਲਾਮ ਕਾਦਿਰਸ਼ਾਹ ਸੀ ਅਤੇ ਉਪਨਾਮ ਵਜੋਂ ਇਹ ਗੁਲਾਮ ਲਿਖਦਾ ਹੁੰਦਾ ਸੀ। ਇਹ ਇਸਲਾਮ ਧਰਮ ਦੀਆਂ ਧਾਰਮਿਕ ਪੁਸਤਕਾਂ ਅਤੇ ਸਾਹਿਤ ਸੰਬੰਧੀ ਚੰਗਾ ਗਿਆਨ ਰੱਖਦਾ ਸੀ। ਇਸ ਨੇ ਫਾਜ਼ਲੀਆਂ ਦਰਬਾਰ ਦੇ ਵਿਦਵਾਨਾਂ ਪਾਸੋਂ ਵਿਦਿਆ ਪ੍ਰਾਪਤ ਕੀਤੀ ਅਤੇ ਫ਼ਾਰਸੀ ਤੋਂ ਇਲਾਵਾ ਉਰਦੂ ਵਿਚ ਰੱਖਤਾ ਸ਼ੈਲੀ ਦੀਆਂ ਕਵਿਤਾਵਾਂ ਵੀ ਲਿਖੀਆਂ। ਇਹ ਹੁਣ ਤਕ ਇਕ ਗੁਮਨਾਮ ਕਵੀ ਹੀ ਰਿਹਾ ਕਿਉਂਕਿ ਮੌਲਾਂ ਬਖਸ਼ ਕੁਸ਼ਤਾਂ ਤੋਂ ਬਿਨਾਂ ਸਾਹਿਤ ਦੇ ਹੋਰ ਕਿਸੇ ਇਤਿਹਾਸਕਾਰ

ਨੇ ਇਸ ਸੰਬੰਧੀ ਕੋਈ ਚਾਨਣਾ ਨਹੀਂ ਪਾਇਆ। ਇਸ ਕਵੀ ਬਾਰੇ ਆਪਣੀ ਰਚਨਾ 'ਰਸਾਲਾ ਜਾਤੁਲਹਾਜ' ਵਿਚ ਮੌਲਵੀ ਗੁਲਾਮ ਮੁਹੱਈਉਦੀਨ ਕਸੂਰ ਨੇ ਇੰਜ ਸੰਕੇਤ ਕੀਤਾ ਹੈ ;

ਇਕ ਹਾਜੀ ਮਰਦ ਗੁਲਾਮ ਕਾਦਿਰ ਆਹੇ ਭੈਣੀ ਦਾ ਵਸਨੀਕੀ।

ਦੋਸਤ ਕਦੀਮੀ ਤਬਾਅ ਕਰੀਮੀ ਸਾਲਿਹ ਖੁਸ਼ ਵਸਨੀਕੀ। ਇਕ ਆਸੀ ਨੂੰ ਬਹੁਤ ਤਾਕੀਦਾ ਕਰਦੇ ਨਾਲ ਸ਼ਤਾਬੀ।

ਜ਼ਿਕਰ ਮਨਾਸਿਕ ਹਜ ਦਾ ਕਰ ਤੂੰ ਵਿਚ ਜਬਾਨ ਪੰਜਾਬੀ।

ਇਸ ਸੂਫੀ ਕਵੀ ਦੀਆਂ ਰਚਨਾਵਾਂ-ਮਸਨਵੀ ਰਮਜੂਲ ਇਸ਼ਕ, ਸੀਹਰਫੀ, ਗਜ਼ਲਾਂ ਅਤੇ ਸਾਂਝਾ ਨੂੰ ਜਵਾਹਾਰ ਤਸਵੁੱਫ ਦੇ ਨਾਂ ਅਧੀਨ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਦੀ ਬੋਲੀ ਕੇਂਦਰੀ ਪੰਜਾਬੀ ਹੈ ਪਰ ਅਰਬੀ, ਫਾਰਸੀ ਦੇ ਪ੍ਰਭਾਵ ਤੋਂ ਮੁਕਤ ਨਹੀਂ। ਆਪਣੀ ਸੀਹਰਫੀ ਵਿਦ ਕਵੀ ਨੇ ਆਪਣੇ ਪੀਰ ਫਾਜ਼ਿਲ ਸ਼ਾਹ ਦੀ ਉਸਤਤ ਗਾਈ ਹੈ :

ਆਇ ਕੇ ਸ਼ਾਹ ਬਗਦਾਦ ਜੀ ਨੇ, ਮੇਰੇ ਡਿਗੰੜੇ ਰਾਹ ਆਸਾਨ ਕੀਤੇ।
ਸਾਰੇ ਵਹਿਮ ਖਿਆਲ ਉਠਾ ਦਿੱਤੇ, ਪਾਸ ਬੈਠ ਕੇ ਭੇਤ ਆਸਾਨ ਕੀਤੇ।
ਅੱਖੀਂ ਖੋਲ੍ਹ ਕੇ ਪੀਆ ਵਖਾ ਦਿੱਤਾ, ਸਭ ਰਾਜ ਨਿਹਾਂ ਅਯਾਂ ਕੀਤੇ।
ਘੋਲ ਘੋਲ ਘੱਤੀ ਫਾਜ਼ਲ ਸ਼ਾਹ ਉਤੋਂ ਜਿਹਦੇ ਵਾਸਤੇ ਏਡ ਅਹਿਸਾਨ ਕੀਤੇ।

ਹੇਠਲੇ ਸ਼ਲੋਕ ਵਿਚ ਚਿਤਰੀ ਰੱਬ ਸੰਬੰਧੀ ਬਾਬਾ ਫਰੀਦ ਦੀ ਪਰੰਪਰਾਗਤ ਸੂਫੀ ਭਾਵਨਾ :

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ। ਵਸੀ ਰਬ ਹਿਆਲੀਐ, ਜੰਗਲ ਕਿਆ ਢੂਢੇਹਿ।

ਨੂੰ ਕਵੀ ਨੇ ਆਪਣੀ ਸੀਹਰਫੀ ਵਿਚ ਬੜੀ ਸ਼ਪਸ਼ਟਤਾ ਨਾਲ ਇਸ ਪ੍ਰਕਾਰ ਪ੍ਰਗਟ ਕੀਤਾ ਹੈ :

ਗੈਨ-ਗੌਰ ਕਰੋ ਵਿਚ ਆਪਣੇ ਹੀ, ਯਾਰ ਵਿਚ ਤੁਸਾਡੜੇ ਵਸਦਾ ਏ।
ਤੁਸੀਂ ਜੰਗਲੀ ਜਾਇਕੇ ਢੂੰਢਦੇ ਓ, ਵਿਚ ਸੀਨੇ ਦੇ ਬੈਠਾ ਉਹ ਹਸਦਾ ਏ।
ਵਾਰ ਵਾਰ ਸੁਟੀ ਪੀਆ ਆਪਣੇ ਥੋਂ, ਰਾਹ ਆਪਣਾ ਆਪ ਹੀ ਦਸਦਾ ਹੈ।
ਮੈਂ ਤਾਂ ਵੇਖ ਲਿਆ ਤੁਸੀਂ ਵੇਖ ਲਇਓ, ਰੋਮ ਰੋਮ ਦੇ ਵਿਚ ਉਹ ਵਸਦਾ ਏ।

**ਫਰਦ ਫਕੀਰ** : (1720-1780) 1720 ਈ. (1116 ਹਿ.) ਵਿਚ ਫਰਦ ਫਕੀਰ ਦਾ ਜਨਮ ਗੁਜਰਾਤ (ਪੱਛਮੀ ਪੰਜਾਬ) ਵਿਚ ਹੋਇਆ। ਕਵੀ ਦੇ ਜੀਵਨ ਬਾਰੇ ਹੋਰ ਕੋਈ ਖਾਸ ਵਾਕਫੀ ਨਹੀਂ

ਮਿਲਦੀ। ਇਹ ਬਾਬਾ ਫਰੀਦ ਦੀ ਪਰੰਪਰਾ ਵਿਚ ਸ਼ਰੀਅਤ ਦੀ ਕਠੋਰਤਾ ਪੂਰਵਕ ਪਾਬੰਦੀ ਅਪਣਾਉਣ ਵਾਲਾ ਸੂਫੀ ਹੈ। ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਵਰਗੀ ਮਸਤੀ ਅਤੇ ਉਦਾਰਤਾ ਇਸ ਦੇ ਹਿੱਸੇ ਨਹੀਂ ਆਈ। ਇਸ ਨੇ ਲੋਕਾਂ ਨੂੰ ਇਸਲਾਮ ਦੀ ਤਾਲੀਮ ਦੇਣਾ ਅਤੇ ਅਰਬੀ ਫ਼ਾਰਸੀ ਪੜ੍ਹਾਉਣਾ ਆਪਣਾ ਸ਼ੁਗਲ ਬਣਾਇਆ ਹੋਇਆ ਸੀ, ਪਰ ਆਮ ਕਟੜਪੰਥੀ ਸੁੱਲਿਆ ਵਾਂਗ ਇਹ ਨਹੀਂ ਸੀ। ਇਸ ਦੀਆਂ ਕਈ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਰੋਸ਼ਨ ਦਿਲ, ਕਸਬਨਾਮਾ ਬਾਫਿੰਦਗਾ, ਬਾਰਾਮਾਹ, ਸ਼ੀਹਰਫੀ ਆਦਿ ਵਿਸ਼ੇਸ਼ ਪ੍ਰਸਿੱਧ ਹਨ।

'ਰੋਸ਼ਨ-ਦਿਲ' ਨਾਂ ਦੀ ਪੁਸਤਕ ਵਿਚ ਮੁਸਲਮਾਨਾਂ ਦੀ ਰਹਿਤ ਮਰਯਾਦਾ ਦਾ ਵਿਵਰਣ ਦਿੱਤਾ ਹੈ ਅਤੇ ਇਹ ਹੁਣ ਤੱਕ ਇਸਲਾਮੀ ਮਦਰਸਿਆਂ ਵਿਚ ਪੜ੍ਹਾਈ ਜਾਂਦੀ ਰਹੀ ਹੈ। 'ਕਸਬਨਾਮਾ ਬਾਫਿੰਦਗਾ' ਵਿਚ ਕਵੀ ਨੇ ਇਕ ਜੁਲਾਹੇ ਦੇ ਰੂਪਕ ਰਾਹੀਂ ਸੂਫੀ ਮਤ ਦੇ ਮਸਲਿਆਂ ਨੂੰ ਦਰਜ ਕੀਤਾ ਹੈ। ਇਸ ਪੁਸਤਕ ਨੂੰ ਪੰਜਾਬ ਦੇ ਸੂਫੀਆਂ ਵਿਚ 'ਮਾਰਫਤ ਦਾ ਦਰਿਆ' ਕਹਿ ਕੇ ਬੜਾ ਆਦਰ ਦਿੱਤਾ ਹੈ। ਇਸ ਨੂੰ ਉਸ ਵਕਤ ਦੇ ਹਾਕਮਾਂ ਪ੍ਰਤਿ ਵੱਡਾ ਰੋਸ਼ ਇਹ ਸੀ ਕਿ ਉਹ ਬਹੁਤ ਜੁਲਮ ਕਰਦੇ ਸਨ ਜਬਰਨ ਵਿਗਾਰਾਂ ਲੈਂਦੇ ਅਤੇ ਗਰੀਬਾਂ ਦਾ ਲਹੂ ਚੂਸਦੇ ਸਨ। ਆਮ ਤੌਰ ਤੇ ਸੂਫੀ ਕਵੀਆਂ ਤੇ ਸਮਾਜ ਨੂੰ ਤਾਂ ਭੰਡਿਆ ਹੈ, ਪਰ ਵਕਤ ਦੀ ਸਰਕਾਰ ਵਿਰੁੱਧ ਆਵਾਜ ਨਹੀਂ ਉਠਾਈ। ਇਸ ਗਲੋਂ ਫਰਦ ਫਕੀਰ ਕਾਫੀ ਦਲੇਰ ਹੈ। ਉਹ ਨੇ ਪਹਿਲੀ ਵਾਰ ਪੰਜਾਬੀ ਸੂਫੀ ਕਵਿਤਾ ਵਿਚ ਮਜਲੂਮਾਂ ਅਤੇ ਪਦ-ਦਲਿਤਾਂ ਦੀ ਸਥਿਤੀ ਦਾ ਚਿਤਰਣ ਕਰਕੇ ਉਨ੍ਹਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ। ਉਸ ਦੀ ਨਿਸੰਗ ਆਲੋਚਨਾ ਦਾ ਇਕ ਨਮੂਨਾ ਵੇਖੋ:

ਹਾਕਮ ਹੋ ਕੇ ਬਹਿਣ ਗਲੀਚੇ, ਬਹੁਤਾ ਜੁਲਮ ਕਮਾਂਦੇ। ਮੇਹਨਤੀਆਂ ਨੂੰ ਕੰਮੀ ਆਖਣ, ਖੂਨ ਉਨ੍ਹਾਂ ਦੇ ਖਾਂਦੇ।

ਫੜ ਵਗਾਰੀ ਲੈ ਲੈ ਜਾਵਣ, ਖੌਫ ਕੁਦਾ ਦਾ ਨਾਹੀਂ।
ਫਰਦ ਫਕੀਰਾਂ ਦਰਦਮੰਦਾ ਦੀਆਂ ਇਕ ਇਕ ਪੈਸਣ ਆਹੀਂ।

ਫ਼ਰਦ ਫਕੀਰ ਨੇ ਆਪਣੀ ਸ਼ੀਹਰਫ਼ੀ ਵਿਚ ਧਾਰਮਿਕ ਕਰਮ ਕਾਂਡਾਂ ਅਤੇ ਪਾਖੰਡਾਂ ਦੀ ਬੜੀ ਸਖ਼ਤੀ ਨਾਲ ਆਲੋਚਨਾ ਕੀਤੀ ਹੈ। ਕੱਟੜ ਮੁਸਲਮਾਨ ਹੋਣ ਦੇ ਬਾਵਜੂਦ ਕਵੀ ਇਕ ਸੂਫੀ ਦਰਵੇਸ਼ ਹੈ। ਸੂਫ਼ੀ ਲੋਕ ਆਤਮਾ ਦੀ ਸ਼ੁੱਧੀ ਅਤੇ ਨੇਕ ਅਮਲਾਂ ਉਤੇ ਬਲ ਦਿੰਦੇ ਹਨ ਅਤੇ ਧਾਰਮਿਕ ਦਿਖਾਵੇ ਨਾਲ ਕੋਈ ਮਤਲਬ ਨਹੀਂ ਰੱਖਦੇ। ਫਰਦ ਫਕੀਰ ਖੁਲ੍ਹ ਕੇ ਅਜਿਹੇ ਵਿਖਾਵੇ ਦੀ ਨਿੰਦਿਆ ਕਰਦਾ ਹੋਇਆ ਸੱਚੇ ਧਰਮ ਦੀ ਸਥਾਪਨਾ ਉੱਤੇ ਬਲ ਦਿੰਦਾ ਹੈ ਕਿਉਂਕਿ ਅੰਤ ਵਿਚ ਰੱਬ ਨੂੰ ਲੇਖਾ ਦੇਣਾ ਪਵੇਗਾ :

ਸੁਣਾਏ ਖਲਕ ਨੂੰ ਕਰ ਕਰ ਮਸਲੇ ਜ਼ੋਰ।
ਲੋਕਾਂ ਦਏ ਨਸੀਅਤਾਂ, ਅੰਦਰ ਤੇਰੇ ਚੋਰ।
ਨੀਹ ਹੋਇਆ ਜੇ ਲੱਦਿਆ, ਗੱਧਾ ਕਿਤਾਬਾ ਨਾਲ।
ਫਰਦਾ ਲੇਖਾ ਲੈਸੀਆ ਰੱਬ, ਕਾਦਿਰ ਜੁਲ ਜਲਾਲ।

ਜ਼ਿਕਰ ਖੁਦਾਇ ਦਾ ਨਾ ਕਰ, ਜਾਹਿਰ ਖਲਕ ਖੁਦਾਇ।
ਅੰਦਰ ਕਰ ਤੂੰ ਬੰਦਗੀ ਬਾਹਿਰ ਪਰਦਾ ਪਾਇ।
ਮੁਲ ਨਾ ਵੇਚੀ ਇਲਮ ਨੂੰ ਨਾ ਕਰ ਕਿਸੇ ਸਵਾਲ।
ਫਰਦਾ ਲੇਖਾ ਲੈਸੀਆਂ ਰੱਬ, ਕਾਦਿਰ ਜੁਲ ਜਲਾਲ।

ਕਵੀ ਨੇ ਇਕ ਬਾਰਾਮਾਹ ਵੀ ਲਿਖਿਆ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਉਸ ਨੇ ਆਪਣੇ ਇੱਕ ਮਿੱਤਰ ਮਹਿਤਾਬ ਦੇ ਵਿਯੋਗ ਨੂੰ ਪ੍ਰਗਟ ਕਰਨ ਲਈ ਲਿਖਿਆ ਸੀ। ਹਰ ਇਕ ਮਹੀਨੇ ਵਿਚ ਤਿੰਨ ਤਿੰਨ ਸਿਅਰਾਂ ਦੇ ਚਾਰ ਚਾਰ ਬੰਦ ਲਿਖ ਕੇ ਇਸ ਨੇ ਬਿਰਹ ਅਤੇ ਸੋਜ ਦੀ ਭਾਵਨਾਂ ਦਾ ਬੜਾ ਸੁੰਦਰ ਪ੍ਰਗਟਾਵਾ ਕੀਤਾ ਹੈ।

ਫਰਦ ਫਕੀਰ ਦੇ ਵਿਚਾਰ ਧਾਰਮਿਕ ਤੰਗ-ਨਜਰੀ ਤੋਂ ਬਚ ਨਹੀਂ ਸਕੇ। ਉਂਜ ਤਾਂ ਬਾਬਾ ਫਰੀਦ ਨੇ ਵੀ ਸ਼ਰੀਅਤ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਬੜੀ ਕਠੋਰ ਸ਼ੈਲੀ ਵਿਚ ਤਾੜਿਆ ਹੈ, ਪਰ ਫਰਦ ਨੇ ਤਾਂ ਹੋਰਨਾਂ ਧਰਮਾਂ ਦੇ ਮੋਢੀਆਂ ਅਤੇ ਅਵਤਾਰਾਂ ਨੂੰ ਵੀ ਨਹੀਂ ਬਖਸ਼ਿਆ :

ਜਿਹੜੇ ਇਸਮ ਖੁਦਾਇ ਦੇ, ਲਿਖੇ ਅੰਦਰ ਨੱਸ।
ਉਨ੍ਹਾਂ ਨਾ ਭੁਲਾਵਾਣਾ, ਰਾਮ ਕ੍ਰਿਸਨ ਸਿਰ ਭੱਸ।

ਫਰਦ ਦੀ ਬੋਲੀ ਸਰਲ ਅਤੇ ਸਾਧਾਰਣ ਪੰਜਾਬੀ ਹੁੰਦੀ ਹੋਈ ਵੀ ਅਰਬੀ ਫਾਰਸੀ ਦੀ ਸ਼ਬਦਾਵਲੀ ਤੋਂ ਕਾਫੀ ਪ੍ਰਭਾਵਿਤ ਹੈ। ਕਾਫੀਆਂ ਵਿਚ ਬੰਦ ਦੀ ਅੰਤਿਮ ਪੰਕਤੀ ਸਭ ਥਾਈ ਬਾਰ-ਬਾਰ ਆਈ ਹੈ। ਕਵੀ ਦੇ ਕਥਨ ਵਿਚ ਦਲੇਰੀ, ਆਤਮਵਿਸ਼ਵਾਸ ਅਤੇ ਸੋਜ਼ ਦੀ ਰੰਗਤ ਬਹੁਤ ਹੈ। ਬਾਗ਼ੀ ਰੁਚੀਆਂ ਦੀ ਵੀ ਝਲਕ ਪੈਂਦੀ ਹੈ। ਪਰ ਸਭ ਨਾਲੋਂ ਵਧ ਮਹੱਤਵ ਇਸ ਦੀ ਪਾਖੰਡ ਖੰਡਨੀ ਸ਼ੈਲੀ ਦਾ ਹੈ ਜਿਸ ਰਾਹੀਂ ਉਸਨੇ ਪਰੰਪਾਰਾਗਤ ਸੰਪ੍ਰਦਾਇਕ ਬੰਧਨਾ ਨੂੰ ਤਿਆਗ ਕੇ ਖੁਲ੍ਹੀ ਹਵਾ ਵਿਚ ਸਾਹ ਲੈਣ ਲਈ ਪ੍ਰੇਰਣਾ ਦਿੱਤੀ ਹੈ :

ਕਲਾਮ ਖੁਦਾ ਤੇ ਵੀ, ਮੁਲਾਂ ਖੜ੍ਹਨ ਫਕੀਰ।
ਵਾਡ-ਬੋਲਣ ਝੂਠ ਤੇ ਖਾਣ ਹਰਾਮ, ਕਿਆ ਹੋਵੇ ਤਾਸੀਰ।

ਨਾਮ ਧਰਾਵਣ ਸ਼ੇਖ ਜੀ ਟੂਰਨ ਅਵੱਲੀ ਚਾਲ।
ਫਰਦ ਲੇਖਾ ਲੈਸੀਆਂ ਰੱਬ, ਕਾਦਿਰ ਜੁਲ ਜਲਾਲ।

**ਵਜੀਦ** (1650-1716) : ਮੌਲਾ ਬਖਸ਼ ਕੁਸ਼ਤਾ ਅਨੁਸਾਰ ਵਜੀਦ ਦਾ ਜਨਮ 1130 ਹਿਜਰੀ (1718 ਈ.) ਵਿਚ ਕਾਬਲ ਵਿਚ ਹੋਇਆ। ਇਹ ਜਾਤ ਦਾ ਪਠਾਣ ਮੁਸਲਮਾਨ ਸੀ। ਪਹਿਲਾਂ ਇਹ ਫ਼ੌਜ ਵਿਚ ਮੁਲਾਜਮ ਸੀ ਪਰ ਕਿਸੇ ਦਾਦੂ ਪਥੀਏ ਸਾਧ ਦੇ ਪ੍ਰਭਾਵ ਕਰਕੇ ਉਪਰਾਮ ਚਿੱਤ ਹੋ ਗਿਆ ਅਤੇ ਘਰ ਬਾਰ ਛੱਡ ਕੇ ਸਾਧਾ ਦੀ ਸੰਗਤ ਕਰਦਾ ਕਾਬਲ ਤੋਂ ਪਿਸ਼ਾਵਰ ਰਾਵਲਪਿੰਡੀ, ਜਿਹਲਮ, ਲਾਹੌਰ, ਅੰਮ੍ਰਿਤਸਰ ਹੁੰਦਿਆਂ ਹੋਇਆ ਮਥਰਾ ਜਾ ਪੁੱਜਾ। ਉਥੇ ਵੇਦਾਂਤ ਦਾ ਅਧਿਐਨ ਕਰਕੇ ਇਕ ਸ਼ਰਧਾਵਾਨ ਭਗਤ ਬਣ 'ਗਿਆ। ਫਿਰ ਪੰਜਾਬ ਆ ਗਿਆ। ਇਥੇ ਹੀ ਉਹ ਫਕੀਰੀ ਦਾ ਉਪਦੇਸ਼ ਦਿੰਦਿਆਂ ਪੰਜਾਬੀ ਵਿਚ ਕਵਿਤਾ ਕਰਨ ਲਗ ਪਿਆ। ਪਿਆਰਾ ਸਿੰਘ ਪਦਮ ਅਨੁਸਾਰ ਪਠਾਣ ਵਜੀਦ ਸ਼ਿਕਾਰ ਕਰਦਿਆਂ ਇਕ ਵਾਰ ਗਰਭਵਤੀ ਹਿਰਨੀ ਨੂੰ ਮਾਰ ਬੈਠਾ, ਉਸ ਦੇ ਪੇਟੋਂ ਡਿੱਗਿਆਂ ਬੱਚਿਆਂ ਨੂੰ ਤੜਪਦਿਆਂ ਦੇਖ ਕੇ ਉਸ ਦਾ ਮਨ ਬਦਲ ਗਿਆ, ਯੁੱਧ ਦਾ ਸਾਜ ਤਿਆਗ ਕੇ ਫਕੀਰ ਬਣ ਗਿਆ।

ਵਜੀਦ ਦੀਆਂ ਹਿੰਦੀ ਵਿਚ ਲਿਖੀਆਂ 14 ਪੁਸਤਕਾਂ ਦਸੀਆਂ ਜਾਂਦੀਆਂ ਹਨ। ਪਰ ਪੰਜਾਬੀ ਵਿਚ ਕੁਝ ਸ਼ਬਦ ਤੇ ਸ਼ਲੋਕ ਹਨ ਜਿਨ੍ਹਾਂ ਦੀ ਕੁਲ ਗਿਣਤੀ ਲਗਭਗ 77 ਦੱਸੀ ਜਾਂਦੀ ਹੈ। ਇਹ ਸਾਰੀ ਰਚਨਾ "ਬਾਬਾ ਵਜੀਦ" ਦੇ ਨਾਂ ਅਧੀਨ ਪ੍ਰਕਾਸ਼ਿਤ ਹੋ ਚੁੱਕੀ ਹੈ।

ਬਾਬਾ ਵਜੀਦ ਦੀ ਕਵਿਤਾ ਦਾ ਸਰਵ ਪ੍ਰਮੁੱਖ ਗੁਣ ਇਹ ਹੈ ਕਿ ਉਸ ਨੇ ਬੜੀ ਦ੍ਰਿੜਤਾ ਅਤੇ ਹਿੰਮਤ ਨਾਲ ਸਮਾਜ ਦੀ ਕਾਣੀ ਵੰਡ ਉਤੇ ਕਟਾਖ ਕੀਤਾ ਹੈ। ਨਾਲੇ ਵਾਸਵਿਕਤਾ ਤੋਂ ਭੁਲੇ ਲੋਕਾਂ ਨੂੰ ਵਿਅੰਗਮਈ ਸ਼ੈਲੀ ਵਿਚ ਸਹੀ ਹਾਲਤ ਦਾ ਬੋਧ ਕਰਾਇਆ ਹੈ ਇਸ ਨੂੰ ਸੰਸਾਰਿਕ ਵਖੇਵੇਂ ਬਹੁਤ ਅਖਰਦੇ ਹਨ। ਇਸ ਨੇ ਬਾਕੀ ਸੂਫੀਆਂ ਦੀ ਨਿਰੀ ਭਗਤੀ ਭਾਵਨਾਂ ਤੋਂ ਹੱਟ ਕੇ ਸਮਾਜ ਨੂੰ ਸੋਧਣ ਦਾ ਇਕ ਪ੍ਰਕਾਰ ਬੀੜਾ ਉਠਾ ਲਿਆ ਜਾਪਦਾ ਹੈ। ਵਿਅੰਗ ਅਤੇ ਕਟਾਖ ਦੇ ਕਾਰਣ ਇਸ ਦੀ ਰਚਨਾ ਵਿਚ ਨਿਮ੍ਹਾਂ ਨਿਮ੍ਹਾਂ ਰਾਗਰਸ ਵੀ ਮਿਲ ਜਾਂਦਾ ਹੈ। ਘਰੇਲੂ ਉਪਮਾਵਾਂ, ਪ੍ਰਤੀਕਾਂ ਅਤੇ ਬਿੰਬਾ ਰਾਹੀਂ ਕਵੀ ਨੇ ਆਪਣੀ ਕਥਨੀ ਨੂੰ ਬਹੁਤ ਬਲਵਾਨ ਬਣਾਇਆ ਹੈ। ਇਸ ਦਾ ਉਪਦੇਸ਼ ਚੂਕਿ ਜਨ-ਸਾਧਾਰਨ ਲਈ ਸੀ, ਇਸ ਲਈ ਬੋਲੀ ਵਿਚ ਕੋਈ ਨਿਖਾਰ ਨਹੀਂ, ਆਮ ਗੱਲਬਾਤੀ ਪੱਧਰ ਤੋਂ ਉੱਚਾ ਨਹੀਂ ਉੱਠਿਆ। ਕਿਤੇ ਕਿਤੇ ਇਸ ਨੇ ਹਿੰਦੂ ਅਤੇ ਇਸਲਾਮੀ ਮਿਥਿਹਾਸ ਤੋਂ ਵੀ ਹਵਾਲੇ ਦਿੱਤੇ ਹਨ। ਉੱਚੇ ਅਤੇ ਨੀਵੇਂ, ਦੁਖੀ ਅਤੇ ਸੁਖੀ, ਅਮੀਰ ਅਤੇ ਗਰੀਬ ਦਾ ਚਿਤਰਣ ਕਰਦਿਆਂ ਇਸ ਨੇ ਬੜੀ ਸੁੰਦਰ ਤੁਲਨਾ ਦੇ ਨਮੂਨੇ ਪੇਸ਼ ਕੀਤੇ ਹਨ, :

ਇਕਨਾ ਨੂੰ ਘਿਊ ਖੰਡ ਨਾ ਮੈਦਾ ਭਾਵਈ।
ਬਹੁਤੀ ਬਹੁਤੀ ਦੌਲਤ ਚਲੀ ਆਵਈ।
ਇਕਨਾ ਨੂੰ ਨਾ ਸਾਗ ਅਲੂਣਾ ਪੇਟ ਭਰ।
ਵਜੀਦਾ ਕੌਣ ਸਾਹਿਬ ਨੂੰ ਆਖੇ, ਇਓਂ ਨਹੀਂ ਇੰਜ ਕਰ।

**ਗੁਲਾਮ ਜੀਲਾਨੀ ਰੋਹਤਕੀ** : (1749-1819) ਇਹ ਚਿਸ਼ਤੀ ਕਾਦਰੀ ਸੰਪ੍ਰਦਾਇ ਦਾ ਸੂਫ਼ੀ ਸੀ। ਇਸ ਦਾ ਜਨਮ 1749 ਈ. ਵਿਚ ਸੱਯਦ ਬਦਰਦੀਨ ਚਿਸ਼ਤੀ ਕਾਦਰੀ ਦੇ ਘਰ ਹੋਇਆ। ਇਸ ਦੀ ਮੌਤ 1819 ਈ. ਵਿਚ ਹੋਈ। ਇਸ ਦੇ ਬਚਪਨ ਦਾ ਨਾਂ ਕੁਤਬਦੀਨ ਸੀ। ਨਿੱਕੇ ਹੁੰਦਿਆਂ ਮਾਂ ਦੇ ਮਰਣ ਪਿਛੋਂ ਇਹ ਆਪਣੇ ਮਾਮੇ ਪਾਸ ਚਲਾ ਗਿਆ। ਮਾਮੇ ਨੇ ਇਸ ਨੂੰ ਆਪਣਾ ਨਾਇਬ ਬਣਾ ਕੇ ਆਪਣੀ ਫ਼ੌਜ ਦਾ ਅਧਿਕਾਰੀ ਅਤੇ ਜਾਗੀਰਦਾਰ ਬਣਾ ਦਿੱਤਾ। ਪਰ ਇਸ ਦੀ ਰੁਚੀ ਬੰਦਗੀ ਵਲ ਸੀ। ਮਾਮੇ ਦੇ ਮਰਨ ਪਿਛੋਂ ਇਹ ਚਾਰ ਫ਼ੌਜੀ ਦਸਤਿਆਂ ਦਾ ਸਰਦਾਰ ਹੋ ਗਿਆ। ਪਰ ਆਪਣੀਆਂ ਫਕੀਰੀ ਰੁਚੀਆਂ ਦੀ ਤ੍ਰਿਪਤੀ ਪੂਰੀ ਨਾ ਹੁੰਦੀ ਵੇਖ ਕੇ ਅੰਤ ਇਹ ਸਭ ਕੁਝ ਛੱਡ ਕੇ ਆਪਣੇ ਪਿਤਾ ਪਾਸ ਆ ਗਿਆ। ਉਦੋਂ ਇਸ ਉੱਤੇ ਫਕੀਰੀ ਰੰਗ ਖ਼ੂਬ ਚੜ੍ਹਿਆ। ਸ਼ੇਖ ਫਰੀਦ ਵਾਂਗ ਚਿਲੇ ਕੱਟੇ, ਮੱਕੇ ਗਿਆ, ਕਰਬਲਾ ਦੀ ਯਾਤਰਾ ਕੀਤੀ। ਇਸ ਦੇ ਮੁਰਸ਼ਦ ਦਾ ਨਾਂ ਬਦਰਦੀਨ ਸੀ। ਇਸ ਦੀ ਆਪਣੀ ਜਬਾਨੀ ਜੀਵਨ ਬਾਰੇ ਝਲਕੀ ਇਸ ਪ੍ਰਕਾਰ ਹੈ :

ਕੁਤਬਿ ਜਮਾ ਮਕਬੂਲਿ ਖੁਦਾ ਕੇ ਸ਼ਾਹ ਗੁਲਾਮ ਜੀਲਾਤੀ। ਅਮੀਰੀ ਛੋਡ ਫਕੀਰੀ ਲੀਨੀ ਜੁਹਦ ਕੀਆ ਲਾਸਾਨੀ। ਬਾਰਾਂਬਰਸ ਤਕ ਨਾਜ ਨਾ ਖਾਇਆ ਜਿਸਮ ਹੁਆ ਨੁਰਾਨੀ। ਮਕਾ ਮਦੀਨਾ ਜਿਆਰਤ ਕਰ ਕੇ ਕੁਤਬ ਮਿਲਾ ਯਜਦਾਨੀ। ਸਹਰ ਸਵਾਲ ਰਾਤ ਸਤਰਹਵੀਂ ਵਾਸਿਲ ਹੋਏ ਸੁਬਹਾਨੀ। ਗਿਆਸ ਦੀਨ ਹੈ ਖਾਦਿਮ ਉਨ ਕਾ ਮੁਸ਼ਕਿਲ ਹੋ ਆਸਾਨੀ।

ਇਸ ਦੀਆਂ ਰਚਨਾਵਾਂ ਵਿਚੋਂ ਪ੍ਰਮੁਖਤਾ 'ਚੌਪਈਆਂ' ਜਾਂ 'ਚੋਬਰਗਿਆ' ਦੀ ਹੈ ਜਿਸ ਵਿਚ ਕਵੀ ਨੇ ਇਸ਼ਕ ਦੀ ਲੋੜ ਤੋਂ ਭਗਤੀ, ਦਰਸ਼ਨ, ਯੋਗ ਆਦਿ ਸਾਧਨਾ ਸੰਬੰਧੀ ਪੱਖਾਂ ਉਤੇ ਪ੍ਰਕਾਸ਼ ਪਾਇਆ ਹੈ। ਇਸ ਵਿਚ ਮਧਯੁੱਗ ਦੀ ਭਗਤੀ ਭਾਵਨਾ ਦਾ ਬਹੁਤ ਅਸਰ ਹੈ। ਬੋਲੀ ਉਤੇ ਵੀ ਹਿੰਦਵੀ ਦੀ ਰੰਗਤ ਕਾਫੀ ਉਘੜ ਆਈ ਹੈ। ਸ਼ੈਲੀ ਵੀ ਵੈਰਾਗਮਈ ਸੰਤ ਕਾਵਿ ਵਾਲੀ ਹੈ, ਜਿਵੇਂ :

ਇਸ ਜਗ ਆਏ ਗੁਦਾਏ ਕੇਸ।
ਭੂਲ ਗਏ ਸਭ ਘਰ ਅਰ ਦੇਸ।
ਹਮ ਜਾਨਾ ਕਿਛ ਹਮ ਨੇ ਪਾਇਆ।
ਲਾਹੇ ਕਾਰਨ ਮੂਲ ਗਵਾਇਆ।

ਉਪਰੋਕਤ ਸੂਫੀ ਕਵੀਆਂ ਤੋਂ ਛੁਟ ਕੁਝ ਹੋਰ ਸੂਫੀ ਕਵੀ ਵੀ ਹਨ ਜਿਨ੍ਹਾਂ ਦਾ ਨਾਂ-ਮਾਤਰ ਜ਼ਿਕਰ ਇਥੇ ਕਰ ਦੇਣਾ ਕਾਫੀ ਹੈ ਜਿਵੇਂ ਸਚਲ, ਹਬੀਬ, ਸ਼ਾਹ ਮੁਰਾਦ, ਜਾਨਾ, ਬਖਸ਼, ਮਿਸ਼ਕੀ, ਰਸ਼ੀਦ ਆਦਿ। ਇਨ੍ਹਾਂ ਦੇ ਕਲਾਮ ਵਿਚ ਸੂਫੀ ਰੰਗ ਮੌਜੂਦ ਹੈ। ਇਨ੍ਹਾਂ ਨੇ ਆਪਣੀ ਭਾਵਨਾ ਦਾ ਪ੍ਰਗਟਾਵਾ ਕਾਫੀਆਂ, ਬਾਰਾਮਾਹਾਂ, ਸ਼ੀਹਰਫੀਆਂ ਅਤੇ ਸਾਂਝਾ ਰਾਹੀਂ ਕਰਕੇ ਪੰਜਾਬੀ ਸੂਫੀ ਕਵਿਤਾ ਦਾ ਖਜਾਨਾ ਭਰਪੂਰ ਕੀਤਾ ਹੈ।

ਸੂਫੀਆਂ ਸੰਬੰਧੀ ਇਸ ਵਿਸ਼ਲੇਸ਼ਣ ਤੋਂ ਬਾਅਦ ਸਹਿਜੇ ਹੀ ਇਸ ਨਿਰਣੇ ਉਤੇ ਪੁਜਿਆ ਜਾ ਸਕਦਾ ਹੈ ਕਿ ਇਸ ਸਦੀ ਵਿਚ ਸੂਫੀਆਂ ਦੇ ਦੋ ਵਰਗ ਸਨ-ਇਕ ਉਹ ਜੋ ਬਾਬਾ ਫਰੀਦ ਵਾਂਗ ਸ਼ਰੀਅਤ ਵਿਚ ਪੂਰਣ ਵਿਸ਼ਵਾਸ਼ ਰੱਖ ਕੇ ਇਸ਼ਕ ਦੀ ਗੱਲ ਨੂੰ ਅਗੇ ਤੋਰਦੇ ਸਨ। ਦੂਜੇ ਉਹ ਜੋ ਸ਼ਾਹ ਹੁਸੈਨ ਵਾਂਗ ਖੁਲ੍ਹੇ ਖੁਲਾਸੇ, ਸ਼ਰੀਅਤ ਦੇ ਕਰਮ ਕਾਂਡੀ ਰੂਪ ਤੋਂ ਬਾਗੀ ਸਨ। ਇਹਨਾਂ ਸਾਰੇ ਸੂਫੀਆਂ ਨੇ ਕਾਫੀ ਕਾਵਿ ਰੂਪ ਨੂੰ ਅਧਿਕ ਅਪਣਾਇਆ ਪਰ ਬਾਰਾਮਾਹ, ਸਤਵਾਰੇ ਆਦਿ ਲੋਕ ਕਾਵਿ-ਰੂਪਾਂ ਨੂੰ ਵੀ ਰਜ ਕੇ ਵਰਤਿਆ। ਇਨ੍ਹਾਂ ਦੀ ਬੋਲੀ ਸਹਿਜੇ-ਸਹਿਜੇ ਲਹਿੰਦੀ ਤੋਂ ਕੇਂਦਰੀ ਪੰਜਾਬੀ ਵੱਲ ਝੁਕਦੀ ਗਈ ਪਰ ਅਰਬੀ ਫਾਰਸੀ ਦਾ ਪ੍ਰਭਾਵ ਬਣਿਆ ਰਿਹਾ।

### 2.5 Glossary (ਔਖੇ ਸ਼ਬਦਾਂ ਦੇ ਅਰਥ)

ਮੁੱਢ-ਸ਼ੁਰੂ, ਬਝਦਾ-ਹੁੰਦਾ, ਪ੍ਰਚਲਿਤ-ਆਮ ਜਿਹਾ, ਮੌਜੂਦਾ-ਵਰਤਮਾਨ ਸਮੇਂ ਦਾ, ਪ੍ਰਮਾਨ-ਹਵਾਲਾ।

### 2.6 SAQ/CYP/Possible (ਵਸਤੂਨਿਸ਼ਠ ਪ੍ਰਸ਼ਨੋਤਰੀ)

6. ਪੂਰਵ ਨਾਨਕ ਕਾਲ ਦਾ ਸਮਾਂ ਕਿਥੋਂ ਸੁਰੂ ਹੁੰਦਾ ਹੈ।
7. ਪੰਜਾਬੀ ਸਾਹਿਤ ਵਿਚ ਪਹਿਲਾ ਸੂਫੀ ਕੋਣ ਹੈ।
8. ਕਿਸ ਸੂਫੀ ਕਵੀ ਦੇ ਨਾਮ ਨਾਲ ਸ਼ਕਰਗੰਜ ਲਗਦਾ ਹੈ।
9. ਗੁਰੁ ਨਾਨਕ ਦੇਵ ਜੀ ਦਾ ਜਨਮ ਕਦੋ ਹੋਇਆ।
10. ਪੰਜਾਬੀ ਸਾਹਿਤ ਦੇ ਦੋ ਮਹਾਂਕਾਵਿ ਦੇ ਨਾਮ ਦਸੋ।

## 2.7 Lesson End Exercise, Examination Oriented Questions (ਅਭਿਆਸ ਅਰਥ ਪ੍ਰਸ਼ਨ)

1. ਵਾਰਿਸ ਕਾਲ ਦੇ ਸੂਫ਼ੀ ਸਾਹਿਤ ਬਾਰੇ ਚਰਚਾ ਕਰੋ।

2. ਬਾਬਾ ਫ਼ਰਦਿ ਜੀ ਦਾ ਪੰਜਾਬੀ ਸਾਹਿਤ ਵਿਚ ਯੋਗਦਾਨ ਦਸੋ।

## 2.8 Suggested Reading (ਸਹਾਇਕ ਪੁਸਤਕ ਸੂਚੀ)


1. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ , ਵਾਰਿਸ਼ ਸ਼ਾਹ ਫ਼ਾਊਨਡੇਸ਼ਨ ਅੰਮ੍ਰਿਤਸਰ, 2007
2. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ ,
3. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ ਲਾਹੋਰ ਬੁੱਕ ਲੁਧਿਆਣਾ, 2007